PRGI (RNI) Regd. N0.42998/1985

ਦਫਤਰ : 104, ਡੀ. ਐਸ. ਆਈ. ਡੀ. ਸੀ., ਓਖਲਾ ਇੰਡਸਟਰੀਅਲ ਏਰੀਆ, ਫੇਜ਼ 1 ਨਵੀਂ ਦਿੱਲੀ

ਫੋਨ : 41503144

ਫੈਕਸ-011-23353936

email:educatord@gmail.com

ਰੋਜ਼ਾਨਾ

www.dailyeducator.in

# ਐਜੂਕੇਟਰ

ਨਵੀਂ ਦਿੱਲੀ

ਕੁਲ ਪੇਜ/Total Pages : 8

Chief Editor : Harpreet Singh ਮੁੱਖ ਸੰਪਾਦਕ : ਹਰਪ੍ਰੀਤ ਸਿੰਘ

ਸਾਲ/YEAR 41

ਅੰਕ ਨੰ/Volume No.:110

ਬੁੱਧਵਾਰ, 22 ਅਪ੍ਰੈਲ 2026

Wednesday, 22 April 2026

ਮੁੱਲ : 2/- ਰੁਪਏ

Price-Rs. 2/-

THE DAILY EDUCATOR NEW DELHI

ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਤੋਂ ਛਪਣ ਵਾਲਾ ਪੰਜਾਬੀ ਦਾ ਪੁਰਾਣਾ ਤੇ ਪ੍ਰਸਿੱਧ ਅਖਬਾਰ

## ਬਿਹਾਰ ਦੇ ਨਵੇਂ ਮੁੱਖ ਮੰਤਰੀ ਸਮਰਾਟ ਚੌਧਰੀ ਵੱਲੋਂ ਮੋਦੀ ਨਾਲ ਮੁਲਾਕਾਤ, ਵਿਕਸਿਤ ਬਿਹਾਰ ਦੇ ਵਿਜ਼ਨ ਤੇ ਚਰਚਾ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਬਿਹਾਰ ਦੀ ਸਿਆਸਤ 'ਚ ਹੋਏ ਵੱਡੇ ਉਲਟਫੇਰ ਤੋਂ ਬਾਅਦ ਸੂਬੇ ਦੇ ਨਵੇਂ ਮੁੱਖ ਮੰਤਰੀ ਸਮਰਾਟ ਚੌਧਰੀ ਅੱਜ ਦਿੱਲੀ ਦੌਰੇ 'ਤੇ ਪਹੁੰਚੇ। ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਨੇ ਅੱਜ ਰਾਜਧਾਨੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇੱਕ ਅਹਿਮ



ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਮੁਲਾਕਾਤ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਸਾਂਝੀ ਕਰਦੇ ਹੋਏ ਸਮਰਾਟ ਚੌਧਰੀ ਨੇ ਦੱਸਿਆ ਕਿ ਉਨ੍ਹਾਂ ਨੇ 'ਵਿਕਸਿਤ ਭਾਰਤ' ਅਤੇ 'ਸਮਰੱਥ ਬਿਹਾਰ' ਦੇ ਵਿਜ਼ਨ 'ਤੇ ਪ੍ਰਧਾਨ ਮੰਤਰੀ ਤੋਂ ਮਾਰਗਦਰਸ਼ਨ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਸਨੇਹ ਅਤੇ ਸਹਿਯੋਗ ਬਿਹਾਰ ਦੀ ਪ੍ਰਗਤੀ ਨੂੰ ਨਵੀਂ ਗਤੀ ਪ੍ਰਦਾਨ ਕਰ ਰਿਹਾ ਹੈ।

ਆਪਣੇ ਦਿੱਲੀ ਦੌਰੇ ਦੌਰਾਨ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਅਤੇ ਬਿਹਾਰ ਇੰਚਾਰਜ ਸੰਸਦ ਮੈਂਬਰ ਵਿਨੋਦ ਤਾਵੜੇ ਵੀ ਮੌਜੂਦ ਸਨ। ਸਿਆਸੀ ਹਲਕਿਆਂ ਵਿੱਚ ਇਸ ਮੁਲਾਕਾਤ ਨੂੰ ਬਿਹਾਰ ਦੇ ਭਵਿੱਖੀ ਵਿਕਾਸ ਅਤੇ ਸੰਗਠਨਾਤਮਕ ਮਜ਼ਬੂਤੀ ਦੇ ਨਜ਼ਰੀਏ ਤੋਂ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਬਿਹਾਰ ਵਿੱਚ ਹਾਲ ਹੀ 'ਚ ਵੱਡਾ ਸਿਆਸੀ ਫੇਰਬਦਲ ਦੇਖਣ ਨੂੰ ਮਿਲਿਆ ਹੈ। ਨੀਤੀਸ਼ ਕੁਮਾਰ ਨੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਉਹ ਰਾਜ ਸਭਾ ਚਲੇ ਗਏ ਹਨ। ਇਸ ਤੋਂ ਬਾਅਦ ਸਮਰਾਟ ਚੌਧਰੀ ਨੂੰ ਬਿਹਾਰ ਦਾ ਨਵਾਂ ਮੁੱਖ ਮੰਤਰੀ ਬਣਾਇਆ ਗਿਆ ਹੈ। ਦੱਸ ਦੇਈਏ ਕਿ ਸਮਰਾਟ ਚੌਧਰੀ ਨੀਤੀਸ਼ ਕੁਮਾਰ ਦੇ ਕਾਰਜਕਾਲ ਦੌਰਾਨ ਡਿਪਟੀ ਸੀ. ਐੱਮ. ਵਜੋਂ ਸੇਵਾਵਾਂ ਨਿਭਾ ਰਹੇ ਸਨ।

## ਉੱਤਰੀ ਭਾਰਤ ਸਮੇਤ ਗੁਜਰਾਤ ਅਤੇ ਮਹਾਰਾਸ਼ਟਰ 'ਚ ਆਮ ਨਾਲੋਂ ਵੱਧ ਦਿਨਾਂ ਤੱਕ ਲੂ ਚੱਲਣ ਦੀ ਸੰਭਾਵਨਾ: ਮੌਸਮ ਵਿਭਾਗ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਭਾਰਤੀ ਮੌਸਮ ਵਿਗਿਆਨ ਵਿਭਾਗ (ਆਈਐਮਡੀ) ਦੇ ਇੱਕ ਸੀਨੀਅਰ ਅਧਿਕਾਰੀ ਨੇ ਸੋਮਵਾਰ ਨੂੰ ਕਿਹਾ ਕਿ ਇਸ ਸਾਲ ਸਿੰਧ-ਗੰਗਾ ਦੇ ਮੈਦਾਨੀ ਇਲਾਕਿਆਂ ਦੇ ਉੱਤਰੀ ਹਿੱਸੇ, ਪੂਰਬੀ ਤੱਟਵਰਤੀ ਰਾਜਾਂ, ਪੱਛਮੀ ਰਾਜਾਂ ਗੁਜਰਾਤ ਅਤੇ ਮਹਾਰਾਸ਼ਟਰ ਅਤੇ ਉਨ੍ਹਾਂ ਨਾਲ ਲੱਗਦੇ ਖੇਤਰਾਂ ਵਿੱਚ ਆਮ ਨਾਲੋਂ ਵੱਧ ਦਿਨਾਂ ਤੱਕ ਲੂ (ਹੀਟ ਵੇਵ) ਚੱਲਣ ਦੀ ਸੰਭਾਵਨਾ ਹੈ।



ਆਈਐਮਡੀ ਦੇ ਡਾਇਰੈਕਟਰ ਜਨਰਲ ਮ੍ਰਿਤੁੰਜੈ ਮਹਾਪਾਤਰਾ ਨੇ ਦੱਸਿਆ ਕਿ ਕੁਝ ਅਜਿਹੇ ਖੇਤਰ ਹਨ, ਜਿੱਥੇ ਮੌਸਮ ਦੇ ਨਜ਼ਰੀਏ ਤੋਂ ਹਰ ਸਾਲ ਬਹੁਤ ਜ਼ਿਆਦਾ ਗਰਮੀ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਨ੍ਹਾਂ ਇਲਾਕਿਆਂ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਉੱਪਰ ਜਾਣ ਦੀ ਸੰਭਾਵਨਾ ਹੈ, ਅਜਿਹਾ ਉਨ੍ਹਾਂ ਖੇਤਰਾਂ ਵਿੱਚ ਵੀ ਹੋ ਸਕਦਾ ਹੈ ਜਿੱਥੇ ਸ਼ਾਇਦ ਲੂ ਨਹੀਂ ਚੱਲਦੀ।

ਉਨ੍ਹਾਂ ਕਿਹਾ, "ਕੁਝ ਇਲਾਕੇ ਮੌਸਮ ਦੇ ਨਜ਼ਰੀਏ ਤੋਂ ਸੰਵੇਦਨਸ਼ੀਲ ਹਨ। ਉਦਾਹਰਣ ਵਜੋਂ ਮਹਾਰਾਸ਼ਟਰ ਦੇ ਵਿਦਰਭ ਖੇਤਰ ਵਿੱਚ ਸਾਲ ਦੇ ਇਸ ਸਮੇਂ ਆਮ ਤਾਪਮਾਨ 41 ਤੋਂ 42 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿੰਦਾ ਹੈ। ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿੱਚ ਮਈ ਆਉਣ ਤੱਕ ਆਮ ਤਾਪਮਾਨ 40 ਤੋਂ 44 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ।" ਮਹਾਪਾਤਰਾ ਨੇ ਕਿਹਾ, "ਇਸ ਲਈ ਸਾਨੂੰ ਅਜਿਹੇ ਵੱਧ ਤਾਪਮਾਨ ਵਾਲੇ ਦਿਨਾਂ ਲਈ ਤਿਆਰ ਰਹਿਣਾ ਚਾਹੀਦਾ ਹੈ। ਜਿਹੜੇ ਲੋਕਾਂ ਦੇ ਮੌਸਮ ਦੀ ਮਾਰ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਣ ਦਾ ਖਤਰਾ ਹੈ, ਉਨ੍ਹਾਂ ਦੀ ਮਦਦ ਲਈ ਆਈ ਐਮ ਡੀ ਵੱਲੋਂ ਚੁੱਕੇ ਜਾ ਰਹੇ ਕਦਮਾਂ ਬਾਰੇ ਪੁੱਛੇ ਜਾਣ 'ਤੇ ਮਹਾਪਾਤਰਾ ਨੇ ਕਿਹਾ ਕਿ ਵਿਭਾਗ ਨੇ ਰੇਹੜੀ-ਫੜੀ ਵਾਲਿਆਂ ਅਤੇ ਖੇਤਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਸਮੇਤ ਖੁੱਲ੍ਹੇ ਵਿੱਚ ਰਹਿਣ ਵਾਲੇ ਲੋਕਾਂ ਤੱਕ ਜਾਣਕਾਰੀ ਪਹੁੰਚਾਉਣ ਲਈ 'ਵਟਸਐਪ' ਗਰੁੱਪ ਬਣਾਏ ਹਨ। ਇਸ ਤੋਂ ਇਲਾਵਾ ਸੂਚਨਾ ਬੋਰਡ ਵੀ ਲਗਾਏ ਗਏ ਹਨ, ਜਿਨ੍ਹਾਂ 'ਤੇ ਗਰਮੀ ਦੀ ਸਥਿਤੀ ਅਤੇ ਉਸ ਤੋਂ ਬਚਾਅ ਲਈ ਕੀਤੇ ਜਾਣ ਵਾਲੇ ਉਪਾਵਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ, "ਸਾਡਾ ਉਦੇਸ਼ ਹਰ ਵਿਅਕਤੀ ਤੱਕ ਪਹੁੰਚਣਾ ਅਤੇ ਮੌਸਮ ਸੰਬੰਧੀ ਆਈਐਮਡੀ ਦੇ ਪੂਰਵ ਅਨੁਮਾਨ ਦੀ ਜਾਣਕਾਰੀ ਉਪਲਬਧ ਕਰਵਾਉਣਾ ਹੈ। ਅਸੀਂ ਸਰਕਾਰ ਦੇ ਮਾਧਿਅਮਾਂ ਰਾਹੀਂ ਵੀ ਜਾਣਕਾਰੀ ਦਿੰਦੇ ਹਾਂ। ਇਨ੍ਹਾਂ ਵਿੱਚ ਕੌਮੀ ਆਫ਼ਤ ਪ੍ਰਬੰਧਨ ਅਥਾਰਟੀ (ਐੱਨਡੀਐੱਮਏ) ਦਾ ਸਾਂਝਾ ਚਿਤਾਵਨੀ ਪ੍ਰੋਟੋਕੋਲ (ਕਾਮਨ ਅਲਰਟ ਪ੍ਰੋਟੋਕੋਲ) ਵੀ ਸ਼ਾਮਲ ਹੈ, ਜਿਸ ਨਾਲ ਮੋਬਾਈਲ ਫ਼ੋਨ ਰੱਖਣ ਵਾਲਾ ਕੋਈ ਵੀ ਵਿਅਕਤੀ ਇਹ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ।" ਮਹਾਪਾਤਰਾ ਅਨੁਸਾਰ, ਹਰ ਸਾਲ ਖਾਸ ਕਰਕੇ ਅਪਰੈਲ ਅਤੇ ਮਈ ਅਤੇ ਮੌਨਸੂਨ ਤੋਂ ਪਹਿਲਾਂ ਜੂਨ ਵਿੱਚ ਤਾਪਮਾਨ ਵੱਧ ਰਹਿਣ ਦੀ ਸੰਭਾਵਨਾ ਰਹਿੰਦੀ ਹੈ ਪਰ ਸਾਲ-ਦਰ-ਸਾਲ ਇਸ ਵਿੱਚ ਕੁਝ ਅੰਤਰ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਤਾਪਮਾਨ ਵਿੱਚ ਸਾਲਾਨਾ ਅਤੇ ਰੋਜ਼ਾਨਾ ਹੋਣ ਵਾਲੇ ਉਤਾਰ-ਚੜ੍ਹਾਅ ਨਾਲ ਨਜਿੱਠਣ ਲਈ ਆਈਐਮਡੀ ਇੱਕ ਸੀਜ਼ਨ ਪਹਿਲਾਂ ਹੀ ਲੂ ਦਾ ਪੂਰਵ ਅਨੁਮਾਨ ਜਾਰੀ ਕਰਦਾ ਹੈ। ਪੂਰਵ ਅਨੁਮਾਨ ਅਨੁਸਾਰ ਅਪਰੈਲ ਤੋਂ ਜੂਨ ਦੇ ਵਿਚਕਾਰ ਕਈ ਥਾਵਾਂ 'ਤੇ ਲੂ ਦੀ ਸਥਿਤੀ ਬਣ ਸਕਦੀ ਹੈ। ਖਾਸ ਕਰਕੇ ਪੱਛਮੀ ਬੰਗਾਲ ਦੇ ਦੱਖਣੀ ਹਿੱਸਿਆਂ, ਉੜੀਸਾ, ਆਂਧਰਾ ਪ੍ਰਦੇਸ਼ ਅਤੇ ਉਨ੍ਹਾਂ ਨਾਲ ਲੱਗਦੇ ਛੱਤੀਸਗੜ੍ਹ ਅਤੇ ਤਿਲੰਗਾਨਾ ਵਰਗੇ ਪੂਰਬੀ ਖੇਤਰਾਂ ਵਿੱਚ ਇਸ ਦਾ ਜ਼ਿਆਦਾ ਅਸਰ ਰਹਿਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਕਿਹਾ ਕਿ ਲੂ ਦੀ ਸਥਿਤੀ ਸਿੰਧ-ਗੰਗਾ ਦੇ ਮੈਦਾਨੀ ਇਲਾਕਿਆਂ ਦੇ ਉੱਤਰੀ ਹਿੱਸੇ ਵਿੱਚ ਵੀ ਬਣ ਸਕਦੀ ਹੈ। ਇਨ੍ਹਾਂ ਵਿੱਚ ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ ਅਤੇ ਝਾਰਖੰਡ ਤੋਂ ਇਲਾਵਾ ਰਾਜਸਥਾਨ ਅਤੇ ਮੱਧ ਪ੍ਰਦੇਸ਼ ਦੇ ਦੱਖਣੀ ਹਿੱਸੇ, ਗੁਜਰਾਤ ਦੇ ਕੁਝ ਇਲਾਕੇ ਅਤੇ ਉੱਤਰੀ ਮਹਾਰਾਸ਼ਟਰ ਦੇ ਕੁਝ ਹਿੱਸੇ ਸ਼ਾਮਲ ਹਨ।

## ਅਮਰੀਕਾ ਤੇ ਈਰਾਨ ਵੱਲੋਂ ਪਾਕਿਸਤਾਨ 'ਚ ਦੂਜੇ ਦੌਰ ਦੀ ਹੋਣ ਵਾਲੀ ਗੱਲਬਾਤ ਵਿਚ ਸ਼ਾਮਲ ਹੋਣ ਦੇ ਸੰਕੇਤ

ਵਾਸ਼ਿੰਗਟਨ, 21 ਅਪ੍ਰੈਲ (ਪ.ਪ) : ਅਮਰੀਕਾ ਅਤੇ ਈਰਾਨ ਨੇ ਇਸਲਾਮਾਬਾਦ ਵਿੱਚ ਜੰਗਬੰਦੀ ਦੇ ਮਾਮਲੇ ਵਿਚ ਹੋਣ ਵਾਲੀ ਗੱਲਬਾਤ ਦੇ ਨਵੇਂ ਦੌਰ ਵਿੱਚ ਸ਼ਾਮਲ ਹੋਣ ਦਾ ਸੰਕੇਤ ਦਿੱਤਾ ਹੈ। ਇਹ ਖ਼ਬਰ ਅਜਿਹੇ ਸਮੇਂ ਆਈ ਹੈ ਜਦੋਂ ਖੇਤਰ ਵਿੱਚ ਤਣਾਅ ਨੂੰ ਘੱਟ ਕਰਨ ਲਈ ਕੌਮਾਂਤਰੀ ਪੱਧਰ 'ਤੇ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਡੋਨਲਡ ਟਰੰਪ ਦੀਆਂ ਚਿਤਾਵਨੀਆਂ ਅਤੇ ਲੈਬਨਾਨ ਵਿੱਚ ਚੱਲ ਰਹੇ ਟਕਰਾਅ ਦੇ ਵਿਚਾਲੇ ਇਨ੍ਹਾਂ ਦੋਵਾਂ ਦੇਸ਼ਾਂ ਦੇ ਆਗੂਆਂ ਦਾ ਇੱਕੋ ਮੰਚ 'ਤੇ ਆਉਣਾ ਸ਼ਾਂਤੀ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਇਹ ਜਾਣਕਾਰੀ ਦੋ ਖੇਤਰੀ ਅਧਿਕਾਰੀਆਂ ਨੇ ਐਸੋਸੀਏਟਡ ਪ੍ਰੈਸ ਨਾਲ ਸਾਂਝੀ ਕੀਤੀ ਹੈ।



ਅਧਿਕਾਰੀਆਂ ਅਨੁਸਾਰ, ਇਸ ਪ੍ਰਸਤਾਵਿਤ ਗੱਲਬਾਤ ਦਾ ਮੁੱਖ ਉਦੇਸ਼ ਹਿੰਸਾ ਨੂੰ ਰੋਕਣਾ ਅਤੇ ਖੇਤਰੀ ਸੁਰੱਖਿਆ ਨੂੰ ਬਹਾਲ ਕਰਨਾ ਹੈ। ਜੇਕਰ ਅਮਰੀਕਾ ਅਤੇ ਈਰਾਨ ਇਸ ਬੈਠਕ ਵਿੱਚ ਹਿੱਸਾ ਲੈਂਦੇ ਹਨ ਤਾਂ ਇਸ ਨਾਲ ਲੈਬਨਾਨ ਅਤੇ ਹੋਰ ਗੁਆਂਢੀ ਇਲਾਕਿਆਂ ਵਿੱਚ ਚੱਲ ਰਹੀ ਅਸਥਿਰਤਾ ਨੂੰ ਖ਼ਤਮ ਕਰਨ ਵਿੱਚ ਮਦਦ ਮਿਲ ਸਕਦੀ ਹੈ। ਹਾਲਾਂਕਿ, ਦੋਵਾਂ ਦੇਸ਼ਾਂ ਵੱਲੋਂ ਅਜੇ ਅਧਿਕਾਰਤ ਪੁਸ਼ਟੀ ਹੋਣੀ ਬਾਕੀ ਹੈ ਪਰ ਇਸਲਾਮਾਬਾਦ ਨੂੰ ਇਸ ਅਹਿਮ ਗੱਲਬਾਤ ਲਈ ਇੱਕ ਸੰਭਾਵੀ ਕੇਂਦਰ ਵਜੋਂ ਦੇਖਿਆ ਜਾ ਰਿਹਾ ਹੈ। ਈਰਾਨ ਵਿੱਚ ਲਗਪਗ 50 ਦਿਨਾਂ ਦੇ ਵਕਫ਼ੇ ਤੋਂ ਬਾਅਦ ਘਰੇਲੂ ਉਡਾਣ ਸੇਵਾਵਾਂ ਮੁੜ ਸ਼ੁਰੂ ਹੋਣ ਜਾ ਰਹੀਆਂ ਹਨ। ਜੰਗ ਦੇ ਹਾਲਾਤ ਅਤੇ ਇਜ਼ਰਾਈਲ-ਲੈਬਨਾਨ ਸਰਹੱਦ 'ਤੇ ਵਧਦੇ ਤਣਾਅ ਕਾਰਨ ਇਹ ਉਡਾਨਾਂ ਬੰਦ ਕੀਤੀਆਂ ਗਈਆਂ ਸਨ, ਜੋ ਹੁਣ ਬੁੱਧਵਾਰ ਤੋਂ ਮੁੜ ਬਹਾਲ ਹੋਣਗੀਆਂ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਚਿਤਾਵਨੀ ਦਿੱਤੀ ਗਈ ਹੈ।

ਘਰੇਲੂ ਉਡਾਨਾਂ ਦੀ ਸ਼ੁਰੂਆਤ ਤਹਿਰਾਨ ਤੋਂ ਮਸ਼ਹਦ ਰੂਟ 'ਤੇ ਕੀਤੀ ਜਾਵੇਗੀ ਅਤੇ ਉਸੇ ਦਿਨ ਦੋਵਾਂ ਪਾਸਿਆਂ ਦੀ ਆਵਾਜਾਈ ਸ਼ੁਰੂ ਹੋ ਜਾਵੇਗੀ। ਲੰਬੇ ਸਮੇਂ ਤੱਕ ਉਡਾਨਾਂ ਬੰਦ ਰਹਿਣ ਤੋਂ ਬਾਅਦ, ਈਰਾਨ ਸਰਕਾਰ ਦਾ ਇਹ ਕਦਮ ਦੇਸ਼ ਵਿੱਚ ਹਾਲਾਤ ਨੂੰ ਸਥਿਰ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਹਾਲਾਂਕਿ, ਲੈਬਨਾਨ ਵਿੱਚ ਚੱਲ ਰਹੇ ਟਕਰਾਅ ਅਤੇ ਕੌਮਾਂਤਰੀ ਦਬਾਅ ਕਾਰਨ ਸੁਰੱਖਿਆ ਏਜੰਸੀਆਂ ਅਜੇ ਵੀ ਪੂਰੀ ਤਰ੍ਹਾਂ ਚੌਕਸ ਹਨ।

## ਕੇਦਾਰਨਾਥ ਮੰਦਰ ਵਿੱਚ ਮੋਬਾਈਲ ਫ਼ੋਨ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ, ਨਿਯਮ ਤੋੜਨ ਵਾਲਿਆਂ ਵਿਰੁੱਧ ਹੋਵੇਗੀ ਕਾਨੂੰਨੀ ਕਾਰਵਾਈ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਕੇਦਾਰਨਾਥ ਮੰਦਰ ਪ੍ਰਬੰਧਕਾਂ ਨੇ ਮੰਦਰ ਦੀ ਪਵਿੱਤਰਤਾ ਅਤੇ ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਮੰਦਰ ਦੇ ਅੰਦਰ ਮੋਬਾਈਲ ਫੋਨ ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਮੰਦਰ ਕਮੇਟੀ ਦੇ ਮੈਂਬਰ ਵਿਨੀਤ ਪੋਸਤੀ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਕਿ ਮੰਦਰ ਦੇ ਅੰਦਰ ਮੋਬਾਈਲ ਲੈ ਕੇ ਜਾਣਾ, ਫੋਟੋਆਂ ਖਿੱਚਣੀਆਂ, ਵੀਡੀਓ ਬਣਾਉਣਾ ਜਾਂ ਰੀਲਾਂ ਰਿਕਾਰਡ ਕਰਨਾ ਸਖ਼ਤ ਮਨ੍ਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੋਈ ਵੀ ਸ਼ਰਧਾਲੂ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕਮੇਟੀ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਉਹ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਧਾਰਮਿਕ



ਮਰਿਆਦਾ ਬਣਾਈ ਰੱਖਣ ਤਾਂ ਜੋ ਹਰ ਕੋਈ ਸ਼ਾਂਤੀਪੂਰਨ ਤਰੀਕੇ ਨਾਲ ਦਰਸ਼ਨ ਕਰ ਸਕੇ। ਕੇਦਾਰਨਾਥ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਵਧਦੀ ਭੀੜ ਨੂੰ ਦੇਖਦਿਆਂ ਸਥਾਨਕ ਪੁਲਿਸ ਨੇ ਟਰੈਫਿਕ ਦੇ ਸੁਚਾਰੂ ਪ੍ਰਬੰਧਾਂ ਲਈ ਇੱਕ ਵਿਆਪਕ ਯੋਜਨਾ ਤਿਆਰ ਕੀਤੀ ਹੈ। ਅਧਿਕਾਰੀਆਂ ਅਨੁਸਾਰ ਕੌਮੀ ਮਾਰਗਾਂ ਤੋਂ ਲੈ ਕੇ ਸੰਪਰਕ ਸੜਕਾਂ ਤੱਕ ਟਰੈਫਿਕ ਵਿਵਸਥਾ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਯਾਤਰਾ ਦੌਰਾਨ ਜਾਮ ਦੀ ਸਥਿਤੀ ਪੈਦਾ ਨਾ ਹੋਵੇ। ਮੁੱਖ ਪੁਆਇੰਟਾਂ 'ਤੇ ਲੋੜੀਂਦੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ ਜੋ ਵਾਹਨਾਂ ਦੀ ਆਵਾਜਾਈ ਨੂੰ ਕੰਟਰੋਲ ਕਰਨਗੇ ਅਤੇ ਅਨੁਸ਼ਾਸਨ ਬਣਾਈ ਰੱਖਣਗੇ। ਇਸ ਤੋਂ ਇਲਾਵਾ ਵਾਹਨਾਂ ਦੇ ਦਬਾਅ ਨੂੰ ਘੱਟ ਕਰਨ ਲਈ ਯਾਤਰਾ ਮਾਰਗ 'ਤੇ ਪੱਕੇ ਅਤੇ ਕੱਚੇ ਪਾਰਕਿੰਗ ਸਥਾਨਾਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਮੰਦਰ ਵਿੱਚ ਤਾਇਨਾਤ ਅਧਿਕਾਰੀ ਨਿਯਮਾਂ ਦੀ ਪਾਲਣਾ 'ਤੇ ਨਜ਼ਰ ਰੱਖਣਗੇ ਅਤੇ ਪਾਬੰਦੀਸ਼ੁਦਾ ਖੇਤਰਾਂ ਵਿੱਚ ਮੋਬਾਈਲ ਮਿਲਣ 'ਤੇ ਉਨ੍ਹਾਂ ਨੂੰ ਜ਼ਬਤ ਵੀ ਕੀਤਾ ਜਾ ਸਕਦਾ ਹੈ। ਕਮੇਟੀ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਸ਼ਰਧਾਲੂ ਸੋਸ਼ਲ ਮੀਡੀਆ ਦੀਆਂ ਗਤੀਵਿਧੀਆਂ ਦੀ ਬਜਾਏ ਪੂਰੀ ਤਰ੍ਹਾਂ ਭਗਤੀ ਅਤੇ ਪੂਜਾ ਵੱਲ ਧਿਆਨ ਦੇ ਸਕਣਗੇ। ਕੇਦਾਰਨਾਥ ਵਿੱਚ ਲਗਾਈ ਗਈ ਇਹ ਪਾਬੰਦੀ ਪਿਛਲੇ ਦਿਨੀਂ ਮੰਦਰ ਦੇ ਅੰਦਰ ਵਾਇਰਲ ਹੋਈਆਂ ਵੀਡੀਓਜ਼ ਅਤੇ ਰੀਲਾਂ ਨੂੰ ਲੈ ਕੇ ਪੈਦਾ ਹੋਏ ਵਿਵਾਦਾਂ ਤੋਂ ਬਾਅਦ ਲਗਾਈ ਗਈ ਹੈ। ਧਾਰਮਿਕ ਆਗੂਆਂ ਨੇ ਵੀ ਇਸ ਫੈਸਲੇ ਦਾ ਸਮਰਥਨ ਕਰਦਿਆਂ ਇਸ ਨੂੰ ਦੇਸ਼ ਦੇ ਸਭ ਤੋਂ ਪਵਿੱਤਰ ਅਸਥਾਨਾਂ ਵਿੱਚੋਂ ਇੱਕ ਦੀ ਸ਼ਾਨ ਬਣਾਈ ਰੱਖਣ ਲਈ ਜ਼ਰੂਰੀ ਦੱਸਿਆ ਹੈ।

## ਪ੍ਰਧਾਨ ਮੰਤਰੀ ਮੋਦੀ ਖ਼ਿਲਾਫ਼ 18 ਅਪ੍ਰੈਲ ਦੇ ਭਾਸ਼ਣ ਨੂੰ ਲੈ ਕੇ ਵਿਸ਼ੇਸ਼ ਅਧਿਕਾਰ ਮਤਾ ਪੇਸ਼

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਪ੍ਰਧਾਨ ਮੰਤਰੀ ਦੇ 18 ਅਪ੍ਰੈਲ ਨੂੰ ਕੌਮ ਦੇ ਨਾਂ ਦਿੱਤੇ ਗਏ ਟੈਲੀਵਿਜ਼ਨ ਸੰਬੋਧਨ ਨੂੰ ਲੈ ਕੇ ਉਨ੍ਹਾਂ ਵਿਰੁੱਧ ਇੱਕ ਵਿਸ਼ੇਸ਼ ਅਧਿਕਾਰ ਮਤਾ ਪੇਸ਼ ਕੀਤਾ ਗਿਆ ਹੈ। ਕਾਂਗਰਸ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਮੈਂਬਰ ਕੇ.ਸੀ. ਵੇਣੂਗੋਪਾਲ ਨੇ ਦੋਸ਼ ਲਾਇਆ ਹੈ ਕਿ ਭਾਸ਼ਣ ਦੌਰਾਨ ਕੀਤੀਆਂ ਗਈਆਂ ਟਿੱਪਣੀਆਂ ਸੰਸਦ ਮੈਂਬਰਾਂ ਦੇ ਇਰਾਦਿਆਂ 'ਤੇ ਸਵਾਲ ਚੁੱਕਣ ਅਤੇ ਸੰਸਦੀ ਵਿਸ਼ੇਸ਼ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੇ ਬਰਾਬਰ ਹਨ।



ਲੋਕ ਸਭਾ ਸਪੀਕਰ ਨੂੰ ਮੰਗਲਵਾਰ ਨੂੰ ਸੌਂਪੇ ਗਏ ਇੱਕ ਵਿਸਤ੍ਰਿਤ ਨੋਟਿਸ ਵਿੱਚ, ਵੇਣੂਗੋਪਾਲ (ਜੋ ਪਬਲਿਕ ਅਕਾਉਂਟਸ ਕਮੇਟੀ ਦੇ ਚੇਅਰਪਰਸਨ ਵੀ ਹਨ) ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਸੰਬੋਧਨ ਸਥਾਪਿਤ ਪਰੰਪਰਾਵਾਂ ਦੇ ਉਲਟ ਸੀ। ਇਹ ਸੰਬੋਧਨ ਉਦੋਂ ਦਿੱਤਾ ਗਿਆ ਜਦੋਂ ਸੰਵਿਧਾਨ (131ਵੀਂ ਸੋਧ) ਬਿੱਲ, 2026, ਸਦਨ ਵਿੱਚ ਲੋੜੀਂਦੀ ਬਹੁਮਤ ਹਾਸਲ ਕਰਨ ਵਿੱਚ ਅਸਫਲ ਰਿਹਾ।

ਵੇਣੂਗੋਪਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਦੇ ਮੈਂਬਰਾਂ ਦੇ ਵੋਟਿੰਗ ਤਰੀਕੇ 'ਤੇ ਸਿੱਧੀ ਟਿੱਪਣੀ ਕੀਤੀ ਅਤੇ ਉਨ੍ਹਾਂ ਦੇ ਇਰਾਦਿਆਂ 'ਤੇ ਸਵਾਲ ਚੁੱਕੇ। ਉਨ੍ਹਾਂ ਇਸ ਨੂੰ 'ਵਿਸ਼ੇਸ਼ ਅਧਿਕਾਰਾਂ ਦੀ ਗੰਭੀਰ ਉਲੰਘਣਾ ਅਤੇ ਸਦਨ ਦੀ ਮਾਣਹਾਨੀ' ਕਰਾਰ ਦਿੱਤਾ।

ਨੋਟਿਸ ਵਿੱਚ ਜ਼ੋਰ ਦਿੱਤਾ ਗਿਆ ਕਿ ਕੌਮ ਦੇ ਨਾਂ ਸੰਬੋਧਨ ਕੌਮੀ ਮਹੱਤਵ ਦੇ ਮੁੱਦਿਆਂ ਲਈ ਹੁੰਦਾ ਹੈ, ਨਾ ਕਿ ਸਿਆਸੀ ਆਲੋਚਨਾ ਲਈ। ਉਨ੍ਹਾਂ ਕਿਹਾ ਕਿ ਸੰਸਦ ਵਿੱਚ ਬਹੁਮਤ ਸਾਬਤ ਨਾ ਕਰ ਸਕਣ ਵਾਲੀ ਸਰਕਾਰ ਦੇ ਪ੍ਰਧਾਨ ਮੰਤਰੀ ਵੱਲੋਂ ਵਿਰੋਧੀ ਧਿਰ ਦੀ ਆਲੋਚਨਾ ਕਰਨਾ 'ਤਾਕਤ ਦੀ ਸ਼ਰੇਆਮ ਦੁਰਵਰਤੋਂ' ਹੈ।

ਵੇਣੂਗੋਪਾਲ ਨੇ ਸਪੱਸ਼ਟ ਕੀਤਾ ਕਿ ਵਿਰੋਧੀ ਧਿਰ ਨੇ 16 ਅਤੇ 17 ਅਪ੍ਰੈਲ ਨੂੰ ਇਸ ਬਿੱਲ ਦਾ ਵਿਰੋਧ ਇਸ ਦੀਆਂ ਕੁਝ ਵਿਵਸਥਾਵਾਂ (ਖਾਸ ਕਰਕੇ ਹੱਦਬੰਦੀ ਨਾਲ ਸਬੰਧਤ) ਕਾਰਨ ਕੀਤਾ ਸੀ। ਉਨ੍ਹਾਂ ਯਾਦ ਦਿਵਾਇਆ ਕਿ ਵਿਰੋਧੀ ਧਿਰ ਪਹਿਲਾਂ ਹੀ ਮਹਿਲਾ ਰਾਖਵੇਂਕਰਨ (106ਵੀਂ ਸੋਧ ਐਕਟ, 2023) ਦਾ ਸਮਰਥਨ ਕਰ ਚੁੱਕੀ ਹੈ। ਵੇਣੂਗੋਪਾਲ ਨੇ ਸਪੀਕਰ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਨੂੰ ਤੁਰੰਤ ਗੰਭੀਰਤਾ ਨਾਲ ਲਿਆ ਜਾਵੇ ਅਤੇ ਇਸ ਨੂੰ ਵਿਸ਼ੇਸ਼ ਅਧਿਕਾਰ ਕਮੇਟੀ ਕੋਲ ਜਾਂਚ ਲਈ ਭੇਜਿਆ ਜਾਵੇ।

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀ ਇਸ ਕਦਮ ਦਾ ਸਮਰਥਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਭਾਸ਼ਣ 'ਕੌਮੀ ਏਕਤਾ' ਦੀ ਬਜਾਏ ਪੱਖਪਾਤੀ ਸਿਆਸਤ ਨਾਲ ਭਰਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਬਿੱਲ ਦੀ ਹਾਰ ਤੋਂ ਬਾਅਦ ਪ੍ਰਧਾਨ ਮੰਤਰੀ ਦੀਆਂ ਇਹ ਟਿੱਪਣੀਆਂ ਉਨ੍ਹਾਂ ਦੇ ਰਿਕਾਰਡ 'ਤੇ 'ਸਥਾਈ ਦਾਗ' ਰਹਿਣਗੀਆਂ।

## ਪਾਕਿਸਤਾਨ ਨੇ ਭਾਰਤੀ ਹਵਾਈ ਕੰਪਨੀਆਂ 'ਤੇ ਲਗਾਈ ਪਾਬੰਦੀ 24 ਮਈ ਤੱਕ ਵਧਾਈ

ਇਸਲਾਮਾਬਾਦ, 21 ਅਪ੍ਰੈਲ (ਪ.ਪ) : ਪਾਕਿਸਤਾਨ ਨੇ ਆਪਣੇ ਹਵਾਈ ਖੇਤਰ ਵਿੱਚ ਭਾਰਤੀ ਜਹਾਜ਼ਾਂ ਦੇ ਦਾਖਲੇ 'ਤੇ ਲੱਗੀ ਪਾਬੰਦੀ ਨੂੰ ਮੰਗਲਵਾਰ ਨੂੰ 24 ਮਈ, 2026 ਤੱਕ ਵਧਾ ਦਿੱਤਾ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਖੇਤਰ ਵਿੱਚ ਪਹਿਲਾਂ ਹੀ ਕਾਫੀ ਤਣਾਅ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਨੇ ਇੱਕ-ਦੂਜੇ ਲਈ ਆਪਣੇ ਹਵਾਈ ਰਸਤੇ ਬੰਦ ਕਰ ਦਿੱਤੇ ਸਨ। ਪਾਕਿਸਤਾਨ ਦਾ ਹਵਾਈ ਖੇਤਰ 24 ਅਪਰੈਲ, 2025 ਤੋਂ ਭਾਰਤੀ ਜਹਾਜ਼ਾਂ ਲਈ ਬੰਦ ਹੈ, ਜਦਕਿ ਭਾਰਤ ਨੇ ਵੀ ਪਾਕਿਸਤਾਨੀ ਜਹਾਜ਼ਾਂ ਨੂੰ ਆਪਣੇ ਇਲਾਕੇ ਵਿੱਚ ਆਉਣ ਤੋਂ ਰੋਕਿਆ ਹੋਇਆ ਹੈ। ਪਾਕਿਸਤਾਨ ਹਵਾਈ ਅੱਡਾ ਅਥਾਰਟੀ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਨੋਟਿਸ (ਨੋਟਮ) ਅਨੁਸਾਰ ਕਿਸੇ ਵੀ ਭਾਰਤੀ ਵਪਾਰਕ ਜਾਂ ਫੌਜੀ ਜਹਾਜ਼ ਨੂੰ 24 ਮਈ, 2026 ਦੀ ਸਵੇਰ ਤੱਕ ਪਾਕਿਸਤਾਨੀ ਹਵਾਈ ਖੇਤਰ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਕੌਮਾਂਤਰੀ ਪੱਧਰ 'ਤੇ ਡੋਨਲਡ ਟਰੰਪ ਵੱਲੋਂ ਅਤਿਵਾਦ ਵਿਰੁੱਧ ਦਿੱਤੀ ਗਈ ਸਖ਼ਤ ਚਿਤਾਵਨੀ ਅਤੇ ਭਾਰਤ ਸਰਕਾਰ ਵੱਲੋਂ ਚੁੱਕੇ ਗਏ ਸੁਰੱਖਿਆ ਕਦਮਾਂ ਕਾਰਨ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਖਟਾਸ ਬਣੀ ਹੋਈ ਹੈ। ਪਾਕਿਸਤਾਨ ਵੱਲੋਂ ਲਗਾਈ ਗਈ ਇਸ ਪਾਬੰਦੀ ਨੂੰ ਹੁਣ ਲਗਪਗ ਇੱਕ ਸਾਲ ਹੋ ਗਿਆ ਹੈ, ਜਿਸ ਕਾਰਨ ਭਾਰਤੀ ਜਹਾਜ਼ਾਂ ਨੂੰ ਦੂਜੇ ਦੇਸ਼ਾਂ ਨੂੰ ਜਾਣ ਲਈ ਲੰਬੇ ਅਤੇ ਮਹਿੰਗੇ ਰਸਤੇ ਅਪਣਾਉਣੇ ਪੈ ਰਹੇ ਹਨ।ਇਹ ਪਾਬੰਦੀ ਅਸਲ ਵਿੱਚ ਪਹਿਲਗਾਮ ਹਮਲੇ ਤੋਂ ਬਾਅਦ ਲਗਾਈ ਗਈ ਸੀ ਜਿਸ ਵਿੱਚ 26 ਲੋਕਾਂ ਦੀ ਜਾਨ ਗਈ ਸੀ। ਭਾਰਤ ਨੇ ਵੀ ਪਾਕਿਸਤਾਨੀ ਜਹਾਜ਼ਾਂ 'ਤੇ ਲੱਗੀ ਰੋਕ ਨੂੰ ਅੱਗੇ ਵਧਾਉਣ ਦੇ ਸੰਕੇਤ ਦਿੱਤੇ ਹਨ। ਇਸ ਤੋਂ ਪਹਿਲਾਂ ਵੀ 1999 ਦੀ ਕਾਰਗਿਲ ਜੰਗ ਅਤੇ 2019 ਦੇ ਪੁਲਵਾਮਾ ਸੰਕਟ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਹਵਾਈ ਰਸਤੇ ਬੰਦ ਕੀਤੇ ਗਏ ਸਨ। ਇਸ ਦੇ ਨਾਲ ਹੀ ਈਰਾਨ ਅਤੇ ਲੈਬਨਾਨ ਵਿੱਚ ਚੱਲ ਰਹੇ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਹਵਾਈ ਸੁਰੱਖਿਆ ਨੂੰ ਲੈ ਕੇ ਪੂਰੀ ਦੁਨੀਆ ਵਿੱਚ ਚੌਕਸੀ ਵਰਤੀ ਜਾ ਰਹੀ ਹੈ।

## ਏਆਈਏਡੀਐਮਕੇ ਲੀਡਰਸ਼ਿਪ ਨੇ ਭਾਜਪਾ ਅੱਗੇ ਗੋਡੇ ਟੇਕੇ: ਰਾਹੁਲ ਗਾਂਧੀ

ਕੰਨਿਆਕੁਮਾਰੀ/ਥੂਥੂਕੁਡੀ (ਤਾਮਿਲਨਾਡੂ), 21 ਅਪ੍ਰੈਲ (ਪ.ਪ) : ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਅੰਨਾ ਡੀ ਐੱਮ ਕੇ ਦੀ ਲੀਡਰਸ਼ਿਪ ਨੇ ਆਪਣੇ ਭ੍ਰਿਸ਼ਟਾਚਾਰ ਕਾਰਨ ਭਾਜਪਾ ਅੱਗੇ ਗੋਡੇ ਟੇਕ ਦਿੱਤੇ ਹਨ। ਇਹ ਦਾਅਵਾ ਕਰਦੇ ਹੋਏ ਕਿ ਡੀ ਐੱਮ ਕੇ, ਕਾਂਗਰਸ ਅਤੇ ਉਨ੍ਹਾਂ ਦੇ ਸਹਿਯੋਗੀ ਤਾਮਿਲ ਭਾਸ਼ਾ, ਸਭਿਆਚਾਰ ਅਤੇ ਇਤਿਹਾਸ ਦੀ ਰੱਖਿਆ ਕਰ ਰਹੇ ਹਨ, ਗਾਂਧੀ ਨੇ ਕਿਹਾ, "ਉਹ (ਆਰ ਐੱਸ ਐੱਸ) ਵੀ ਜਾਣਦੇ ਹਨ ਕਿ ਤਾਮਿਲ ਲੋਕ ਉਨ੍ਹਾਂ ਨੂੰ ਚੁਣੌਤੀ ਦੇ ਸਕਦੇ ਹਨ।



ਫੈਡਰਲ ਸਿਧਾਂਤਾਂ 'ਤੇ ਜ਼ੋਰ ਦਿੰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਹਰੇਕ ਸੂਬੇ ਦੀ ਆਪਣੀ ਆਵਾਜ਼ ਅਤੇ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ, "ਹਰੇਕ ਸੂਬੇ ਦੇ ਲੋਕਾਂ ਨੂੰ ਆਪਣਾ ਰਾਜ ਖੁਦ ਚਲਾਉਣਾ ਚਾਹੀਦਾ ਹੈ ਪਰ ਭਾਜਪਾ ਅਜਿਹਾ ਨਹੀਂ ਸੋਚਦੀ। ਉਹ ਇੱਕ ਰਵਾਇਤ, ਇੱਕ ਭਾਸ਼ਾ ਅਤੇ ਇੱਕ ਇਤਿਹਾਸ ਵਿੱਚ ਵਿਸ਼ਵਾਸ ਰੱਖਦੀ ਹੈ।" ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਭਾਜਪਾ 'ਤੇ ਸੂਬਿਆਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਭਾਜਪਾ ਸੰਵਿਧਾਨ ਦੀ ਪਾਲਣਾ ਨਹੀਂ ਕਰਦੀ। ਇਸੇ ਦੌਰਾਨ ਕਾਂਗਰਸੀ ਆਗੂ ਨੇ ਥੂਥੂਕੁਡੀ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਈਰਾਨ ਵਿੱਚ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਇਜ਼ਰਾਈਲ ਦਾ ਦੌਰਾ ਕੀਤਾ ਸੀ।

## ਭਾਜਪਾ ਉਮੀਦਵਾਰ ਅਜੀਤ ਕੁਮਾਰ 'ਤੇ ਜਾਨਲੇਵਾ ਹਮਲਾ

ਕੋਲਕਾਤਾ, 21 ਅਪ੍ਰੈਲ (ਪ.ਪ) : ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਦੀ ਵੋਟਿੰਗ ਤੋਂ ਠੀਕ ਪਹਿਲਾਂ ਸਿਆਸੀ ਮਾਹੌਲ ਬੇਹੱਦ ਗਰਮਾ ਗਿਆ ਹੈ। ਮੰਗਲਵਾਰ ਨੂੰ ਪੱਛਮੀ ਮੇਦਿਨੀਪੁਰ ਜ਼ਿਲ੍ਹੇ ਦੇ ਦਾਂਤਨ ਇਲਾਕੇ ਵਿੱਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਜੀਤ ਕੁਮਾਰ ਜਾਨਾ 'ਤੇ ਜਾਨਲੇਵਾ ਹਮਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਹਿੰਸਕ ਝੜਪ ਵਿੱਚ ਭਾਜਪਾ ਦੇ ਕਈ ਵਰਕਰ ਅਤੇ ਸਮਰਥਕ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਦੱਸੇ ਜਾ ਰਹੇ ਹਨ।

## ਸੰਪਾਦਕੀ

# ਸਿਸਟਮ ਸੁਚਾਰੂ ਰੱਖਣ ਦੀ ਲੋੜ

ਹਾਈਵੇਅ ਦਾ ਨੈੱਟਵਰਕ ਅਤੇ ਵਧਦੇ ਟੋਲ ਪਲਾਜ਼ਿਆਂ, ਇਨ੍ਹਾਂ ਟੋਲ ਪਲਾਜ਼ਿਆਂ ’ਤੇ ਫਾਸਟੈਗ ਸਿਸਟਮ ਦਾ ਪੂਰਾ ਢਾਂਚਾ ਕਾਰਜਸ਼ੀਲ ਖਾਮੀਆਂ ਕਾਰਨ ਸਵਾਲਾਂ ਦੇ ਘੇਰੇ ਵਿੱਚ ਹੈ। ਸਰਕਾਰ ਨੇ 3,000 ਰੁਪਏ ਦੇ ਫਾਸਟੈਗ-ਅਧਾਰਤ ਸਾਲਾਨਾ ਪਾਸ ਦੀ ਯੋਜਨਾ ਦਾ ਐਲਾਨ ਕੀਤਾ ਹੈ ਅਤੇ ਦਾਅਵਾ ਕੀਤਾ ਹੈ ਕਿ ਇਸ ਨਾਲ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਤੋਂ ਮੁਕਤੀ ਮਿਲੇਗੀ। ਇਸ ਪਾਸ ’ਤੇ ਸਾਲ ਭਰ ਟੋਲ ਟੈਕਸ ਦੇਣ ਦੀ ਕੋਈ ਲੋੜ ਨਹੀਂ ਹੈ, ਪਰ ਸ਼ਰਤਾਂ ਵੀ ਲਗਾਈਆਂ ਗਈਆਂ ਹਨ। ਇਸ ਯੋਜਨਾ ਦੇ ਤਹਿਤ ਕੋਈ ਵੀ ਇੱਕ ਸਾਲ ਵਿੱਚ ਦੋ ਸੌ ਟ੍ਰਿਪ ਕਰ ਸਕਦਾ ਹੈ। ਇਹ ਯੋਜਨਾ ਸਿਰਫ ਰਾਸ਼ਟਰੀ ਰਾਜਮਾਰਗਾਂ ਅਤੇ ਉੱਤਰ-ਪੂਰਬ ਦੇ ਟੋਲ ਪਲਾਜ਼ਿਆਂ ’ਤੇ ਹੀ ਵੈਧ ਹੋਵੇਗੀ। ਇਹ ਨਵਾਂ ਪਾਸ ਰਾਜ ਮਾਰਗਾਂ ਦੇ ਅਧੀਨ ਟੋਲ ਪਲਾਜ਼ਿਆਂ ’ਤੇ ਕੰਮ ਨਹੀਂ ਕਰੇਗਾ। ਇਹ ਕੇਂਦਰ ਸਰਕਾਰ ਦੀ ਇੱਕ ਯੋਜਨਾ ਹੈ ਅਤੇ ਇਸ ਵਿੱਚ ਰਾਜਾਂ ਨੂੰ ਜੋੜਨ ਦੀ ਕਵਾਇਦ ਮੁਸ਼ਕਲ ਹੈ। ਇਸ ਲਈ ਢਾਂਚਾ ਤਿਆਰ ਕਰਨਾ ਆਸਾਨ ਨਹੀਂ ਹੋਵੇਗਾ। ਇਹ ਨਵੀਂ ਯੋਜਨਾ ਬਾਰੇ ਸੀ। ਦਰਅਸਲ, ਫਾਸਟੈਗ ਦੀ ਪੂਰੀ ਪ੍ਰਣਾਲੀ ਬਾਰੇ ਖਪਤਕਾਰਾਂ ਦੀਆਂ ਬਹੁਤ ਸਾਰੀਆਂ ਸ਼ਿਕਾਇਤਾਂ ਹਨ। ਉਨ੍ਹਾਂ ਸ਼ਿਕਾਇਤਾਂ ਨੂੰ ਨਾ ਤਾਂ ਕਿਤੇ ਸੁਣਿਆ ਜਾ ਰਿਹਾ ਹੈ ਅਤੇ ਨਾ ਹੀ ਕਿਸੇ ਵੀ ਪੱਧਰ ’ਤੇ ਚੀਜ਼ਾਂ ਨੂੰ ਠੀਕ ਕਰਨ ਦੀ ਕੋਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਮ ਖਪਤਕਾਰ ਨਤੀਜੇ ਭੁਗਤ ਰਿਹਾ ਹੈ। ਫਾਸਟੈਗ ਦੀ ਪੂਰੀ ਪ੍ਰਣਾਲੀ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਭਾਰੀ ਘਾਟ ਹੈ। ਇਸ ਲਈ ਨਾ ਤਾਂ ਕੋਈ ਨਿਯਮ ਹੈ ਅਤੇ ਨਾ ਹੀ ਕੋਈ ਰੈਗੂਲੇਟਰ। ਦੇਸ਼ ਵਿੱਚ 39 ਬੈਂਕਾਂ ਅਤੇ ਗੈਰ-ਬੈਂਕਿੰਗ ਵਿੱਤੀ ਕੰਪਨੀਆਂ ਨੂੰ ਫਾਸਟੈਗ ਜਾਰੀ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਕੀ ਇਹ ਲੋਕ ਆਪਣੀ ਜ਼ਿੰਮੇਵਾਰੀ ਨਿਭਾਉਣ ਦੇ ਯੋਗ ਹਨ? ਜਦੋਂ ਕੋਈ ਖਪਤਕਾਰ ਆਪਣੀ ਸਮੱਸਿਆ ਲੈ ਕੇ ਬੈਂਕ ਜਾਂਦਾ ਹੈ, ਤਾਂ ਉਸਨੂੰ ਇਹ ਕਹਿ ਕੇ ਮੋੜ ਦਿੱਤਾ ਜਾਂਦਾ ਹੈ ਕਿ ਕੰਮ ਕਿਸੇ ਤੀਜੀ ਧਿਰ ਕੋਲ ਹੈ। ਹੁਣ ਖਪਤਕਾਰ ਤੀਜੀ ਧਿਰ ਨੂੰ ਲੱਭਣ ਲਈ ਕਿੱਥੇ ਜਾਵੇਗਾ? ਖਰਾਬ ਹੋਏ ਫਾਸਟੈਗ ਸਟਿੱਕਰ, ਖਾਤੇ ਵਿੱਚੋਂ ਪੈਸੇ ਦੀ ਵਾਰ-ਵਾਰ ਕਟੌਤੀ, ਦੋਹਰਾ ਟੋਲ ਭੁਗਤਾਨ, ਸਰਵਰ ਗੜਬੜ ਵਰਗੀਆਂ ਖਾਮੀਆਂ ਦੀ ਜ਼ਿੰਮੇਵਾਰੀ ਕੌਣ ਲਵੇਗਾ? ਖਪਤਕਾਰ ਨੂੰ ਆਪਣੀਆਂ ਸਮੱਸਿਆਵਾਂ ਤੋਂ ਕਿਵੇਂ ਰਾਹਤ ਮਿਲੇਗੀ? ਸਰਕਾਰ ਦੇ ਟੋਲ ਵਸੂਲੀ ਦੇ ਅੰਕੜੇ ਵੱਧ ਰਹੇ ਹਨ। ਇਹ ਚੰਗੀ ਗੱਲ ਹੈ, ਪਰ ਖਪਤਕਾਰ ਜ਼ਰੂਰ ਚੰਗੀ ਸੇਵਾ ਦੀ ਉਮੀਦ ਕਰੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬੁਨਿਆਦੀ ਢਾਂਚਾ ਚੰਗਾ ਹੈ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਪਰ ਕੁਝ ਖਾਮੀਆਂ ਵੀ ਹਨ, ਜਿਸ ਕਾਰਨ ਆਮ ਖਪਤਕਾਰ ਪਰੇਸ਼ਾਨ ਹੋ ਰਿਹਾ ਹੈ। ਇਸ ਯੋਜਨਾ ਦਾ ਲਾਭ ਉਦੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜਦੋਂ ਸੜਕਾਂ ਚੰਗੀ ਹਾਲਤ ਵਿੱਚ ਹੋਣ ਅਤੇ ਲੋਕਾਂ ਨੂੰ ਆਪਣੀ ਯਾਤਰਾ ਵਿੱਚ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਪਰ ਹੈਰਾਨੀ ਦੀ ਗੱਲ ਹੈ ਕਿ ਫਾਸਟੈਗ ਸਿਸਟਮ ਤੋਂ ਪੰਜ ਹਜ਼ਾਰ ਕਰੋੜ ਦਾ ਮਾਲੀਆ ਇਕੱਠਾ ਕਰਨ ਵਾਲੀ ਕੰਪਨੀ ਕੋਲ ਕੋਈ ਦਫ਼ਤਰ ਨਹੀਂ ਹੈ, ਜਿੱਥੇ ਕੋਈ ਖਪਤਕਾਰ ਪਹੁੰਚ ਸਕੇ ਅਤੇ ਆਪਣੇ ਵਿਚਾਰ ਪ੍ਰਗਟ ਕਰ ਸਕੇ। ਟੋਲ ਪਲਾਜ਼ਿਆਂ ’ਤੇ ਲੋਕ ਦਿਖਾਈ ਦਿੰਦੇ ਹਨ, ਪਰ ਇਹ ਸਵਾਲ ਵੀ ਉੱਠਦੇ ਹਨ ਕਿ ਉਹ ਖਪਤਕਾਰਾਂ ਪ੍ਰਤੀ ਕਿੰਨੇ ਜ਼ਿੰਮੇਵਾਰ ਹਨ। ਉਨ੍ਹਾਂ ਲੋਕਾਂ ਲਈ ਜਟਿਲਤਾ ਵੱਧ ਜਾਂਦੀ ਹੈ ਜੋ ਪਹਿਲੀ ਵਾਰ ਫਾਸਟੈਗ ਲੈ ਰਹੇ ਹਨ ਜਾਂ ਜਿਨ੍ਹਾਂ ਕੋਲ ਇਸਦੀ ਪ੍ਰਕਿਰਿਆ ਬਾਰੇ ਸਹੀ ਜਾਣਕਾਰੀ ਨਹੀਂ ਹੈ। ਅਣਅਧਿਕਾਰਤ ਵਿਕਰੇਤਾ ਆਸਾਨੀ ਨਾਲ ਲੋਕਾਂ ਨੂੰ ਆਪਣੇ ਚੁੰਗਲ ਵਿੱਚ ਫਸਾ ਲੈਂਦੇ ਹਨ। ਅਜਿਹੇ ਲੋਕਾਂ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ? ਹਾਈਵੇਅ ਦਾ ਇੱਕ ਚਮਕਦਾਰ ਸਿਸਟਮ ਵਿਕਸਤ ਕਰਨਾ ਕਾਫ਼ੀ ਨਹੀਂ ਹੈ। ਹਾਈਵੇਅ ਦਾ ਸਿਸਟਮ ਉਦੋਂ ਹੀ ਮਜ਼ਬੂਤ ਕਹਾਇਆ ਜਾਵੇਗਾ ਜਦੋਂ ਵਰਤੋਂ ਲਈ ਇੱਕ ਸੁਚਾਰੂ ਸਿਸਟਮ ਹੋਵੇ, ਇੱਕ ਮਜ਼ਬੂਤ ਸਿਸਟਮ ਸਥਾਪਤ ਕੀਤਾ ਜਾਵੇ ਅਤੇ ਖਪਤਕਾਰਾਂ ਨੂੰ ਆਪਣੀ ਯਾਤਰਾ ਵਿੱਚ ਕੋਈ ਸਮੱਸਿਆ ਨਾ ਆਵੇ।

# ਆਖ਼ਿਰ ਪੰਜਾਬ ਨਸ਼ੇ ਦੇ ਦਾਗ਼ ਤੋਂ ਕਦੋਂ ਮੁਕਤ ਹੋਵੇਗਾ?

ਕੁੱਝ ਦਿਨ ਪਹਿਲਾਂ ਹੁਸ਼ਿਆਰਪੁਰ ਦੀ ਕੇਂਦਰੀ ਜੇਲ ਵਿੱਚੋਂ ਵੱਡੇ ਪੱਧਰ ਤੇ ਨਸ਼ੀਲੇ ਪਦਾਰਥਾਂ ਦੀ ਖੇਪ ਤੇ ਮੋਬਾਇਲ ਫੋਨਾਂ ਦੀ ਬਰਾਮਦਗੀ ਹੋਈ ਹੈ। ਮਾਣਯੋਗ ਪੰਜਾਬ ਹਰਿਆਣਾ ਹਾਈਕੋਰਟ ਨੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਅਤੇ ਕੈਦੀਆਂ ਵਿੱਚ ਵੱਧ ਰਿਹਾ ਨਸ਼ੇ ਦੇ ਰੁਝਾਨ ਦੀ ਸਰਕਾਰ ਸਾਹਮਣੇ ਪੋਲ ਖੋਲ ਕੇ ਰੱਖ ਦਿੱਤੀ ਹੈ। ਬਿਨਾਂ ਸ਼ੱਕ ਹਾਈ ਕੋਰਟ ਨੇ ਸਰਕਾਰ ਵਿਰੁੱਧ ਇਹ ਟਿੱਪਣੀ ਕੀਤੀ ਹੈ ਕਿ ਪੁਲਿਸ ਦੀ ਮਿਲੀ ਭੁਗਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਾਣਯੋਗ ਕੋਰਟ ਨੇ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ। ਮਾਰਚ ਮਹੀਨੇ ਪੰਜਾਬ ਸਰਕਾਰ ਵੱਲੋਂ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਇੱਕ ਵਾਰ ਫਿਰ ਨਸ਼ਿਆਂ ਵਿਰੁੱਧ ਜੰਗ ਛੇੜ ਦਿੱਤੀ ਗਈ ਹੈ। ਹਾਲਾਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਆਪ ਪਾਰਟੀ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਕੁਝ ਮਹੀਨਿਆਂ ਵਿੱਚ ਹੀ ਨਸ਼ਾ ਖਤਮ ਕਰ ਦਿੱਤਾ ਜਾਵੇਗਾ। ਹਾਲਾਂਕਿ ਬਹੁਤ ਕੁੱਝ ਕੀਤਾ ਵੀ ਗਿਆ, ਪਰ ਨਸ਼ੇ ਦੀ ਸਮੱਸਿਆ ਦਾ ਨਿਪਟਾਰਾ ਨਹੀਂ ਹੋ ਸਕਿਆ। 1 ਮਾਰਚ 2025 ਤੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਤਹਿਤ ਪੂਰੇ ਪੰਜਾਬ ਵਿੱਚ 2500 ਤੋਂ ਵੱਧ ਐਫ.ਆਈ.ਆਰ ਦਰਜ ਕੀਤੀਆਂ ਗਈਆਂ ਤੇ 6000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ। ਨਸ਼ਾ ਤਸਕਰਾਂ ਕੋਲੋਂ 100 ਕਿਲੋਗ੍ਰਾਮ ਤੋਂ ਵੱਧ ਅਫ਼ੀਮ, 160 ਕਿਲੋਗ੍ਰਾਮ ਤੋਂ ਵੱਧ ਹੈਰੋਇਨ, 8 ਲੱਖ ਤੋਂ ਵੱਧ ਨਸ਼ੀਲੀ ਗੋਲੀਆਂ ,ਕੈਪਸੂਲ, ਪੰਜ ਕਰੋੜ ਤੋਂ ਵੱਧ ਡਰੱਗ ਮਨੀ ਵੀ ਬਰਾਮਦ ਕੀਤੀ ਗਈ। ਡੀਜੀਪੀ ਰਾਹੀਂ ਖੁਲਾਸਾ ਵੀ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੱਡੀਆਂ ਮੱਛੀਆਂ ਦਾ ਪਿੱਛਾ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸੂਬੇ ਦੇ ਐਸਐਸਪੀ ਨੂੰ ਸਖ਼ਤ ਹਿਦਾਇਤਾਂ ਦਿੱਤੀਆਂ ਗਈਆਂ ਹਨ ਕਿ ਨਸ਼ਾ ਤਸਕਰਾਂ ਦੀ ਪੜਤਾਲ ਕਰਕੇ ਲਿਸਟ ਜਾਰੀ ਕਰੋ ,ਸਰਕਾਰ ਵੱਲੋਂ ਨਸ਼ੇ ਦੀ ਸਪਲਾਈ ਕਰਕੇ ਪੈਸੇ ਨਾਲ ਬਣਾਈ ਗਈ ਕੋਠੀਆਂ ਤੇ ਵੀ ਪੀਲਾ ਪੰਜਾ ਚਲਾਇਆ ਗਿਆ ।ਸ਼ਹਿਰੀ ਖੇਤਰਾਂ ਚ ਮੁਹੱਲਾ ਕਮੇਟੀਆਂ ਨਸ਼ਾ ਤਸਕਰਾਂ ਤੇ ਨਜ਼ਰ ਰੱਖਣਗੀਆਂ। ਪਿਛਲੇ ਮਹੀਨੇ ਹੀ ਬਠਿੰਡਾ ਦੀ ਇੱਕ ਮਹਿਲਾ ਪੁਲਿਸ ਮੁਲਾਜ਼ਮ ਤੇ ਨਸ਼ੇ ਦੀ ਵਿਕਰੀ ਦੇ ਦੋਸ਼ ਲੱਗਣ ਤੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਦੀ ਜ਼ਾਇਦਾਦ ਨੂੰ ਵੀ ਜ਼ਬਤ ਕਰ ਲਿਆ ਗਿਆ ,ਜੋ ਕਿ ਕਰੋੜਾਂ ਰੁਪਏ ਦੀ ਸੀ। ਜਾਇਦਾਦ ਦੇ ਅੰਕੜੇ ਸੁਣ ਕੇ ਸਾਰੇ ਹੀ ਹੈਰਾਨ ਹੋ ਗਏ, ਕਿਉਂਕਿ ਉਹ ਕਰੋੜਾਂ ਰੁਪਏ ਤੋਂ ਵੱਧ ਦੀ ਜਾਇਦਾਦ ਸੀ। ਫਗਵਾੜਾ ਵਿੱਚ ਵੀ ਸੀਆਈਏ ਦੀ ਪੂਰੀ ਟੀਮ ਨੂੰ ਪੈਸੇ ਲੈ ਕੇ ਨਸ਼ਾ ਤਸਕਰ ਨੂੰ ਛੱਡਣ ਦਾ ਇਲਜ਼ਾਮ ਲੱਗਾ ਸੀ।

ਚਿੱਟਾ ਪਤਾ ਨਹੀਂ ਇਹ ਪੰਜਾਬ ਵਿੱਚ ਕਿਥੋਂ ਆ ਗਿਆ ਹੈ, ਪੰਜਾਬ ਦੀ ਨੌਜਵਾਨੀ ਖ਼ਤਮ ਕਰ ਰਿਹਾ ਹੈ। ਪੰਜਾਬ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਗੁਰੂਆਂ, ਪੀਰਾਂ ਪੈਗੰਬਰਾਂ ਦੀ ਧਰਤੀ ਨੂੰ ਪਤਾ ਨਹੀਂ ਕਿਸ ਚੰਦਰੇ ਨੇ ਕਲੰਕਿਤ ਕਰ ਦਿੱਤਾ ਹੈ। ਕੋਈ ਸਮਾਂ ਹੁੰਦਾ ਸੀ ਜਦੋਂ ਪੰਜਾਬ ਦੀ ਨੌਜਵਾਨੀ ਖੇਤਾਂ ਵਿੱਚ ਆਪ ਹੀ ਕੰਮ ਕਰਦੀ ਸੀ ।ਘਰ ਦੇ ਬਣੇ ਦੁੱਧ, ਦਹੀਂ, ਪਨੀਰ ,ਖੋਆ, ਲੱਸੀ ਹੀ ਸਿਹਤ ਲਈ ਗੁਣਕਾਰੀ ਹੁੰਦਾ ਸੀ। ਨੌਜਵਾਨਾਂ ਦੇ ਚਿਹਰੇ ਤੋਂ ਨੂਰ ਟਪਕਦਾ ਸੀ।ਛੇ ਫੁੱਟ ਦੇ ਚਿੱਟੇ ਚਾਦਰੇ ਬੰਨਣ ਵਾਲੇ ਨੌਜਵਾਨ ਖਿੱਚ ਦਾ ਕੇਂਦਰ ਬਣਦੇ ਸਨ। ਸਮਾਂ ਬਦਲਿਆ। ਗੁਆਂਢੀ ਸਰਹੱਦ ਪਾਕਿਸਤਾਨ ਤੋਂ ਆਇਆ ਇਹ ਚਿੱਟਾ ਪੰਜਾਬ ਵਿੱਚ ਹੁਣ ਪੈਰ ਪਸਾਰ ਗਿਆ ਹੈ। ਘਰਾਂ ਵਿੱਚ ਸੱਥਰ ਵਿੱਛ ਚੁੱਕੇ ਹਨ। ਹਾਲ ਹੀ ਵਿਚ ਖ਼ਬਰ ਪੜ੍ਹੀ ਕਿ ਅੰਮ੍ਰਿਤਸਰ ਦੇ ਨਾਬਾਲਗ ਬੱਚੇ ਕੋਲੋਂ 15 ਕਿਲੋ ਹੈਰੋਇਨ ਫੜ੍ਹੀ ਗਈ ਹੈ। ਗ੍ਰਿਫਤਾਰ ਕੀਤੇ ਨਾਬਾਲਗ ਦਾ ਪਿਤਾ ਅਤੇ ਦਾਦਾ ਪਹਿਲਾਂ ਹੀ ਨਸ਼ਿਆਂ ਦੀ ਤਸਕਰੀ ਕਰਕੇ ਜੇਲ੍ਹ ਵਿੱਚ ਬੰਦ ਹਨ।ਤਕਰੀਬਨ ਪਿਛਲੇ ਅੱਠ ਮਹੀਨਿਆਂ ਚ ਨਸ਼ਾ ਤਸਕਰਾਂ ਤੋਂ 10 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ।ਜੋ ਕਿ ਮਾਨ ਸਰਕਾਰ ਦੀ ਸ਼ਲਾਘਾਯੋਗ ਪਹਿਲ ਹੈ। ਸਿਹਤ ਮੰਤਰੀ ਨੇ ਵਿਧਾਨ ਸਭਾ ਵਿਚ ਨਸ਼ਿਆਂ ਦਾ ਮੁੱਦਾ ਚੁੱਕਿਆ ਸੀ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਕਰੀਬ 10 ਲੱਖ ਤੋਂ ਵੱਧ ਨੌਜਵਾਨ ਨਸ਼ਿਆਂ ਨਾਲ ਪ੍ਰਭਾਵਿਤ ਹਨ। ਤੇ ਲੱਖਾਂ ਹੀ ਨੌਜਵਾਨ ਸਰਕਾਰੀ ਨਸ਼ਾ ਛਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ। ਕੁਝ ਪ੍ਰਾਈਵੇਟ ਸੈਂਟਰਾਂ ਤੋ ਇਲਾਜ ਕਰਵਾ ਰਹੇ ਹਨ। ਇੱਕ ਵੀਡੀਓ ਵਾਇਰਲ ਹੋ ਰਹੀ ਸੀ, ਜਿਸ ਵਿੱਚ ਇੱਕ ਈ ਰਿਕਸ਼ੇ ਵਾਲਾ ਨਸ਼ੇ ਵਿੱਚ ਧੁੱਤ ਮੁਧੇ ਮੂੰਹ ਰਿਕਸ਼ੇ ਵਿੱਚ ਪਿਆ ਸੀ। ਅੰਮ੍ਰਿਤਸਰ ਦੇ ਕੱਟੜਾ ਬੱਗੀਆਂ ਇਲਾਕੇ ਵਿੱਚ ਦੋ ਸਕੇ ਭਰਾਵਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋਈ ਹੈ। ਇੱਕ ਭਰਾ ਜੇਲ ਵਿਚ ਬੰਦ ਸੀ ,ਜਿਸ ਦੀ ਇਲਾਜ ਦੌਰਾਨ ਹਸਪਤਾਲ ਵਿੱਚ ਮੌਤ ਹੋ ਚੁੱਕੀ ਹੈ। ਤੇ ਦੂਜੇ ਭਰਾ ਦੀ ਨਸ਼ੇ ਦੀ ਜ਼ਿਆਦਾ ਓਵਰਡੋਜ਼ ਕਾਰਨ।ਖਬਰ ਪੜ੍ਹਨ ਨੂੰ ਮਿਲੀ ਕਿ ਕਪੂਰਥਲਾ ਵਿਖੇ ਇਕ ਕੁੜੀ ਲੋਕਾਂ ਤੋਂ ਪੈਸੇ ਮੰਗ ਕੇ ਚਿੱਟਾ ਪੀਂਦੀ ਹੈ। ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ। ਹੈਰਾਨੀ ਦੀ ਗੱਲ ਹੈ ਕਿ ਇਸ ਵਿਆਹੁਤਾ ਦਾ ਪਤੀ ਨਸ਼ੇ ਦੀ ਤਸਕਰੀ ਕਾਰਨ ਜੇਲ ਵਿੱਚ ਹੈ। ਚੋਹਲਾ ਸਾਹਿਬ ਵਿਖੇ ਇਕ ਕਿਸਾਨ ਪਰਿਵਾਰ ਦੇ ਦੋਵਾਂ ਪੁੱਤਰਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਵੱਡੇ ਪੁੱਤਰ ਦੀਆਂ ਅੰਤਿਮ ਰਸਮਾਂ ਵੀ ਹਜੇ ਪੂਰੀਆਂ ਵੀ ਨਹੀਂ ਹੋਈਆਂ ਸਨ ,ਕਿ ਛੋਟੇ ਪੁੱਤਰ ਦੀ ਵੀ ਪਹਿਲਾਂ ਹੀ ਮੌਤ ਹੋ ਗਈ।ਪੰਜਾਬ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ਤੇ ਗੁਜਰਾਤ ਤੋਂ ਕਰੋੜਾਂ ਰੁਪਏ ਦੀ ਹੈਰੋਇਨ ਬਰਾਮਦ ਕੀਤੀ ਗਈ ਹੈ। ਸਰਹੱਦ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਨਸ਼ਿਆਂ ਦੀ ਤਸਕਰੀ ਲਗਾਤਾਰ ਜਾਰੀ ਹੈ।ਲੁਧਿਆਣਾ ਵਿੱਚ ਇੱਕ ਨਾਬਾਲਗ ਦੀ ਨਸ਼ੇ ਵਾਲੀ ਸਰਿੰਜ ਲਗਾ ਕੇ ਮੌਤ ਹੋਣ ਦੀ ਖਬਰ ਪੜੀ।ਮਾਂ-ਪਿਉ ਮਰ ਮਰ ਕੇ ਜੀਉਂਦੇ ਹਨ। ਨਸ਼ੇ ਦੀ ਪੂਰਤੀ ਲਈ ਕਈ ਨਸ਼ੇੜੀ ਘਰ ਦਾ ਵੀ ਸਮਾਨ ਤੱਕ ਵੇਚਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਲਗਾਤਾਰ ਪ੍ਰਵਾਸ ਵੱਧ ਰਿਹਾ ਹੈ। ਇਹ ਵੀ ਇੱਕ ਬਹੁਤ ਵੱਡਾ ਕਾਰਨ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਚੇਤੇ ਕਰਵਾ ਦੇਈਏ ਕਿ 2017 ਵਿੱਚ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਵੱਡੇ ਸਿਆਸਤਦਾਨਾਂ ਨੇ ਸਹੁੰ ਚੁੱਕੀ ਸੀ। ਪੰਜਾਬ ਵਿੱਚ ਆਪ ਸਰਕਾਰ ਵੱਲੋ ਨਸ਼ਿਆਂ ਤੇ ਨਕੇਲ ਕੱਸਣ ਲਈ ਸੂਬੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ। ਕੁੱਝ ਕੁ ਨਸ਼ਾ ਤਸਕਰਾਂ ਨੂੰ ਫੜਿਆ ਵੀ ਗਿਆ ਤੇ ਸੁਣਨ ਵਿੱਚ ਵੀ ਆਇਆ ਕਿ ਕੁੱਝ ਨਸ਼ੇ ਦੇ ਸੌਦਾਗਰ ਘਰ ਨੂੰ ਤਾਲਾ ਲਗਾ ਕੇ ਫਰਾਰ ਹੋ ਗਏ। ਸੋਚਣ ਵਾਲੀ ਗੱਲ ਹੈ ਕਿ ਜੇ ਪੁਲਿਸ ਪ੍ਰਸ਼ਾਸਨ ਨਸ਼ਿਆਂ ਦੇ ਖਿਲਾਫ ਸਖ਼ਤ ਕਦਮ ਚੁੱਕਣਗੇ , ਤਾਂ ਆਪਣੇ ਆਪ ਹੀ ਨਸ਼ਿਆਂ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਸਰਹੱਦੀ ਮੁਲਕਾਂ ਦੇ ਆਲਾ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਬਣਾ ਕੇ ਨਸ਼ਿਆਂ ਦੀ ਸਮਗਲਿੰਗ ਨੂੰ ਰੋਕਿਆ ਜਾ ਸਕਦਾ ਹੈ। ਦੇਸ਼ ਦਾ ਭਵਿੱਖ ਬਚਾਉਣ ਲਈ ਸਰਕਾਰਾਂ, ਆਮ ਜਨਤਾ, ਸਿਆਸਤਦਾਨਾਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ। ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਸੂਬੇ ਦੇ ਨਾਗਰਿਕਾਂ ਦਾ ਧੰਨਵਾਦ ਵੀ ਕੀਤਾ ਗਿਆ ਤੇ ਹਰ ਇੱਕ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੰਜਾਬ ਪੁਲਿਸ ਨੂੰ ਪੂਰਾ ਸਮਰਥਨ ਕਰੇ। ਬਿਨਾਂ ਸ਼ੱਕ ਪੰਜਾਬ ਸਰਕਾਰ ਸੂਬੇ ਚੋਂ ਨਸ਼ਿਆਂ ਨੂੰ ਜੜ ਤੋਂ ਖ਼ਤਮ ਕਰਨ ਲਈ ਵਚਨਬੱਧ ਹੈ।

# ਬਹੁਪੱਖੀ ਸ਼ਖ਼ਸੀਅਤ ਸਨ : ਦੀਵਾਨ ਸਿੰਘ ਮੱਕੜ

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਕੀ ਕਾਂਸ਼ੀ ਦਾ ਵਰਦਾਨ ਧਰਤੀ ਤਖ਼ਤ ਸ਼੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰਦੁਆਰਾ ਲਿਖਣਸਰ ਸਾਹਿਬ ਚੋਂ ਬਹੁਤ ਸਾਰੇ ਕਵੀ-ਕਵੀਸ਼ਰ ਕਲਮਾਂ ਪ੍ਰਾਪਤ ਕਰਕੇ ਗੁਰੂ ਦਾ ਜਸ ਗਾ ਰਹੇ ਹਨ। ਉਹਨਾਂ ਹੀ ਕਵੀਆਂ ਵਿੱਚੋਂ ਮਾਲਵੇ ’ਚ ਉੱਘਾ ਸ਼ਾਇਰ ਤੇ ਅਣਗੌਲਿਆ ਕਵੀ ਸੀ ਦੀਵਾਨ ਸਿੰਘ ਮੱਕੜ।

ਦੀਵਾਨ ਸਿੰਘ ਮੱਕੜ ਦਾ ਜਨਮ 1938 ਈ: ਨੂੰ ਪਿਤਾ ਸ੍ਰ: ਸੇਵਾ ਸਿੰਘ ਦੇ ਘਰ ਮਾਤਾ ਗਨੇਸ਼ ਬਾਈ ਦੀ ਕੁੱਖ ਤੋਂ ਪਿੰਡ ਗਾਂਵਰਵਾਲਾ ਤਹਿਸੀਲ ਭੱਖਰ ਜ਼ਿਲ੍ਹਾ ਮੀਆਂਵਾਲੀ (ਪਾਕਿਸਤਾਨ) ਵਿਖੇ ਹੋਇਆ। ਉਹਨਾਂ ਸਮੇਤ ਤਿੰਨ ਭਰਾ ਤੇ ਤਿੰਨ ਭੈਣਾਂ ਸਨ। ਉਹਨਾਂ ਚਾਰ ਜਮਾਤਾਂ ਪਿੰਡ ਗਾਂਵਰਵਾਲਾ ਵਿਖੇ ਤੇ ਚਾਰ ਜਮਾਤਾਂ (ਪੰਜਵੀਂ ਤੋਂ ਅੱਠਵੀਂ ਤੱਕ) ਦੇਸ਼ ਵੰਡ ਤੋਂ ਬਾਅਦ ਇਧਰ (ਭਾਰਤ) ਆ ਕੇ ਪਾਸ ਕੀਤੀਆਂ। 1947 ਈ: ਦੇ ਸ਼ੁਰੂ ਵਿੱਚ ਵੰਡ ਤੋਂ ਬਾਅਦ ਉਹਨਾਂ ਦੇ ਪਿਤਾ ਪਰਿਵਾਰ ਸਮੇਤ ਜਮਾਲਪੁਰ ਲੁਧਿਆਣਾ ਆ ਗਏ। ਉਹਨਾਂ ਦੇ ਦਾਦਾ ਸ੍ਰ: ਸੰਤ ਸਿੰਘ ਬੜੇ ਮਿਹਨਤੀ ਤੇ ਇਮਾਨਦਾਰ ਵਿਅਕਤੀ ਸਨ। ਛੇ ਮਹੀਨੇ ਲੁਧਿਆਣੇ ਕੈਂਪ ਵਿੱਚ ਰਹੇ। ਕੈਂਪ ਵਿੱਚ ਉਹਨਾਂ ਦੇ ਪਰਿਵਾਰ ਨੇ ਬੜੇ ਔਖੇ ਦਿਨ ਕੱਟੇ, ਬੜੀਆਂ ਮੁਸੀਬਤਾਂ ਝੱਲੀਆਂ, ਕੈਂਪ ਵਿੱਚ ਆਟਾ, ਦਾਣਾ, ਦਾਲਾਂ ਦੀ ਬੜੀ ਕਿੱਲਤ ਸੀ। ਜੇਕਰ ਕੈਂਪ ਵਿੱਚ ਉਹਨਾਂ ਨੂੰ ਸਰੋਂ ਦਾ ਤੇਲ ਮਿਲਿਆ ਤਾਂ ਉਹਨਾਂ ਦੇ ਮਾਤਾ ਗਨੇਸ਼ ਬਾਈ ਨੇ ਇਹ ਕਹਿ ਕੇ ਡੋਲ੍ਹ ਦਿੱਤਾ ਕਿ ਮੈਨੂੰ ਭੀਖ ਨਹੀਂ, ਮਿਹਨਤ ਨਾਲ ਲਿਆਂਦਾ ਰਾਸ਼ਨ ਚਾਹੀਦਾ ਹੈ।

ਲੁਧਿਆਣਾ ਸ਼ਹਿਰ ਵਿੱਚ ਉਹਨਾਂ ਦਾ ਕਰੀਬੀ ਰੇਸ਼ਮ ਲਾਲ ਰੰਗੀਲਾ ਮਿਲਿਆ ਜਿਸ ਨੇ ਉਹਨਾਂ ਨੂੰ ਜਸਵੀਰ ਸਿੰਘ ਅੰਮ੍ਰਿਤਸਰ ਦੇ ਕਾਰਖਾਨੇ ਵਿੱਚ ਗੋਟਾ (ਗੀਲਾਂ) ਸਵਾਰਨ ਦੇ ਕੰਮ ਤੇ ਲਗਵਾ ਦਿੱਤਾ। ਹੌਲੀ-ਹੌਲੀ ਜਮਾਲਪੁਰ ਤੋਂ ਲੁਧਿਆਣਾ ਸ਼ਹਿਰ ਆ ਗਏ। ਫਿਰ ਤਾਵਡੂ (ਹਰਿਆਣਾ) ਕੈਂਪ ਤੇ ਉਸ ਤੋਂ ਬਾਅਦ ਰੇਵਾੜੀ ਕੈਂਪ ’ਚ ਛੇ ਮਹੀਨੇ ਰਹੇ। ਰੇਵਾੜੀ ਕੈਂਪ ’ਚ ਹੈਜ਼ਾ ਫੈਲਿਆ ਹੋਇਆ ਸੀ। ਰੋਜ਼ਾਨਾ ਹੀ ਪੰਜਾਹ-ਸੌ ਮਰ ਜਾਂਦੇ ਸਨ। ਉਸ ਸਮੇਂ ਆਪ ਦਾ ਵੱਡਾ ਭਰਾ ਲੁਧਿਆਣਾ ਸੀ। ਉਹਨਾਂ ਦੇ ਪਿਤਾ ਸ੍ਰ: ਸੇਵਾ ਸਿੰਘ ਵੀ ਹੈਜੇ ਦੀ ਬਿਮਾਰੀ ਦੀ ਪਕੜ ’ਚ ਆ ਗਏ। ਉਸ ਸਮੇਂ ਦੇ ਹਕੀਮ ਨੇ ਕਿਹਾ ਕਿ ਦਵਾਈ ਲੈ ਕੇ ਘਰ ਚਲੇ ਜਾਉ। ਪਿਤਾ ਜੀ ਦੀ ਹਾਲਾਤ ਦਿਨੋ-ਦਿਨ ਬਹੁਤ ਖ਼ਰਾਬ ਹੁੰਦੀ ਗਈ। ਫਿਰ ਪਿਤਾ ਜੀ ਨੂੰ ਹਸਪਤਾਲ ਲੈ ਜਾਇਆ ਗਿਆ। ਡਾਕਟਰ ਨੇ ਉਹਨਾਂ (ਦੀਵਾਨ ਸਿੰਘ) ਨੂੰ ਕਿਹਾ ਕਿ ਬਿਨਾਂ ਲਾਲ ਦਵਾਈ ਤੋਂ ਪਾਣੀ ਲਿਆਉ, ਕਿਉਂਕਿ ਉਸ ਸਮੇਂ ਸਾਰੇ ਪਾਸੇ ਬਿਮਾਰੀ ਫੈਲਣ ਕਾਰਨ ਖੂਹਾਂ ਵਿੱਚ ਲਾਲ ਦਵਾਈ ਪਾਈ ਹੋਈ ਸੀ। ਡਾਕਟਰ ਨੂੰ ਸ੍ਰ: ਸੇਵਾ ਸਿੰਘ ਦੇ ਟੀਕਾ ਲਗਾਉਣ ਲਈ ਪਾਣੀ ਦੀ ਜ਼ਰੂਰਤ ਸੀ। ਦੀਵਾਨ ਸਿੰਘ ਪਾਣੀ ਲੈਣ ਚਲਾ ਗਿਆ। ਪਾਣੀ ਦੀ ਬੜੀ ਤੰਗੀ ਸੀ। ਸਟੇਸ਼ਨ ਤੋਂ ਪਾਣੀ ਲੈ ਕੇ ਆ ਰਹੇ ਸਨ ਪਰ ਰੌਲੇ ਕਾਰਨ ਰਸਤੇ ਵਿੱਚ ਹੀ ਰੋਕ ਲਿਆ। ਦੀਵਾਨ ਸਿੰਘ ਨੇ ਪਾਣੀ ਦਾ ਛੋਟਾ ਜਿਹਾ ਮਟਕਾ ਆਪਣੇ ਲੱਕ ਦੇ ਦੁਆਲੇ ਬੰਨ੍ਹ ਲਿਆ। ਸਕੂਲ ਦੀਆਂ ਕੰਧਾਂ (ਦੀਵਾਰਾਂ) ਤੇ ਚਾਰੇ ਪਾਸੇ ਸ਼ੀਸ਼ਾ (ਕੱਚ) ਲੱਗਿਆ ਹੋਇਆ ਸੀ ਪਰ ਉਹਨਾਂ ਨੇ ਪ੍ਰਵਾਹ ਨਹੀਂ ਕੀਤੀ। ਸਕੂਲ ਦੀ ਦੀਵਾਰ ਟੱਪ (ਲੰਘ) ਕੇ ਆਪ ਪਾਣੀ ਲੈ ਕੇ ਕੈਂਪ ਵਿੱਚੋਂ ਲੰਘਦੇ- ਲੰਘਦੇ ਹਸਪਤਾਲ ਪਹੁੰਚੇ। ਡਾਕਟਰ ਨੇ ਪਾਣੀ ਨਾਲ ਟੀਕਾ ਲਾਇਆ, ਚਾਰ ਘੰਟਿਆਂ ਬਾਅਦ ਅੱਖ ਖੁੱਲ੍ਹੀ ਤੇ ਪੰਜ ਘੰਟਿਆਂ ਬਾਅਦ ਉਹਨਾਂ ਦੇ ਪਿਤਾ ਸ੍ਰ: ਸੇਵਾ ਸਿੰਘ ਜੀ ਬੋਲੇ। ਡਾਕਟਰ ਸਾਹਿਬ ਨੇ ਕਿਹਾ, “ਦੀਵਾਨ ਸਿੰਘ ਦੇ ਹੱਥ ਵਿੱਚ ਸ਼ੀਸ਼ਾ (ਕੱਚ) ਖੁੱਭ ਗਿਆ, ਹੱਥ ਵਿੱਚੋਂ ਖ਼ੂਨ ਵਗ ਰਿਹਾ ਹੈ ਪਰ ਉਹਨਾਂ ਪਿਤਾ ਦੀ ਸੇਵਾ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਸੇਵਾ ਸਿੰਘ ਨੇ ਆਪਣੇ ਪੁੱਤਰ ਦੀਵਾਨ ਸਿੰਘ ਦਾ ਮੱਥਾ ਚੁੰਮਿਆ।” 1948 ਈ: ਵਿੱਚ ਹਾੜ ਦੇ ਮਹੀਨੇ ਸ੍ਰ: ਸੇਵਾ ਸਿੰਘ ਅਕਾਲ ਚਲਾਣਾ ਕਰ ਗਏ।

ਉਹਨਾਂ ਦੇ ਮਾਮਾ ਲੀਲਾ ਰਾਮ ਨੇ ਕਿਹਾ ਕਿ ਮੁਕਤਸਰ ਚੱਲੋ, ਭੈਣ ਨੇ ਕਿਹਾ ਮਲੋਟ ਚੱਲੋ। ਅਖੀਰ ਮਲੋਟ ਵਿਖੇ ਕਿਰਾਏ ਦਾ ਮਕਾਨ ਲੈ ਕੇ ਦੋ ਮਹੀਨੇ ਰਹੇ। ਫਿਰ 1952 ਈ: ਵਿੱਚ ਮਾਮਾ ਮੁਕਤਸਰ ਲੈ ਆਇਆ। ਇੱਥੇ ਆ ਕੇ ਉਹਨਾਂ ਖੱਡੀਆਂ ਦਾ ਕੰਮ ਸ਼ੁਰੂ ਕੀਤਾ। ਖੱਡੀਆਂ ਤੇ ਖੇਸ, ਚਾਦਰਾਂ ਬਣਾਉਂਦੇ, ਰੰਗਾਈ ਕਰਦੇ, 20 ਫ਼ਰਵਰੀ 1958 ਈ: (8 ਫੱਗਣ ਦਿਨ ਬੁੱਧਵਾਰ) ਨੂੰ ਦੀਵਾਨ ਸਿੰਘ ਦਾ ਵਿਆਹ ਸ਼੍ਰੀ ਮੰਨਾ ਰਾਮ ਦੀ ਪੁੱਤਰੀ ਦੇਵ ਕੌਰ ਨਾਲ ਰਾਮਾਂ ਮੰਡੀ ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਉਹਨਾਂ ਦੇ ਘਰ ਦੋ ਲੜਕੇ ਤੇ ਪੰਜ ਲੜਕੀਆਂ ਨੇ ਜਨਮ ਲਿਆ। ਉਹਨਾਂ ਆਪਣੇ ਲੜਕਿਆਂ ਨੂੰ ਕਾਰੋਬਾਰ ਵਿੱਚ ਨਿਪੁੰਨ ਕੀਤਾ। ਉਹਨਾਂ ਦੀਆਂ ਲੜਕੀਆਂ ਮਲੋਟ, ਕੋਟਕਪੂਰਾ, ਜਲਾਲਾਬਾਦ ਵਿੱਚ ਵਿਆਹੀਆਂ ਹੋਈਆਂ ਹਨ। ਲੜਕੀਆਂ ਆਪਣੇ ਘਰਾਂ ਵਿੱਚ ਸੁਖੀ ਜੀਵਨ ਬਸਰ ਕਰ ਰਹੀਆਂ ਹਨ।

ਸੰਨ 1965 ਈ: ਵਿੱਚ ਗੌਰਮਿੰਟ ਕਾਲਜ ਮੁਕਤਸਰ ਬਣਿਆ, 1965 ਤੋਂ 1975 ਤੱਕ ਕਾਲਜ ਵਿੱਚ ਸਾਹਿਤ ਸਭਾ ਦੀਆਂ ਮੀਟਿੰਗਾਂ, ਫੰਕਸ਼ਨ, ਕਵੀ ਦਰਬਾਰ ਹੁੰਦੇ। ਕਵੀ ਸਾਬਰ ਹੁਸੈਨ ਪ੍ਰਧਾਨ ਹੁੰਦੇ ਸਨ। ਉਹਨਾਂ ਜਦੋਂ ਕਿਹਾ ਕਿ ਕਿਸੇ ਵਿਸ਼ੇ ਤੇ ਬੋਲਣਾ ਹੈ, ਫਿਰ ਉਹ ਬੋਲਣ ਤੋਂ ਪਹਿਲਾਂ ਹੀ ਰੁਕ ਗਏ। ਉਹਨਾਂ ਕਿਹਾ ਕਿ ਪ੍ਰਧਾਨ ਮੈਂ ਨਹੀਂ ਹਾਂ, ਤੁਹਾਡੇ ਸਾਹਮਣੇ ਬੜੇ ਉੱਚੇ ਲੰਮੇ, ਸੋਹਣੇ ਨੌਜਵਾਨ ਜੋ ਪ੍ਰਧਾਨ ਹਨ, ਜਦੋਂ ਤੁਸੀਂ ਦਰਸ਼ਨ ਕਰੋਗੇ, ਤਾੜੀਆਂ ਮਾਰ ਕੇ ਹੱਸੋਗੇ। ਉਹ ਕੋਈ ਹੋਰ ਨਹੀਂ ਸੀ, ਦੀਵਾਨ ਸਿੰਘ ਮੱਕੜ ਹੀ ਸਨ। ਜਦੋਂ ਉਹ ਬੋਲਣ ਲਈ ਉੱਠੇ ਤਾਂ ਉਹਨਾਂ ਕਿਹਾ, “ਮੈਂ ਸੇਵਾਦਾਰ ਹਾਂ, ਮੈਂ ਤਾਂ ਸਾਹਿਤ ਸਭਾ ਦੀ ਸੇਵਾ ਕਰਦਾ ਹਾਂ। ਇਹ ਮਰਾਸੀ ਹੈ। ਇਸ ਨੇ ਮਜ਼ਾਕ ਕਰਨਾ ਹੀ ਸੀ। ਇਹਨਾਂ ਮਰਾਸੀਆਂ ਨੇ ਤਾਂ ਮਹਾਰਾਜਾ ਰਣਜੀਤ ਸਿੰਘ ਤੱਕ ਨੂੰ ਨਹੀਂ ਬਖ਼ਸ਼ਿਆ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਇੱਥੋਂ ਤੱਕ ਕਿਹਾ:

ਸੁਣੋ ਰਾਜਾ ਰਣਜੀਤ ਸਿੰਘ
ਤੁਸੀਂ ਅੱਖੋਂ ਕਾਣੇ।
ਤੁਹਾਡੀ ਇੱਕ ਅੱਖ ਹੈ ਕੁਲ
ਦੁਨੀਆਂ ਜਾਣੇ।
ਤੁਹਾਡੀ ਇੱਕੋ ਅੱਖ ਹੈ ਉਹ
ਬੱਲੇ ਬੱਲੇ।
ਸਾਰੀ ਖ਼ਲਕਤ ਵੱਸਦੀ ਇਸ
ਨਦਰ ਦੇ ਥੱਲੇ।

ਦੀਵਾਨ ਸਿੰਘ ਉੱਘੇ ਸ਼ਾਇਰ ਸਨ। ਉਹ 1975 ਤੋਂ 1981 ਈ: ਤੱਕ ਛੇ ਸਾਲ ਲਗਾਤਾਰ ਕਵੀ ਦਰਬਾਰ ਸਭਾ ਤੇ ਸਾਹਿਤ ਸਭਾ ਦੇ ਪ੍ਰਧਾਨ ਰਹੇ। ਉਹਨਾਂ ਵਿਆਹ-ਸ਼ਾਦੀਆਂ ਤੇ ਸਿਹਰੇ, ਸਿਖਿਆਵਾਂ ਬੇਅੰਤ ਪੜ੍ਹੀਆਂ। ਜਦੋਂ ਉਹ ਸਿਹਰਾ ਲਿਖਦੇ ਸਨ ਤਾਂ ਆਰੰਭ ਵਿੱਚ ਬ੍ਰਹਮ-ਗਿਆਨੀ ਭਾਈ ਜਗਤਾ ਰਾਮ ਜੀ ਦੀ ਉਪਮਾ ਕਰਦੇ ਸਨ। ਪਹਿਲਾਂ ਸਿਹਰੇ/ਸਿਖਿਆਵਾਂ ਪੜ੍ਹਨ ਦਾ ਰਿਵਾਜ ਸੀ। ਅੱਜ-ਕੱਲ੍ਹ ਤਾਂ ਇਹ ਰਿਵਾਜ ਬਿਲਕੁਲ ਹੀ ਖ਼ਤਮ ਹੋ ਗਿਆ ਹੈ। ਉਹਨਾਂ ਦੇ ਉਸਤਾਦ ਮਾਸਟਰ ਨੱਥਾ ਸਿੰਘ ਸਨ। ਜਿਨ੍ਹਾਂ ਨੇ ਉਹਨਾਂ ਦੀ ਕਿਤਾਬ ਨੂੰ ਵੇਖ ਕੇ ਪੁਸਤਕ ਦਾ ਨਾਂ ‘ਪਹਿਲੀ ਉਮੰਗ’ ਰੱਖਿਆ। ਇਸ ਪੁਸਤਕ ਵਿੱਚ 40 ਰਚਨਾਵਾਂ ਸਨ। ਇਸ ਪੁਸਤਕ ਦੀ ਕੋਈ ਵੀ ਕਾਪੀ ਉਹਨਾਂ ਕੋਲ ਨਹੀਂ ਸੀ। ਇੱਥੋਂ ਪਤਾ ਲੱਗਦਾ ਹੈ ਕਿ ਉਹਨਾਂ ਦੀ ਪੁਸਤਕ ਧੜਾ-ਧੜ ਖ਼ਤਮ ਹੋ ਗਈ ਸੀ। ਉਹਨਾਂ ਦੀ ਇੱਕੋ ਹੀ ਪੁਸਤਕ ਛਪੀ। ਉਹਨਾਂ ਦੀਆਂ ਕਵਿਤਾਵਾਂ, ਰਚਨਾਵਾਂ ਗੋਨਿਆਣਾ ਭਾਈ ਜਗਤਾ (ਬਠਿੰਡਾ) ਤੋਂ ਛਪਦੇ ‘ਭਾਈ ਕਨੱਈਆ ਸੇਵਾ ਜੋਤੀ’ ਤੇ ਹੋਰ ਕਈ ਮੈਗਜ਼ੀਨਾਂ ਵਿੱਚ ਛਪੀਆਂ ਸਨ। ਉਹਨਾਂ ਸਿੱਖ ਧਰਮ ਤੇ ਸਾਹਿਤ ਨਾਲ ਸੰਬੰਧਿਤ ਅਨੇਕਾਂ ਰਚਨਾਵਾਂ ਲਿਖੀਆਂ। ਉਹਨਾਂ ਨੂੰ ਕਵਿਤਾਵਾਂ, ਰਚਨਾਵਾਂ, ਦੋਹਰੇ ਅਣਗਿਣਤ ਯਾਦ ਸਨ। ਉਹਨਾਂ ਨੂੰ ਸ਼ੇਅਰੋ-ਸ਼ਾਇਰੀ ਦਾ ਬਹੁਤ ਸ਼ੌਕ ਸੀ।

1965 ਵਿੱਚ ਦੀਵਾਨ ਸਿੰਘ ਨੇ ਹਰਭਜਨ ਸਿੰਘ ਵਣ ਵਾਲੇ ਦੇ ਹਕੀਮ ਪਾਸੋਂ ਦੇਸੀ ਦਵਾਈਆਂ ਦੇਣ ਤੇ ਜੰਤਰੀਆਂ ਵੇਖਣ ਦਾ ਕੰਮ ਸਿੱਖਿਆ। ਜੇ ਇਹ ਕਹਿ ਲਿਆ ਜਾਵੇ ਕਿ ਉਹਨਾਂ ਨੂੰ ਦੇਸੀ ਦਵਾਈਆਂ ਬਣਾਉਣ ਤੇ ਜੰਤਰੀਆਂ ਵੇਖ ਕੇ ਗੁਰ ਦੱਸਣ ਵਾਲੇ ਉਸਤਾਦ ਹਰਭਜਨ ਸਿੰਘ ਵਣ ਵਾਲੇ ਸਨ ਤਾਂ ਕੋਈ ਅਤਿਕਥਨੀ ਨਹੀਂ।

ਦੀਵਾਨ ਸਿੰਘ ਲੋਕਾਂ ਦੇ ਦੁੱਖ ਬੜੇ ਪਿਆਰ ਨਾਲ ਸੁਣਦੇ ਸਨ। ਜੇਕਰ ਕਿਸੇ ਦੇ ਘਰ ਮੱਝ ਦੁੱਧ ਨਹੀਂ ਸੀ ਦਿੰਦੀ, ਕਾਰੋਬਾਰ ਵਿੱਚ ਵਾਧਾ ਨਹੀਂ ਸੀ ਹੁੰਦਾ, ਖੇਤੀਬਾੜੀ ਵਿੱਚ ਚੰਗੀ ਫਸਲ ਨਹੀਂ ਸੀ ਹੁੰਦੀ, ਗੋਡਿਆਂ ਦਾ ਦਰਦ, ਬਵਾਸੀਰ, ਲਕੋਰੀਆ, ਸ਼ੂਗਰ, ਭਾਰ ਪੈਣਾ, ਜਲਣ, ਗੈਸ, ਕਬਜ਼ ਆਦਿ ਬਿਮਾਰੀਆਂ ਦਾ ਇਲਾਜ ਦੇਸੀ ਦਵਾਈਆਂ ਰਾਹੀਂ ਕਰਦੇ ਸਨ। ਉਹ ਦੰਦਾਂ ਦਾ ਮੰਜਣ ਬਿਲਕੁਲ ਮੁਫ਼ਤ ਦਿੰਦੇ ਸਨ। ਬਾਕੀ ਦਵਾਈਆਂ ਤੇ ਵੀ ਲਾਗਤ ਮਾਤਰ ਹੀ ਸੇਵਾ ਲੈਂਦੇ ਸਨ।

ਜੇਕਰ ਕਿਸੇ ਦੇ ਮਾਲ-ਪਸ਼ੂ ਦਾ ਨੁਕਸਾਨ ਹੁੰਦਾ, ਸੁੱਤੀ ਜਾਗਦੀ ਧਰਤੀ ਬਾਰੇ, ਖੇਤ ਵਾਸਤੇ ਬੀਜ, ਦੁੱਖ-ਸੁੱਖ ਵਾਸਤੇ, ਸੰਜੋਗ ਨਾ ਹੋਣ ਬਾਰੇ, ਕੁੱਖ ਬੰਨ੍ਹੀ ਦਾ ਇਲਾਜ, ਕਲ-ਕਲੇਸ਼, ਕੇਸ ਚੱਲਣ ਬਾਰੇ ਜੰਤਰੀਆਂ ਵੇਖ ਕੇ ਗੁਰੂ ਘਰ ਦੀ ਸੇਵਾ ਕਰਨ, ਦਾਨ ਕਰਨ ਬਾਰੇ ਹੀ ਕਹਿੰਦੇ ਸਨ। ਉਹ ਕੋਈ ਧਾਗੇ, ਤਵੀਤ ਨਹੀਂ ਬਣਾਉਂਦੇ ਸਨ। ਉਹਨਾਂ ਲੱਖਾਂ ਹੀ ਲੋਕਾਂ ਦੀ ਸੇਵਾ ਕੀਤੀ। ਲੋਕ ਉਹਨਾਂ ਨੂੰ ‘ਬਾਬਾ ਜੀ’ ਕਹਿ ਕੇ ਬੁਲਾਉਂਦੇ ਸਨ। ਉਹਨਾਂ ਲੋਕ-ਭਲਾਈ ਦੇ ਕੰਮਾਂ ਦੇ ਨਾਲ-ਨਾਲ ਸਾਹਿਤਕ ਸਭਾਵਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਦੀਵਾਨ ਸਿੰਘ ਮੱਕੜ ਨੂੰ ਸਿਹਰੇ, ਸਿਖਿਆਵਾਂ ਲਿਖਣ, ਪੜ੍ਹਨ ਤੇ ਅਹਿਮਦਾਬਾਦ, ਗੰਗਾ ਨਗਰ, ਜਗਰਾਉਂ, ਲੁਧਿਆਣਾ, ਦਿੱਲੀ ਤੇ ਹੋਰ ਕਈ ਸ਼ਹਿਰਾਂ/ਨਗਰਾਂ ਵਿੱਚ ਗੁਰਬਾਣੀ ਦੇ ਸਟੀਕ, ਹਾਰਮੋਨੀਅਮ ਤੇ ਨਕਦ ਮਾਇਆ ਨਾਲ ਸਨਮਾਨਿਤ ਕੀਤਾ। ਦੀਵਾਨ ਸਿੰਘ ਮੱਕੜ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬਾਈਬਲ, ਰਮਾਇਣ, ਗੀਤਾ ਦਾ ਕਾਫ਼ੀ ਗੂੜ੍ਹਾ ਗਿਆਨ ਸੀ। ਸ੍ਰ: ਦੀਵਾਨ ਸਿੰਘ ਰਿਸ਼ਤੇ ਵਿੱਚ ਮੇਰੇ ਸੁਹਰਾ ਸਾਹਿਬ ਸਨ। ਜਦੋਂ ਮੈਂ ਸ਼੍ਰੀ ਮੁਕਤਸਰ ਸਾਹਿਬ ਜਾਂਦਾ ਤਾਂ ਉਹ ਮੈਨੂੰ ਆਪਣੇ ਕੋਲ ਬਿਠਾ ਕੇ ਕਈ-ਕਈ ਘੰਟੇ ਆਪਣੀਆਂ ਰਚਨਾਵਾਂ ਸੁਣਾਉਂਦੇ। ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਹੁਤ ਸਾਰੇ ਸ਼ਬਦ ਤੇ ਪ੍ਰਮੁੱਖ ਬਾਣੀਆਂ ਕੰਠ ਸਨ। ਦੀਵਾਨ ਸਿੰਘ ਮੱਕੜ 6 ਜੁਲਾਈ 2017 ਈ: ਦਿਨ ਵੀਰਵਾਰ ਨੂੰ 79 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

# ਪੀੜ੍ਹੀ-ਦਰ-ਪੀੜ੍ਹੀ ਤੁਰਦੀ ਪੀੜਾ

ਜੂਨ ਚੁਰਾਸੀ ਚੜ੍ਹਦਿਆਂ ਹੀ ਡਰ ਅਤੇ ਸਹਿਮ ਸਿਫ਼ਤੀ ਦੇ ਘਰ ਦੀ ਪਰਿਕਰਮਾ ਕਰ ਰਿਹਾ ਸੀ। ਪਹਿਲੀ ਜੂਨ ਨੂੰ ਜਦੋਂ ਅੰਬਰੋਂ ਅੱਗ ਵਰ੍ਹ ਰਹੀ ਸੀ ਤਦ ਸੀਆਰਪੀਐੱਫ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ/ਮੀਰੀ ਪੀਰੀ ਦੇ ਮਹਾਨ ਮਰਕਜ਼ ਸ੍ਰੀ ਅਕਾਲ ਤਖ਼ਤ ਦੀ ਹਦੂਦ ਅੰਦਰ ਮੋਰਚਾਬੰਦੀ ਕਰੀ ਬੈਠੇ ਹਥਿਆਰਬੰਦ ਮੁੰਡਿਆਂ ਦਰਮਿਆਨ ਅਚਾਨਕ ਹੋਈ ਗੋਲ਼ੀਬਾਰੀ ਨੇ ਦਹਿਸ਼ਤ ਦਾ ਮਾਹੌਲ ਸਿਰਜ ਦਿੱਤਾ ਸੀ। ਇਸ ਗੋਲ਼ੀਬਾਰੀ ਵਿਚ ਬਾਬਾ ਅਟੱਲ ’ਤੇ ਮੋਰਚਾ ਸੰਭਾਲੀ ਬੈਠਾ ਬੱਬਰ ਖ਼ਾਲਸਾ ਦਾ ਮਹਿੰਗਾ ਸਿੰਘ ਹਲਾਕ ਹੋ ਗਿਆ ਸੀ। ਤਿੰਨ ਜੂਨ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ‘ਸਿਵਲ ਨਾਫੁਰਮਾਨੀ’ ਦਾ ਸੱਦਾ ਦਿੱਤਾ ਹੋਇਆ ਸੀ। ਸ਼ਹੀਦਾਂ ਦੇ ਸਿਰਤਾਜ ਦਾ ਸ਼ਹੀਦੀ ਪੁਰਬ ਮਨਾਉਣ ਲਈ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਪੁੱਜੀਆਂ ਹੋਈਆਂ ਸਨ। ਦੋ ਜੂਨ ਦੀ ਸ਼ਾਮ ਵੇਲੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੂਰਦਰਸ਼ਨ ਤੋਂ ਸੰਬੋਧਨ ਕਰਦਿਆਂ ਅਕਾਲੀ ਦਲ ਵੱਲੋਂ ਲਗਾਏ ਗਏ ਮੋਰਚੇ ਦੀ ਸਖ਼ਤ ਸ਼ਬਦਾਂ ਵਿਚ ਆਲੋਚਨਾ ਕੀਤੀ ਸੀ। ਉਨ੍ਹਾਂ ਨੇ ਭਾਵੇਂ ਸਿੱਧੀ ਧਮਕੀ ਦਿੰਦਿਆਂ ਕਿਹਾ ਸੀ ਕਿ ਅਕਾਲੀ ਦਲ ਵੱਲੋਂ ਚਲਾਏ ਗਏ ਅੰਦੋਲਨ ਕਾਰਨ ਵਾਪਰ ਰਹੀਆਂ ਹਿੰਸਕ ਘਟਨਾਵਾਂ ਤੋਂ ਬਾਅਦ ਲੰਬਾ ਸਮਾਂ ਚੁੱਪ ਨਹੀਂ ਬੈਠਿਆ ਜਾ ਸਕਦਾ, ਫਿਰ ਵੀ ਇਸ ਸੰਬੋਧਨ ਵਿਚ ਪੰਜਾਬ ਨੂੰ ਫ਼ੌਜ ਹਵਾਲੇ ਕਰਨ ਦਾ ਕੋਈ ਜ਼ਿਕਰ ਨਹੀਂ ਸੀ। ਉਸ ਸਮੇਂ ਦੇ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਇਸ ਦੀ ਭਿਣਕ ਨਹੀਂ ਸੀ ਭਾਵੇਂ ਉਹ ਤਿੰਨੇ ਸੈਨਾਵਾਂ ਦੇ ਚੀਫ ਕਮਾਂਡਰ ਸਨ। ਇੰਦਰਾ ਦੇ ਸੰਬੋਧਨ ਤੋਂ ਚੌਵੀ ਘੰਟਿਆਂ ਅੰਦਰ ਹਰਿਮੰਦਰ ਸਾਹਿਬ ਦੇ ਨੇੜੇ-ਤੇੜੇ ਦੀਆਂ ਇਮਾਰਤਾਂ ’ਤੇ ਫ਼ੌਜ ਨੇ ਮੋਰਚੇ ਸੰਭਾਲ ਲਏ ਸਨ। ਵਾਕਈ ਇਹ ਦਿਲ-ਕੰਬਾਊ ਮੰਜ਼ਿਰ ਸੀ। ਇਹ ਪਹਿਲੀ ਵਾਰ ਸੀ ਕਿ ਆਪਣੀ ਹੀ ਫ਼ੌਜ ਆਪਣਿਆਂ ’ਤੇ ਚੜ੍ਹ ਕੇ ਆਈ ਸੀ। ਸਰਬ-ਸਾਂਝੀਵਾਲਤਾ ਦੇ ਕੇਂਦਰ ਨੂੰ ਫ਼ੌਜ ਨੇ ‘ਐਨਮੀਜ਼ ਟੈਰੇਟਰੀ’ (ਦੁਸ਼ਮਣ ਦਾ ਖੇਤਰ) ਐਲਾਨਿਆ ਸੀ। ਸੰਨ 1971 ਦੀ ਜੰਗ ਦਾ ਨਾਇਕ ਮੇਜਰ ਜਨਰਲ ਸੁਬੇਗ ਸਿੰਘ (ਸੇਵਾ ਮੁਕਤ) ਆਪਣੀ ਹੀ ਫ਼ੌਜ ਲਈ ਖ਼ਲਨਾਇਕ ਬਣ ਚੁੱਕਾ ਸੀ। ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਦੀ ਹਦੂਦ ਅੰਦਰ ਉਸ ਨੇ ਜ਼ਬਰਦਸਤ ਮੋਰਚਾਬੰਦੀ ਕੀਤੀ ਹੋਈ ਸੀ ਜਿਸ ਕਾਰਨ ਭਾਰਤੀ ਫ਼ੌਜ ਦਾ ਭਾਰੀ ਨੁਕਸਾਨ ਹੋਣ ਵਾਲਾ ਸੀ। ਜਰਨੈਲ ਸਿੰਘ ਭਿੰਡਰਾਂਵਾਲਾ ਸੰਤ ਤੋਂ ਸਿਪਾਹੀ ਬਣ ਕੇ ਫ਼ੌਜ ਦੇ ਸਾਹਮਣੇ ਸਨ। ਇਹ ਟਕਰਾਅ ਦੀ ਚਰਮ ਸੀਮਾ ਸੀ ਜਿਸ ਨੇ ਆਜ਼ਾਦ ਭਾਰਤ ਵਿਚ ਵਾਪਰੇ ਖ਼ੂਨੀ ਸਾਕੇ ਦੀ ਇਬਾਰਤ ਲਿਖਣੀ ਸੀ। ਤਿੰਨ ਜੂਨ ਨੂੰ ਅੰਮ੍ਰਿਤ ਵੇਲੇ ਬਾਰਾਂ ਬਿਹਾਰ ਰੈਜੀਮੈਂਟ ਵੱਲੋਂ ਬੀੜੀਆਂ ਗਈਆਂ ਮਸ਼ੀਨਗੰਨਾਂ ਨੇ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਨੂੰ ਜੰਗ ਦਾ ਅਖਾੜਾ ਬਣਾ ਦਿੱਤਾ ਸੀ। ਸਾਕਾ ਨੀਲਾ ਤਾਰਾ ਨੂੰ ਅੰਜਾਮ ਦੇਣ ਲਈ ਭਾਵੇਂ ਕੁਝ ਸਾਲ ਪਹਿਲਾਂ ਹੀ ਮਨਸੂਬੇ ਘੜਨੇ ਸ਼ੁਰੂ ਹੋ ਗਏ ਸਨ। ਅਕਾਲੀਆਂ ਖ਼ਿਲਾਫ਼ ਕੇਂਦਰ ਦੀ ਕਾਂਗਰਸ ਸਰਕਾਰ ਨੇ ਗ਼ਲਤ ਬਿਰਤਾਂਤ ਸਿਰਜਣੇ ਸ਼ੁਰੂ ਕਰ ਦਿੱਤੇ ਸਨ। ਕੇਂਦਰ ਸਰਕਾਰ ਅਕਾਲੀਆਂ ਦੇ ਮੋਰਚੇ ਨੂੰ ਕੁਚਲ ਕੇ ਦੇਸ਼ ਦੇ ਦੂਜੇ ਸੂਬਿਆਂ ਵਿਚ ਸਿਆਸੀ ਲਾਹਾ ਲੈਣਾ ਚਾਹੁੰਦੀ ਸੀ। ਯੂਪੀ ਦੇ ਚਕਰਾਤਾ (ਹੁਣ ਉਤਰਾਖੰਡ) ਵਿਚ ਹਰਿਮੰਦਰ ਸਾਹਿਬ ਦਾ ਵੱਡਾ ਮਾਡਲ ਬਣਾ ਕੇ ਟਰੇਨਿੰਗ ਦਿੱਤੀ ਗਈ ਸੀ। ਸਪਸ਼ਟ ਹੈ ਕਿ ਤਿੰਨ ਜੂਨ ਚੁਰਾਸੀ ਦੇ ‘ਸਿਵਲ ਨਾਫੁਰਮਾਨੀ’ ਦੇ ਸੱਦੇ ਨੂੰ ਬਸ ਐਵੇਂ ਬਹਾਨਾ ਹੀ ਬਣਾਇਆ ਗਿਆ ਸੀ। ਅਕਾਲੀ ਤਾਂ ਇੰਦਰਾ ਗਾਂਧੀ ਦੀਆਂ ਅੱਖਾਂ ਵਿਚ ਐਮਰਜੈਂਸੀ ਵੇਲੇ ਲੱਗੇ ਮੋਰਚੇ ਤੋਂ ਬਾਅਦ ਹੀ ਰੜਕਣੇ ਸ਼ੁਰੂ ਹੋ ਗਏ ਸਨ। ਸੰਨ 1972 ਤੋਂ 1977 ਤੱਕ ਰਹੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਬਲਦੀ ’ਤੇ ਤੇਲ ਪਾਉਣ ਵਾਲਾ ਕੰਮ ਕੀਤਾ। ਉਨ੍ਹਾਂ ਨੂੰ ਭਾਵੇਂ ਪੰਜਾਬ ’ਚੋਂ ਕੱਢ ਕੇ ਕੇਂਦਰ ਵਿਚ ਗ੍ਰਹਿ ਮੰਤਰੀ ਬਣਾ ਦਿੱਤਾ ਗਿਆ ਪਰ ਉਨ੍ਹਾਂ ’ਚੋਂ ਪੰਜਾਬ ਕਦੇ ਨਾ ਨਿਕਲਿਆ। ਰਾਸ਼ਟਰਪਤੀ ਬਣਨ ਵੇਲੇ ਤੱਕ ਉਹ ਪੰਜਾਬ ਦੀ ਸਿਆਸਤ ਵਿਚ ਵਿਸ਼ੇਸ਼ ਰੁਚੀ ਦਿਖਾਉਂਦੇ ਰਹੇ। ਜਦੋਂ ਦਰਬਾਰਾ ਸਿੰਘ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਗਿਆ ਤਾਂ ਉਹ ਤਿਲਮਿਲਾ ਉੱਠੇ ਸਨ। ਹਰ ਹਰਬਾ ਵਰਤ ਕੇ ਉਹ ਉਨ੍ਹਾਂ ਨੂੰ ਅਹੁਦੇ ਤੋਂ ਫਾਰਗ ਕਰਵਾਉਣਾ ਚਾਹੁੰਦੇ ਸਨ। ਜਦੋਂ ਅਕਤੂਬਰ 1983 ਵਿਚ ਢਿੱਲਵਾਂ ਬੱਸ ਕਾਂਡ ਵਾਪਰਿਆ ਤਾਂ ਉਨ੍ਹਾਂ ਦੀ ਸਰਕਾਰ ਤੋੜ ਕੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਗਾ ਦਿੱਤਾ ਗਿਆ ਸੀ। ਗਿਆਨੀ ਜ਼ੈਲ ਸਿੰਘ ਤੇ ਦਰਬਾਰਾ ਸਿੰਘ ਦੀ ਨਿੱਜੀ ਦੁਸ਼ਮਣੀ ਨੇ ਪੰਜਾਬ ਦਾ ਅਣਕਿਆਸਿਆ ਨੁਕਸਾਨ ਕਰ ਦਿੱਤਾ। ਦੋਵੇਂ ਨੇਤਾ ਇਕ ਪੰਨੇ ’ਤੇ ਹੁੰਦੇ ਤਾਂ ਪੰਜਾਬ ਸਮੱਸਿਆ ਦਾ ਕੋਈ ਸੁਖਾਵਾਂ ਹੱਲ ਨਿਕਲ ਜਾਂਦਾ ਤੇ ਆਪ੍ਰੇਸ਼ਨ ਬਲਿਊ ਸਟਾਰ ਦੀ ਕਦੇ ਨੌਬਤ ਹੀ ਨਾ ਆਉਂਦੀ। ਪੰਜਾਬ ਦੇ ਖ਼ੂਨੀ ਦੌਰ ਦਾ ਆਰੰਭ 13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਹਾੜੇ ਵਾਪਰੇ ਸਿੱਖ-ਨਿਰੰਕਾਰੀ ਕਾਂਡ ਨੂੰ ਮੰਨਿਆ ਜਾਂਦਾ ਹੈ ਜਿਸ ਵਿਚ ਅਖੰਡ ਕੀਰਤਨੀ ਜਥੇ ਦੇ 13 ਅੰਮ੍ਰਿਤਧਾਰੀ ਸਿੱਖ ਮਾਰੇ ਗਏ ਸਨ। ਇਸ ਤੋਂ ਬਾਅਦ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਉਭਾਰ ਹੁੰਦਾ ਹੈ। ਨਿਰੰਕਾਰੀ ਮੁਖੀ ਗੁਰਬਚਨ ਸਿੰਘ ਸਣੇ ਕਈ ਨਿਰੰਕਾਰੀਆਂ ਦਾ ਕਤਲ ਹੋਇਆ। ਅਜਿਹੇ ਵਿਸਫੋਟਕ ਹਾਲਾਤ ਵਿਚ ਅੱਠ ਅਪ੍ਰੈਲ 1982 ਨੂੰ ਇੰਦਰਾ ਗਾਂਧੀ ਨੇ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਆਪਸ ਵਿਚ ਜੋੜਨ ਲਈ ਕਪੂਰੀ ਪਿੰਡ ਵਿਚ ਟੱਕ ਲਗਾਇਆ ਤਾਂ ਪੰਜਾਬ ਵਿਚ ਗੁੱਸੇ ਦੀ ਲਹਿਰ ਦੌੜ ਗਈ। ਐੱਸਵਾਈਐੱਲ ਵਿਚ ਪਾਣੀ ਦੀ ਬਜਾਏ ਖ਼ੂਨ ਵਹਿਣਾ ਸ਼ੁਰੂ ਹੋ ਗਿਆ। ਕਪੂਰੀ ਵਿਖੇ ਮੋਰਚਾ ਸ਼ੁਰੂ ਹੋ ਗਿਆ ਜੋ ਚਾਰ ਅਗਸਤ 1982 ਨੂੰ ਅਕਾਲ ਤਖ਼ਤ ਤੋਂ ਲੱਗਣਾ ਸ਼ੁਰੂ ਹੋ ਗਿਆ। ਮੋਰਚਾ ਡਿਕਟੇਟਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ‘ਕਰੋ ਜਾਂ ਮਰੋ’ ਦਾ ਨਾਅਰਾ ਦੇ ਕੇ ਮਰਜੀਵੜਿਆਂ ਦੀ ਫ਼ੌਜ ਬਣਾ ਲਈ। ਦਿੱਲੀ ਤਖ਼ਤ ਤੇ ਅਕਾਲ ਤਖ਼ਤ ਦਰਮਿਆਨ ਸਦੀਆਂ ਪੁਰਾਣਾ ਟਕਰਾਅ ਚਰਮ ਸੀਮਾ ’ਤੇ ਪੁੱਜ ਗਿਆ। ਅਕਾਲ ਤਖ਼ਤ ਤੋਂ ਅਰਦਾਸ ਕਰ ਕੇ ‘ਸ਼ਹੀਦੀ ਜਥੇ’ ਰਵਾਨਾ ਹੁੰਦੇ। ਗ੍ਰਿਫ਼ਤਾਰੀਆਂ ਦੇਣ ਵਾਲਿਆਂ ਦੀ ਵਧਦੀ ਤਾਦਾਦ ਕਾਰਨ ਜੇਲ੍ਹਾਂ ’ਚ ਕੋਈ ਥਾਂ ਨਾ ਬਚੀ। ਦੂਜੇ ਪਾਸੇ ਗਰਮ ਦਲੀਆਂ ਵੱਲੋਂ ਹਿੰਸਾ ਦਾ ਦੌਰ ਸ਼ੁਰੂ ਹੋ ਚੁੱਕਾ ਸੀ। ਅਖ਼ਬਾਰਾਂ ਦੀਆਂ ਸੁਰਖ਼ੀਆਂ ਨਿਰਦੋਸ਼ਾਂ ਦੇ ਖ਼ੂਨ ਨਾਲ ਲਿਖੀਆਂ ਜਾਣ ਲੱਗੀਆਂ। ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਲੈ ਕੇ ਕੇਂਦਰ ਤੇ ਅਕਾਲੀ ਦਲ ਦੇ ਨੇਤਾਵਾਂ ਦਰਮਿਆਨ ਕਈ ਮੀਟਿੰਗਾਂ ਹੋਈਆਂ। ਇਨ੍ਹਾਂ ਦਾ ਜ਼ਿਕਰ ਕੇਂਦਰ ਸਰਕਾਰ ਵੱਲੋਂ ਛਾਪੇ ਗਏ ‘ਵ੍ਹਾਈਟ ਪੇਪਰ’ ਵਿਚ ਕੀਤਾ ਗਿਆ ਹੈ। ‘ਸਫ਼ੇਦ ਪੱਤਰ’ ਵਿਚ ਕਈ ਸਫ਼ੇਦ ਝੂਠ ਵੀ ਬੋਲੇ ਗਏ। ਇਸ ਦੇ ਜਵਾਬ ਵਿਚ ਅਕਾਲੀ ਦਲ ਨੇ ਵੀ ਵ੍ਹਾਈਟ ਪੇਪਰ ਛਾਪਿਆ। ਦੋਨਾਂ ਪੇਪਰਾਂ ਵਿਚ ਬਹੁਤ ਕੁਝ ਛੁਪਾਇਆ ਵੀ ਗਿਆ। ਅਕਤੂਬਰ 1983 ਤੋਂ 27 ਜੂਨ 1984 ਤੱਕ ਪੰਜਾਬ ਦੇ ਗਵਰਨਰ ਰਹੇ ਬੀਡੀ ਪਾਂਡੇ ਨੇ ਆਪਣੀ ਪੁਸਤਕ ਵਿਚ ਕੇਂਦਰ ਦੇ ਸਰਹੱਦੀ ਸੂਬੇ ਖ਼ਿਲਾਫ਼ ਘੜੇ ਗਏ ਮਨਸੂਬਿਆਂ, ਗਿਆਨੀ-ਦਰਬਾਰਾ ਸਿੰਘ ਦਰਮਿਆਨ ਰੇੜਕੇ ਕਾਰਨ ਹੋਏ ਨੁਕਸਾਨ ਤੇ ਕਈ ਹੋਰ ਓਹਲਿਆਂ ਦਾ ਇੰਕਸ਼ਾਫ਼ ਕੀਤਾ ਹੈ। ਪਾਂਡੇ ਦੀ ਇੱਛਾ ਮੁਤਾਬਕ ਇਹ ਕਿਤਾਬ ਉਨ੍ਹਾਂ ਦੇ ਮਰਨ ਤੋਂ ਪੰਜ ਸਾਲਾਂ ਬਾਅਦ ਛਾਪੀ ਗਈ ਸੀ। ਨਹੁੰ-ਮਾਸ ਤੇ ਰੋਟੀ-ਬੇਟੀ ਦੀ ਸਾਂਝ ਵਾਲੇ ਰਿਸ਼ਤਿਆਂ ਨੂੰ ਕਿਵੇਂ ਤਾਰ-ਤਾਰ ਕੀਤਾ ਗਿਆ, ਇਹ ਡੂੰਘੀਆਂ ਸਾਜ਼ਿਸ਼ਾਂ ਦਾ ਨਤੀਜਾ ਸੀ। ਪੰਜਾਬ ਵਿਚ ਲਾਂਬੂ ਲਾਉਣ ਨਾਲ ਸੂਬੇ ਨੂੰ ਨਹੀਂ ਬਲਕਿ ਪੂਰੇ ਦੇਸ਼ ਨੂੰ ਸੇਕ ਲੱਗਾ ਸੀ। ਇਹ ਪੀੜਾ, ਪੀੜ੍ਹੀ-ਦਰ-ਪੀੜ੍ਹੀ ਤੁਰਦੀ ਜਾਣੀ ਹੈ। ਵਲੂੰਧਰੀ ਸਿੱਖ ਮਾਨਸਿਕਤਾ ਦੀ ਚੀਸ ਇਤਿਹਾਸ ਦੇ ਪੰਨਿਆਂ ’ਚੋਂ ਉੱਠਦੀ ਰਹੇਗੀ। ਗ਼ਲਤੀਆਂ ਕਿੱਥੇ ਹੋਈਆਂ, ਇਨ੍ਹਾਂ ਬਾਰੇ ਸੱਚ ਟੁਕੜਿਆਂ ’ਚ ਬਿਖਰਿਆ ਪਿਆ ਹੈ। ਪੰਜਾਬ ਦੇ ਦੁਖਾਂਤ ਬਾਰੇ ਅਣਗਿਣਤ ਕਿਤਾਬਾਂ ਛਪੀਆਂ ਹਨ। ਸੇਵਾ ਮੁਕਤ ਫ਼ੌਜੀ ਜਰਨੈਲਾਂ, ਪੁਲਿਸ ਅਫ਼ਸਰਾਂ, ਸਾਬਕਾ ਆਈਏਐੱਸ ਅਧਿਕਾਰੀਆਂ, ਸਿੱਖ ਬੁੱਧੀਜੀਵੀਆਂ ਤੇ ਲੇਖਕਾਂ ਨੇ ਵੱਖੋ-ਵੱਖ ਜ਼ਾਵੀਏ ਤੋਂ ਇਸ ਦੁਖਾਂਤ ਦਾ ਲੇਖਾ-ਜੋਖਾ ਕੀਤਾ ਹੈ। ਬਰਤਾਨੀਆ ਤੇ ਸੋਵੀਅਤ ਰੂਸ ਦੀ ਭੂਮਿਕਾ ਦੇ ਵੀ ਹਵਾਲੇ ਮਿਲਦੇ ਹਨ। ਕਈ ਫਿਲਮਾਂ ਤੇ ਡਾਕੂਮੈਂਟਰੀਆਂ ਵੀ ਬਣੀਆਂ ਹਨ। ਇੰਦਰਾ ਗਾਂਧੀ ਤੇ ਅਕਾਲੀਆਂ ਨਾਲ ਮਈ ਚੁਰਾਸੀ ਤੱਕ ਹੋਈਆਂ ਮੀਟਿੰਗਾਂ ਨੂੰ ਕਿਸ ਨੇ ਤਾਰਪੀਡੋ ਕੀਤਾ, ਇਹ ਇਕ ਬਲਦਾ ਸਵਾਲ ਹੈ। ਬੀਤੇ ਦੀ ਇਮਾਨਦਾਰੀ ਨਾਲ ਪੜਚੋਲ ਨਾ ਕੀਤੀ ਗਈ ਤਾਂ ਅਗਲੀਆਂ ਪੀੜ੍ਹੀਆਂ ਸਾਨੂੰ ਕਦੇ ਮਾਫ਼ ਨਹੀਂ ਕਰਨਗੀਆਂ। ਉਨ੍ਹਾਂ ਸਾਰਿਆਂ ਦੀ ਨਿਸ਼ਾਨਦੇਹੀ ਦੀ ਲੋੜ ਹੈ ਜਿਨ੍ਹਾਂ ਦੀ ਸਿਆਸਤ ਦੁਨਾਲੀ ’ਚੋਂ ਨਿਕਲਦੀ ਰਹੀ ਹੈ। ਉਹ ਕਿਹੜੀਆਂ ਤਾਕਤਾਂ ਸਨ ਜਿਨ੍ਹਾਂ ਦੇ ਤੱਤੇ ਨਾਅਰਿਆਂ ਨੇ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਕੋਲੋਂ ਕਿਤਾਬਾਂ ਖੋਹ ਕੇ ਉਨ੍ਹਾਂ ਦੇ ਹੱਥਾਂ ਵਿਚ ਅਗਨ-ਹਥਿਆਰ ਫੜਾ ਦਿੱਤੇ ਸਨ? ਪੀੜ੍ਹੀਆਂ ਇਨ੍ਹਾਂ ਬਲਦੇ ਸਵਾਲਾਂ ਦੇ ਜਵਾਬ ਮੰਗਦੀਆਂ ਰਹਿਣਗੀਆਂ।

# ਸਮਾਧਾਨ ਕੈਂਪ ਜ਼ਮੀਨੀ ਪੱਧਰ 'ਤੇ ਚੰਗੇ ਸ਼ਾਸਨ ਦੇ ਵਾਅਦੇ ਨੂੰ ਲਾਗੂ ਕਰਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹਨ : ਡੀ.ਸੀ.

➢ ਅਧਿਕਾਰੀਆਂ ਨੂੰ ਜਨਤਕ ਸਮੱਸਿਆਵਾਂ ਦਾ ਜਲਦੀ ਹੱਲ ਕਰਨਾ ਚਾਹੀਦਾ ਹੈ, ਵਾਰ-ਵਾਰ ਦਫ਼ਤਰ ਜਾਣ ਤੋਂ ਬਚਣਾ ਚਾਹੀਦਾ ਹੈ

ਕਰਨਾਲ, 21 ਅਪ੍ਰੈਲ (ਪ.ਪ.): ਸੋਮਵਾਰ ਨੂੰ ਜ਼ਿਲ੍ਹਾ ਹੈੱਡਕੁਆਰਟਰ ਵਿਖੇ ਡੀ.ਸੀ. ਡਾ. ਆਨੰਦ ਕੁਮਾਰ ਸ਼ਰਮਾ ਦੀ ਪ੍ਰਧਾਨਗੀ ਹੇਠ ਇੱਕ ਸਮਾਧਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਵਿਭਾਗੀ ਅਧਿਕਾਰੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਨੇ ਕਰਨਾਲ ਅਤੇ ਇੰਦਰੀ ਦੇ ਸਿੰਚਾਈ ਵਿਭਾਗ ਦੇ ਕਾਰਜਕਾਰੀ ਇੰਜੀਨੀਅਰਾਂ ਅਤੇ ਫੂਡ ਸੇਫਟੀ ਅਫਸਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਜੋ ਬਿਨਾਂ ਨੋਟਿਸ ਦੇ ਸਮਾਧਾਨ ਕੈਂਪ ਤੋਂ ਗੈਰਹਾਜ਼ਰ ਪਾਏ ਗਏ।

ਸਮਾਧਾਨ ਕੈਂਪ ਅੱਜ ਜ਼ਿਲ੍ਹਾ ਹੈੱਡਕੁਆਰਟਰ ਸਮੇਤ ਸਾਰੇ ਸਬ-ਡਿਵੀਜ਼ਨ ਪੱਧਰਾਂ 'ਤੇ ਆਯੋਜਿਤ ਕੀਤੇ ਗਏ, ਜਿਨ੍ਹਾਂ ਵਿੱਚ ਕਰਨਾਲ ਵਿਖੇ 13 ਸ਼ਿਕਾਇਤਾਂ, ਨੀਲੋਖੇੜੀ ਸਬ-ਡਿਵੀਜ਼ਨ ਵਿੱਚ ਇੱਕ, ਇੰਦਰੀ ਸਬ-ਡਿਵੀਜ਼ਨ ਵਿੱਚ ਇੱਕ ਅਤੇ ਅਸੰਧ ਸਬ-ਡਿਵੀਜ਼ਨ ਵਿੱਚ ਦੋ ਸ਼ਿਕਾਇਤਾਂ ਪ੍ਰਾਪਤ ਹੋਈਆਂ। ਘਰੌਂਦਾ ਸਬ-ਡਿਵੀਜ਼ਨ ਵਿੱਚ ਕੋਈ ਸ਼ਿਕਾਇਤ ਨਹੀਂ ਮਿਲੀ। ਡੀ.ਸੀ. ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀਆਂ ਹਦਾਇਤਾਂ ਅਨੁਸਾਰ, ਸਮਾਧਾਨ ਕੈਂਪ ਹਰ ਸੋਮਵਾਰ ਅਤੇ ਵੀਰਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਜ਼ਿਲ੍ਹਾ ਅਤੇ ਸਬ-ਡਿਵੀਜ਼ਨ ਪੱਧਰ 'ਤੇ ਲਗਾਏ ਜਾਂਦੇ ਹਨ। ਸਮਾਧਾਨ ਕੈਂਪਾਂ ਦਾ ਮੁੱਖ ਉਦੇਸ਼ ਜਨਤਕ ਸਮੱਸਿਆਵਾਂ ਦੇ ਤੁਰੰਤ, ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਮਾਧਾਨ ਕੈਂਪ ਵਿੱਚ ਪ੍ਰਾਪਤ ਹੋਈਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਉਨ੍ਹਾਂ ਦੇ ਹੱਲ ਨੂੰ ਪਹਿਲ ਦੇ ਆਧਾਰ 'ਤੇ ਯਕੀਨੀ ਬਣਾਉਣ, ਤਾਂ ਜੋ ਜਨਤਾ ਨੂੰ ਬੇਲੋੜੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਉਨ੍ਹਾਂ ਨੂੰ ਵਾਰ-ਵਾਰ ਦਫ਼ਤਰ ਨਾ ਜਾਣਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜਨਤਕ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਯਕੀਨੀ ਬਣਾਉਣ, ਸਰਕਾਰ ਅਤੇ ਪ੍ਰਸ਼ਾਸਨ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਹੋਰ ਮਜ਼ਬੂਤ ??ਕਰਨ। ਉਨ੍ਹਾਂ




ਕਿਹਾ ਕਿ ਸਮਾਧਾਨ ਕੈਂਪ ਜ਼ਮੀਨੀ ਪੱਧਰ 'ਤੇ ਚੰਗੇ ਸ਼ਾਸਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਲਾਗੂ ਕਰਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹੈ। ਸਾਰੇ ਵਿਭਾਗ ਮੁਖੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰੇਕ ਸ਼ਿਕਾਇਤ ਦਾ ਨਿਪਟਾਰਾ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਕੀਤਾ ਜਾਵੇ ਅਤੇ ਇਸਦਾ ਗੁਣਵੱਤਾ ਵਾਲਾ ATR ਪੋਰਟਲ 'ਤੇ ਅਪਲੋਡ ਕੀਤਾ ਜਾਵੇ, ਤਾਂ ਜੋ ਸ਼ਿਕਾਇਤਾਂ ਲੰਬਿਤ ਨਾ ਰਹਿਣ। ਪੁਰਾਣੀਆਂ ਸ਼ਿਕਾਇਤਾਂ 'ਤੇ ਧਿਆਨ ਕੇਂਦਰਿਤ ਕਰੋ ਅਤੇ ਉਨ੍ਹਾਂ ਦਾ ਜਲਦੀ ਨਿਪਟਾਰਾ ਯਕੀਨੀ ਬਣਾਓ। ਉਨ੍ਹਾਂ ਹਦਾਇਤ ਕੀਤੀ ਕਿ ਸ਼ੁੱਕਰਵਾਰ ਨੂੰ ਸਮਾਧਾਨ ਸੈੱਲ ਦੀ ਸਮੀਖਿਆ ਮੀਟਿੰਗ ਤੋਂ ਪਹਿਲਾਂ ਸਾਰੀਆਂ ਸ਼ਿਕਾਇਤਾਂ ਦਾ ਸਹੀ ਢੰਗ ਨਾਲ ਹੱਲ ਕੀਤਾ ਜਾਵੇ ਜਾਂ ਜ਼ਰੂਰੀ ਕਾਰਵਾਈ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੁਆਰਾ ਆਯੋਜਿਤ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਵਾਉਣ। ਕਰਨਾਲ ਹੈੱਡਕੁਆਰਟਰ ਵਿਖੇ ਆਯੋਜਿਤ ਸੰਕਲਪ ਕੈਂਪ ਵਿੱਚ, ਇੰਦਰੀ ਨਿਵਾਸੀ ਜਹਾਂਗੀਰ ਨੇ ਕੇਸ ਨੰਬਰ 349 ਵਿੱਚ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਬੇਨਤੀ ਕੀਤੀ। ਪਿੰਡ ਊਂਚਾ ਸਮਾਣਾ ਦੇ ਰਾਜਕੁਮਾਰ ਨੇ ਪਿੰਡ ਵਿੱਚ ਇੱਕ ਐਸਆਈਟੀ ਬਣਾ ਕੇ ਜਾਂਚ ਕਰਵਾ ਕੇ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਅਤੇ ਅਯੋਗ ਵਿਅਕਤੀਆਂ ਨੂੰ 100 ਵਰਗ ਗਜ਼ ਦੇ ਪਲਾਟ ਗੈਰ-ਕਾਨੂੰਨੀ ਢੰਗ ਨਾਲ ਹੜੱਪਣ ਅਤੇ ਵਾਂਝੇ ਗਰੀਬ ਲੋਕਾਂ ਨੂੰ ਉਨ੍ਹਾਂ ਦੇ ਹੱਕ ਦੇਣ ਦੀ ਬੇਨਤੀ ਕੀਤੀ। ਪਿਚੋਲੀਆ ਦੇ ਮੰਗਲ ਰਾਮ ਨੇ ਜ਼ਮੀਨ ਦੇ ਮਾਲਕੀ ਅਧਿਕਾਰਾਂ ਦੀ ਬੇਨਤੀ ਕੀਤੀ। ਊਂਚਾ ਸਮਾਣਾ ਦੇ ਸੁਲਤਾਨ ਸਿੰਘ ਨੇ ਉਸ ਵਿਅਕਤੀ ਵਿਰੁੱਧ ਕਾਰਵਾਈ ਕਰਨ ਦੀ ਬੇਨਤੀ ਕੀਤੀ ਜਿਸਨੇ ਉਸਦੇ ਨਾਮ 'ਤੇ ਝੂਠੀ ਸ਼ਿਕਾਇਤ ਦਰਜ ਕਰਵਾਈ। ਮਹਿਮਦਪੁਰ ਦੇ ਸਰਪੰਚ ਮਹਿੰਦਰ ਸਿੰਘ ਨੇ ਖੇਤਾਂ ਨੂੰ ਜਾਣ ਵਾਲੀਆਂ ਸੜਕਾਂ ਖੋਲ੍ਹਣ ਦੀ ਬੇਨਤੀ ਕੀਤੀ। ਨਿਰਮਲ ਵਿਹਾਰ ਦੇ ਵਿਜੇ ਪਾਲ ਸਿੰਘ ਨੇ ਪੀਐਨਜੀ ਕੁਨੈਕਸ਼ਨ ਲਈ ਬੇਨਤੀ ਕੀਤੀ। ਅਰਦਾਨਾ ਦੇ ਰਵਿੰਦਰ ਨੇ ਅਦਾਲਤ ਦੇ ਫੈਸਲੇ ਦੀ ਬੇਨਤੀ ਕੀਤੀ। ਰਮਣਾ-ਰਮਣੀ ਦੇ ਸੋਨੂੰ ਨੇ ਉਸ ਦੇ ਖੇਤਾਂ ਨੂੰ ਅੱਗ ਲਗਾਉਣ ਅਤੇ ਉਸ 'ਤੇ ਹਮਲਾ ਕਰਨ ਵਾਲੇ ਦੋਸ਼ੀਆਂ ਲਈ ਸਜ਼ਾ ਦੀ ਬੇਨਤੀ ਕੀਤੀ। ਗੌਂਡਰ ਦੇ ਨਵੀਨ ਕੁਮਾਰ ਨੇ ਬੇਨਤੀ ਕੀਤੀ ਕਿ ਬਲਾਕ ਸੰਮਤੀ ਨਿਸਿੰਗ ਦੇ ਚੇਅਰਮੈਨ ਹਰਸ਼ਜੋਤ ਕੌਰ ਅਤੇ ਬੀਡੀਪੀਓ ਦਿਗੰਬਰ ਸਿੰਘ ਨੇ ਵਿਕਾਸ ਕਾਰਜਾਂ ਦੇ ਨਾਮ 'ਤੇ ਪੰਚਾਇਤ ਸੰਮਤੀ ਨਿਸਿੰਗ ਦੇ ਐਸਐਫਸੀ ਨੂੰ ਧੋਖਾ ਦੇਣ ਲਈ ਇੱਕ ਦੂਜੇ ਨਾਲ ਮਿਲੀਭੁਗਤ ਕੀਤੀ। ਬਲਾਨਾ ਦੇ ਸੁਮਿਤ ਕੁਮਾਰ ਨੇ ਪਾਣੀ ਦੇ ਕੂਲਰ, ਲੋਹੇ ਦੇ ਬੈਂਚ, ਸਟਰੀਟ ਲਾਈਟਾਂ ਅਤੇ ਸੈਨੀਟੇਸ਼ਨ ਨਾਲ ਜੁੜੇ ਕਰੋੜਾਂ ਰੁਪਏ ਦੇ ਘੁਟਾਲੇ ਦੀ ਜਾਂਚ ਬਾਰੇ ਸ਼ਿਕਾਇਤ ਕੀਤੀ, ਇਹ ਸਾਰੇ ਐਫਐਫਸੀ ਅਤੇ ਹੋਰ ਯੋਜਨਾਵਾਂ ਦੁਆਰਾ ਫੰਡ ਕੀਤੇ ਗਏ ਸਨ। ਉਸਨੇ ਝੂਠੀ ਸ਼ਿਕਾਇਤ 'ਤੇ ਘੰਟਿਆਂ ਤੱਕ ਪੁਲਿਸ ਸਟੇਸ਼ਨ ਵਿੱਚ ਰੱਖੇ ਜਾਣ ਦੀ ਸ਼ਿਕਾਇਤ ਕੀਤੀ। ਕਰਨਾਲ ਦੇ ਨਰੇਸ਼ ਕੁਮਾਰ ਨੇ ਬੁਦਾਸ ਐਕਟ 2019 ਦੇ ਤਹਿਤ ਦਰਜ ਸਾਰੇ ਮਾਮਲਿਆਂ ਅਤੇ ਉਸ ਤੋਂ ਪ੍ਰਾਪਤ ਅਰਜ਼ੀਆਂ ਨੂੰ ਫਾਸਟ ਟਰੈਕ ਕੋਰਟ ਵਿੱਚ ਭੇਜਣ ਬਾਰੇ ਸ਼ਿਕਾਇਤ ਕੀਤੀ, ਅਤੇ ਕਰਨਾਲ ਜ਼ਿਲ੍ਹੇ ਵਿੱਚ 44 ਚਿੱਟ ਫੰਡ ਕੰਪਨੀਆਂ ਦੁਆਰਾ ਧੋਖਾਧੜੀ ਦੇ 7,952 ਗਰੀਬ ਪੀੜਤਾਂ ਨੂੰ 25.33 ਕਰੋੜ 86 ਹਜ਼ਾਰ 580 ਰੁਪਏ ਦੀ ਅਦਾਇਗੀ ਬਾਰੇ ਸ਼ਿਕਾਇਤ ਕੀਤੀ। ਉੱਤਮ ਨਗਰ ਦੇ ਸੁਲਤਾਨ ਸਿੰਘ ਨੇ ਗੈਰ-ਕਾਨੂੰਨੀ ਰੈਂਪ ਬਣਾ ਕੇ ਕਬਜ਼ੇ ਕਰਨ ਅਤੇ ਆਪਣੀ ਪਤਨੀ ਨਾਲ ਦੁਰਵਿਵਹਾਰ ਅਤੇ ਜਾਨੋਂ ਮਾਰਨ ਦੀ ਧਮਕੀ ਦੇਣ ਬਾਰੇ ਸ਼ਿਕਾਇਤ ਕੀਤੀ। ਰਮਨਾ ਅਤੇ ਰਮਾਨੀ ਦੀ ਰੋਸ਼ਨੀ ਨੇ ਆਪਣੇ ਪਰਿਵਾਰਕ ਆਈਡੀ ਵਿੱਚ ਆਮਦਨ ਘਟਾਉਣ ਅਤੇ ਬੀਪੀਐਲ ਕਾਰਡ ਪ੍ਰਾਪਤ ਕਰਨ ਬਾਰੇ ਸ਼ਿਕਾਇਤ ਕੀਤੀ। ਇਸੇ ਤਰ੍ਹਾਂ, ਕਰਮਾ ਨੇ ਨੀਲੋਖੇੜੀ ਸਬ-ਡਿਵੀਜ਼ਨ ਵਿੱਚ ਆਯੋਜਿਤ ਰੈਜ਼ੋਲੂਸ਼ਨ ਕੈਂਪ ਵਿੱਚ ਆਪਣੀ ਬੁਢਾਪਾ ਪੈਨਸ਼ਨ ਸਮੱਸਿਆ ਨੂੰ ਉਠਾਇਆ। ਅਜੇ ਨੇ ਇੰਦਰੀ ਸਬ-ਡਿਵੀਜ਼ਨ ਦੇ ਰੈਜ਼ੋਲੂਸ਼ਨ ਕੈਂਪ ਵਿੱਚ ਸੀਵਰੇਜ ਲਿੰਕੇਜ ਦਾ ਮੁੱਦਾ ਉਠਾਇਆ। ਰਿੰਕੂ ਕੁਮਾਰ ਅਤੇ ਸੁਦੇਸ਼ ਪੀਪੀਪੀ ਸਕੀਮ ਤਹਿਤ ਸੁਲ੍ਹਾ ਕਰਵਾਉਣ ਲਈ ਅਸੰਧ ਸਬ-ਡਿਵੀਜ਼ਨ ਦੇ ਰੈਜ਼ੋਲੂਸ਼ਨ ਕੈਂਪ ਵਿੱਚ ਆਏ ਸਨ।




## ਰਾਸ਼ਟਰ ਲਈ ਵਿਚੋਲਗੀ ਅਤੇ ਹਰਿਆਣਾ ਕਮਿਊਨਿਟੀ ਵਿਚੋਲਗੀ ਪ੍ਰੋਗਰਾਮ ਤਹਿਤ ਜਾਗਰੂਕਤਾ ਕੈਂਪ ਲਗਾਇਆ

ਸੋਨੀਪਤ, 21 ਅਪ੍ਰੈਲ (ਪ.ਪ.):: ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ, ਸੋਨੀਪਤ ਦੇ ਬਲਾਕ ਰਾਏ, ਬਲਾਕ ਰਾਏ ਦੇ ਪਿੰਡ ਨਸੀਰਪੁਰ ਬਾਂਗਰ ਵਿੱਚ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਹ ਕੈਂਪ ਮਾਨਯੋਗ ਮੈਂਬਰ ਸਕੱਤਰ, ਹਰਿਆਣਾ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਪੰਚਕੂਲਾ ਦੇ ਨਿਰਦੇਸ਼ਨ ਹੇਠ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਮੁੱਖ ਨਿਆਂਇਕ ਮੈਜਿਸਟ੍ਰੇਟ-ਕਮ-ਸਕੱਤਰ ਪ੍ਰਚੇਤਾ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ, ਪੈਨਲ ਐਡਵੋਕੇਟ ਚੈਤੰਨਿਆ ਅਤੇ ਕਮਿਊਨਿਟੀ ਵਿਚੋਲਗੀ ਸੁਨੀਤਾ ਨੇ ਹਾਜ਼ਰੀਨ ਨੂੰ ਵਿਚੋਲਗੀ ਦੀ ਮਹੱਤਤਾ ਅਤੇ ਲਾਭਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵਿਚੋਲਗੀ ਇੱਕ ਸਰਲ, ਸਸਤਾ ਅਤੇ ਤੇਜ਼ ਵਿਵਾਦ ਨਿਪਟਾਰਾ ਵਿਧੀ ਹੈ ਜੋ ਆਪਸੀ ਸਹਿਮਤੀ ਨਾਲ ਵਿਵਾਦਾਂ ਨੂੰ ਹੱਲ ਕਰ ਸਕਦੀ ਹੈ ਅਤੇ ਅਦਾਲਤਾਂ ਵਿੱਚ ਕੇਸਾਂ ਦੇ ਬੈਕਲਾਗ ਨੂੰ ਘਟਾ ਸਕਦੀ ਹੈ। ਇਸ ਤੋਂ ਇਲਾਵਾ, ਜ਼ਿਲ੍ਹਾ ਸਮਾਜ ਭਲਾਈ ਦਫ਼ਤਰ ਦੇ ਪੈਨਲ ਐਡਵੋਕੇਟ ਚੈਤੰਨਿਆ ਅਤੇ ਸੋਹੇਲ ਨੇ ਸੀਨੀਅਰ ਨਾਗਰਿਕਾਂ ਲਈ ਉਪਲਬਧ ਕਾਨੂੰਨੀ ਸੇਵਾਵਾਂ ਬਾਰੇ ਜਨਤਾ ਵਿੱਚ ਜਾਗਰੂਕਤਾ ਪੈਦਾ ਕੀਤੀ। ਉਨ੍ਹਾਂ ਨੇ ਸੀਨੀਅਰ ਨਾਗਰਿਕਾਂ ਦੇ ਅਧਿਕਾਰਾਂ, ਰੱਖ-ਰਖਾਅ ਦੇ ਪ੍ਰਬੰਧਾਂ ਅਤੇ ਸਰਕਾਰੀ ਯੋਜਨਾਵਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਪ੍ਰੋਗਰਾਮ ਦੌਰਾਨ, ਹਰਿਆਣਾ ਕਮਿਊਨਿਟੀ ਮੀਡੀਏਸ਼ਨ ਪ੍ਰੋਗਰਾਮ ਅਧੀਨ ਉਪਲਬਧ ਸਹੂਲਤਾਂ ਅਤੇ ਸੇਵਾਵਾਂ ਦਾ ਵੀ ਵਿਸਥਾਰ ਨਾਲ ਵੇਰਵਾ ਦਿੱਤਾ ਗਿਆ। ਹਾਜ਼ਰੀਨ ਨੂੰ ਦੱਸਿਆ ਗਿਆ ਕਿ ਉਹ ਵਿਚੋਲਗੀ ਰਾਹੀਂ ਆਪਣੇ ਪਰਿਵਾਰਕ, ਸਮਾਜਿਕ ਅਤੇ ਛੋਟੇ-ਮੋਟੇ ਝਗੜਿਆਂ ਨੂੰ ਆਸਾਨੀ ਨਾਲ ਹੱਲ ਕਰ ਸਕਦੇ ਹਨ। ਜਾਗਰੂਕਤਾ ਕੈਂਪ ਵਿੱਚ ਲਗਭਗ 40 ਲੋਕਾਂ ਨੇ ਹਿੱਸਾ ਲਿਆ ਅਤੇ ਪ੍ਰੋਗਰਾਮ ਦਾ ਲਾਭ ਉਠਾਇਆ। ਭਾਗੀਦਾਰਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ, ਇਸਨੂੰ ਸਮਾਜ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਵਿੱਚ ਬਹੁਤ ਲਾਭਦਾਇਕ ਦੱਸਿਆ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੇਠ ਲਿਖੀਆਂ ਤਰੀਕਾਂ 'ਤੇ ਹੋਰ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾਏਗੀ: 21 ਅਪ੍ਰੈਲ ਨੂੰ ਸੰਦਲ ਕਲਾਂ, 22 ਅਪ੍ਰੈਲ ਨੂੰ ਪਾਲਦੀ ਖੁਰਦ, 23 ਅਪ੍ਰੈਲ ਨੂੰ ਨਾਹਰੀ ਪਾਨਾ ਸਿੱਖਾਨ, 24 ਅਪ੍ਰੈਲ ਨੂੰ ਰੋਲਦ ਲਤੀਫਪੁਰ, 27 ਅਪ੍ਰੈਲ ਨੂੰ ਨੱਥੂਪੁਰ, 28 ਅਪ੍ਰੈਲ ਨੂੰ ਰਾਜਪੁਰ, 29 ਅਪ੍ਰੈਲ ਨੂੰ ਸਲੀਮਪੁਰ ਟਰਾਲੀ ਅਤੇ 30 ਅਪ੍ਰੈਲ ਨੂੰ ਨੰਗਲ ਕਲਾਂ। ਪੈਨਲ ਵਕੀਲਾਂ ਨੇ NALSA ਅਤੇ HALSA ਦੀਆਂ ਵੱਖ-ਵੱਖ ਯੋਜਨਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੋਨੀਪਤ, ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਮੁਫ਼ਤ ਪੈਨਲ ਵਕੀਲ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ, 3 ਲੱਖ ਰੁਪਏ ਤੋਂ ਘੱਟ ਸਾਲਾਨਾ ਆਮਦਨ ਵਾਲੇ ਵਿਅਕਤੀ ਵੀ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

## ਸੂਖਮ ਅਭਿਆਸ ਅਤੇ ਪ੍ਰਾਣਾਯਾਮ ਬਜ਼ੁਰਗਾਂ ਲਈ ਸੰਪੂਰਨ ਦਵਾਈ ਹਨ: ਡਾ. ਸ਼ਕੁੰਤਲਾ ਦਹੀਆ

ਕੈਥਲ, 21 ਅਪ੍ਰੈਲ (ਪ.ਪ.): ਆਯੂਸ਼ ਵਿਭਾਗ ਅਤੇ ਹਰਿਆਣਾ ਯੋਗ ਕਮਿਸ਼ਨ ਦੀ ਸਾਂਝੀ ਅਗਵਾਈ ਹੇਠ ਜ਼ਿਲ੍ਹੇ ਦੇ ਪਿੰਡ ਫਰਾਲ ਅਤੇ ਜਾਦੌਲਾ ਵਿੱਚ ਬਜ਼ੁਰਗਾਂ ਲਈ ਵਿਸ਼ੇਸ਼ ਯੋਗ ਕੈਂਪ ਲਗਾਏ ਗਏ। ਬਜ਼ੁਰਗਾਂ ਨੇ ਇਨ੍ਹਾਂ ਕੈਂਪਾਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਪ੍ਰਣ ਲਿਆ। ਇਹ ਕੈਂਪ ਜ਼ਿਲ੍ਹਾ ਆਯੁਰਵੈਦਿਕ ਅਧਿਕਾਰੀ ਡਾ. ਸ਼ਕੁੰਤਲਾ ਦਹੀਆ ਦੀ ਅਗਵਾਈ ਹੇਠ ਆਯੋਜਿਤ ਕੀਤੇ ਗਏ ਸਨ, ਜਦੋਂ ਕਿ ਪ੍ਰੋਗਰਾਮ ਦੀ ਪ੍ਰਧਾਨਗੀ ਆਯੁਰਵੈਦਿਕ ਮੈਡੀਕਲ ਅਧਿਕਾਰੀ ਡਾ. ਪ੍ਰੇਮਚੰਦ ਨੇ ਕੀਤੀ। ਇਨ੍ਹਾਂ ਕੈਂਪਾਂ ਦੌਰਾਨ, ਆਯੁਸ਼ ਯੋਗ ਸਹਾਇਕਾਂ ਨੇ ਬਜ਼ੁਰਗਾਂ ਦੀ ਸਰੀਰਕ ਸਥਿਤੀ ਦੇ ਅਨੁਸਾਰ ਵਿਸ਼ੇਸ਼ ਯੋਗਾ ਅਭਿਆਸ ਕੀਤੇ। ਕੈਂਪ ਵਿੱਚ ਹੱਥਾਂ, ਗੁੱਟਾਂ, ਮੋਢਿਆਂ, ਗਿੱਟਿਆਂ, ਗੋਡਿਆਂ ਅਤੇ ਕਮਰ ਨੂੰ ਸ਼ਾਮਲ ਕਰਨ ਵਾਲੇ ਸਧਾਰਨ ਸੂਖਮ-ਅਭਿਆਸਾਂ ਸ਼ਾਮਲ ਸਨ, ਜੋ ਜੋੜਾਂ ਦੀ ਕਠੋਰਤਾ ਨੂੰ ਦੂਰ ਕਰਨ ਅਤੇ ਲਚਕਤਾ ਵਧਾਉਣ ਵਿੱਚ ਮਦਦ ਕਰਦੇ ਹਨ। ਇਸ ਤੋਂ ਇਲਾਵਾ, ਪ੍ਰਾਣਾਯਾਮ ਅਤੇ ਧਿਆਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ, ਜਿਸ ਵਿੱਚ ਅਨੁਲੋਮ-ਵਿਲੋਮ, ਭ੍ਰਾਮਰੀ ਅਤੇ ਧਿਆਨ ਵਰਗੇ ਅਭਿਆਸ ਸ਼ਾਮਲ ਹਨ, ਜੋ ਮਾਨਸਿਕ ਸ਼ਾਂਤੀ ਅਤੇ ਇਕਾਗਰਤਾ ਨੂੰ ਬਿਹਤਰ ਬਣਾਉਂਦੇ ਹਨ। ਇਸ ਮੌਕੇ 'ਤੇ ਬੋਲਦਿਆਂ, ਡਾ. ਸ਼ਕੁੰਤਲਾ ਦਹੀਆ ਨੇ ਕਿਹਾ ਕਿ ਉਮਰ ਦੇ ਨਾਲ ਮਾਸਪੇਸ਼ੀਆਂ ਅਤੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ, ਅਤੇ ਨਿਯਮਤ ਯੋਗਾ ਅਭਿਆਸ ਬਜ਼ੁਰਗਾਂ ਲਈ ਇੱਕ ਪੱਕਾ ਇਲਾਜ ਹੈ। ਉਨ੍ਹਾਂ ਦੱਸਿਆ ਕਿ ਯੋਗਾ ਨਾ ਸਿਰਫ਼ ਸਰੀਰਕ ਸਿਹਤ



ਨੂੰ ਬਿਹਤਰ ਬਣਾਉਂਦਾ ਹੈ ਬਲਕਿ ਮਾਨਸਿਕ ਸੰਤੁਲਨ ਵੀ ਬਣਾਈ ਰੱਖਦਾ ਹੈ ਅਤੇ ਸਕਾਰਾਤਮਕ ਊਰਜਾ ਦਾ ਸੰਚਾਰ ਵੀ ਕਰਦਾ ਹੈ, ਜਿਸ ਨਾਲ ਵਿਅਕਤੀ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਜੀ ਸਕਦਾ ਹੈ। ਵੀਰੇਂਦਰ ਆਰੀਆ, ਰਵੀ ਕੁਮਾਰ, ਸੁਨੀਲ ਕੁਮਾਰ, ਸੰਦੀਪ ਕੁਮਾਰ, ਵਿਜੇ ਕੁਮਾਰ, ਸੁਨੀਲ ਢੇਰਦੂ, ਸੁਖਦੇਵ, ਰੇਖਾ ਦੇਵੀ, ਅਤੇ ਰਾਜਕੁਮਾਰ ਸਮੇਤ ਹੋਰ ਭਾਗੀਦਾਰਾਂ ਨੇ ਕੈਂਪ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

## ਐਸਡੀਐਮ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਸੁਣੀਆਂ, ਤੁਰੰਤ ਹੱਲ ਲਈ ਨਿਰਦੇਸ਼ ਦਿੱਤੇ

ਕੈਥਲ, 21 ਅਪ੍ਰੈਲ (ਪ.ਪ.):ਸੋਮਵਾਰ ਨੂੰ ਐਸਡੀਐਮ ਅਜੈ ਹੁੱਡਾ ਦੀ ਪ੍ਰਧਾਨਗੀ ਹੇਠ ਸੰਯੁਕਤ ਕਿਸਾਨ ਮੋਰਚਾ ਦੇ ਨੁਮਾਇੰਦਿਆਂ ਅਤੇ ਇਲਾਕੇ ਦੇ ਕਿਸਾਨਾਂ ਨਾਲ ਇੱਕ ਮੀਟਿੰਗ ਹੋਈ। ਮੀਟਿੰਗ ਦੌਰਾਨ ਵੱਖ-ਵੱਖ ਸਮੱਸਿਆਵਾਂ ਦਾ ਹੱਲ ਕੀਤਾ ਗਿਆ। ਮੀਟਿੰਗ ਦੌਰਾਨ ਕਿਸਾਨਾਂ ਨੇ ਗੇਟ ਪਾਸ, ਬਾਇਓਮੈਟ੍ਰਿਕ ਸਿਸਟਮ, ਫਸਲ ਖਰੀਦ, ਲਿਫਟਿੰਗ ਅਤੇ ਭੁਗਤਾਨ ਸੰਬੰਧੀ ਆਪਣੀਆਂ ਚਿੰਤਾਵਾਂ ਉਠਾਈਆਂ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਇਲੈਕਟ੍ਰਾਨਿਕ ਮਸ਼ੀਨਾਂ ਰਾਹੀਂ ਫਸਲ ਦਾ ਭਾਰ ਯਕੀਨੀ ਬਣਾਇਆ ਜਾਵੇ ਅਤੇ ਕਮਿਸ਼ਨ ਏਜੰਟ ਖਰੀਦ ਪ੍ਰਕਿਰਿਆ ਵਿੱਚ ਬੇਲੋੜਾ ਦਖਲ ਨਾ ਦੇਣ। ਐਸਡੀਐਮ ਅਜੈ ਹੁੱਡਾ ਨੇ ਕਿਸਾਨਾਂ ਦੀਆਂ ਸਾਰੀਆਂ ਚਿੰਤਾਵਾਂ ਨੂੰ ਧਿਆਨ ਨਾਲ ਸੁਣਿਆ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਪਾਰਦਰਸ਼ੀ, ਸੁਚਾਰੂ ਅਤੇ ਸਮੇਂ ਸਿਰ ਫਸਲ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।



## ਹਰਿਆਣਾ ਵਿਧਾਨ ਸਭਾ ਸਪੀਕਰ ਨੇ ਹਲਕੇ ਦੇ ਵਸਨੀਕਾਂ ਦੀਆਂ ਸਮੱਸਿਆਵਾਂ ਸੁਣੀਆਂ

➢ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ

ਘਰੌਂਡਾ, 21 ਅਪ੍ਰੈਲ (ਪ.ਪ.): ਹਰਿਆਣਾ ਵਿਧਾਨ ਸਭਾ ਸਪੀਕਰ ਹਰਵਿੰਦਰ ਕਲਿਆਣ ਨੇ ਸੋਮਵਾਰ ਨੂੰ ਆਪਣੇ ਫਾਰਮ ਹਾਊਸ ਵਿਖੇ ਇੱਕ ਜਨਤਕ ਸੁਣਵਾਈ ਦੌਰਾਨ ਆਪਣੇ ਹਲਕੇ ਦੇ ਵਸਨੀਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਉਨ੍ਹਾਂ ਦਾ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਜਨਤਕ ਸੁਣਵਾਈ ਦੌਰਾਨ, ਸਥਾਨਕ ਨਿਵਾਸੀਆਂ ਨੇ ਆਪਣੇ ਪਿੰਡਾਂ ਲਈ ਵਿਕਾਸ ਨਾਲ ਸਬੰਧਤ ਮੰਗਾਂ ਉਠਾਈਆਂ। ਇਨ੍ਹਾਂ ਵਿੱਚ ਕੋਹੰਡ ਵਿੱਚ ਇੱਕ ਸਕੂਲ ਦੀ ਇਮਾਰਤ ਦਾ ਨਿਰਮਾਣ, ਪਿੰਡ ਤਾਰਪੁਰ ਨੇੜੇ ਖਾਦਰ ਖੇਤਰ ਵਿੱਚ ਕੈਂਪ ਤੱਕ ਸੜਕ ਦਾ ਪੱਕਾਕਰਨ, ਪਿੰਡ ਕਾਲਰਾਮ ਵਿੱਚ ਚੌਪਾਲ ਅਤੇ ਹਾਲ ਦਾ ਨਿਰਮਾਣ, ਪੰਜੂ ਰਾਮ ਕਲੋਨੀ ਵਿੱਚ ਪੀਣ ਵਾਲੇ ਪਾਣੀ ਦੀ ਨਵੀਂ ਪਾਈਪਲਾਈਨ ਵਿਛਾਉਣਾ, ਪਿੰਡ ਗੁਢਾ ਵਿੱਚ ਇੱਕ ਮਹਿਲਾ ਮੀਟਿੰਗ ਹਾਲ ਦਾ ਨਿਰਮਾਣ ਅਤੇ ਪਿੰਡ ਰਾਸਿਨ ਵਿੱਚ ਇੱਕ ਬੈਂਕੁਇਟ ਹਾਲ ਸ਼ਾਮਲ ਸਨ। ਉਨ੍ਹਾਂ ਨੇ ਪਿੰਡ ਵਾਸੀਆਂ ਦੁਆਰਾ ਉਠਾਈਆਂ ਗਈਆਂ ਸਾਰੀਆਂ ਮੰਗਾਂ ਅਤੇ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਨ੍ਹਾਂ ਕੰਮਾਂ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜਨਤਕ ਸਮੱਸਿਆਵਾਂ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਉਨ੍ਹਾਂ ਦੀ ਤਰਜੀਹ ਹੈ। ਇਸ ਮੌਕੇ ਵਿਧਾਨ ਸਭਾ ਸਪੀਕਰ ਹਰਵਿੰਦਰ ਕਲਿਆਣ ਨੇ ਕਿਹਾ ਕਿ ਰਾਜ ਸਰਕਾਰ ਰਾਜ ਭਰ ਵਿੱਚ ਵਿਕਾਸ ਪ੍ਰੋਜੈਕਟਾਂ ਦਾ ਤੇਜ਼ੀ ਨਾਲ ਵਿਸਥਾਰ ਕਰ ਰਹੀ ਹੈ ਤਾਂ ਜੋ ਹਰੇਕ ਪ੍ਰੋਜੈਕਟ ਆਪਣੇ ਉਦੇਸ਼ ਅਨੁਸਾਰ ਪੂਰਾ ਹੋ ਸਕੇ ਅਤੇ ਨਾਗਰਿਕਾਂ ਨੂੰ ਇਸਦਾ ਲਾਭ ਮਿਲੇ। ਉਨ੍ਹਾਂ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਪ੍ਰੋਜੈਕਟਾਂ ਸੰਬੰਧੀ ਆਪਣੀਆਂ ਮੰਗਾਂ ਉਨ੍ਹਾਂ ਤੱਕ ਪਹੁੰਚਾਉਣ, ਅਤੇ ਫਿਰ ਉਨ੍ਹਾਂ ਨੂੰ ਯੋਜਨਾਬੱਧ ਤਰੀਕੇ ਨਾਲ ਲਾਗੂ ਕਰਨ ਲਈ ਉਨ੍ਹਾਂ 'ਤੇ ਛੱਡ ਦੇਣ। ਉਨ੍ਹਾਂ ਨੇ ਉਨ੍ਹਾਂ ਨੂੰ ਆਪਣੀਆਂ ਨਿੱਜੀ ਸ਼ਿਕਾਇਤਾਂ ਨੂੰ ਪਾਸੇ ਰੱਖ ਕੇ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਵਿੱਚ ਹਿੱਸਾ ਲੈਣ ਲਈ ਕਿਹਾ ਤਾਂ ਜੋ ਪ੍ਰਗਤੀ ਵਿੱਚ ਤੇਜ਼ੀ ਆ ਸਕੇ ਅਤੇ ਨਿਗਰਾਨੀ ਕੀਤੀ ਜਾ ਸਕੇ। ਇਸ ਮੌਕੇ ਸਥਾਨਕ ਪੰਚਾਇਤ ਪ੍ਰਤੀਨਿਧੀ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੀ ਮੌਜੂਦ ਸਨ।

## ਸੰਚਾਲਨ ਅਤੇ ਰੱਖ-ਰਖਾਅ ਨੀਤੀ 2026 ਗ੍ਰਾਮ ਪੰਚਾਇਤਾਂ ਨੂੰ ਸ਼ਸ਼ਕਤ ਬਣਾਏਗੀ: ਰਾਜੀਵ ਬਾਤਿਸ਼



ਕੁਰੂਕਸ਼ੇਤਰ, 21 ਅਪ੍ਰੈਲ (ਪ.ਪ.):: ਮੁੱਖ ਇੰਜੀਨੀਅਰ ਰਾਜੀਵ ਬਾਤਿਸ਼ ਨੇ ਕਿਹਾ ਕਿ ਨਵੀਂ ਸੰਚਾਲਨ ਅਤੇ ਰੱਖ-ਰਖਾਅ ਨੀਤੀ 2026 ਦਾ ਮੁੱਖ ਉਦੇਸ਼ ਪੰਚਾਇਤਾਂ ਨੂੰ ਸਸ਼ਕਤ ਬਣਾਉਣਾ ਅਤੇ ਜਲ ਸਪਲਾਈ ਯੋਜਨਾਵਾਂ ਵਿੱਚ ਉਨ੍ਹਾਂ ਦੀ ਬਿਹਤਰ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ। ਇਸ ਬਿਹਤਰ ਲਾਗੂਕਰਨ ਦੇ ਭਵਿੱਖ ਵਿੱਚ ਬਹੁਤ ਸਕਾਰਾਤਮਕ ਪ੍ਰਭਾਵ ਪੈਣਗੇ। ਨਵੀਂ ਨੀਤੀ ਦੇ ਤਹਿਤ, ਸਾਰੀਆਂ ਗ੍ਰਾਮ ਪੰਚਾਇਤਾਂ ਲਈ ਡਿਜੀਟਲ ਬੈਂਕ ਖਾਤੇ ਖੋਲ੍ਹੇ ਜਾਣਗੇ, ਜਿਸ ਨਾਲ ਉਹ ਆਮਦਨ ਅਤੇ ਖਰਚ ਦਾ ਪ੍ਰਬੰਧਨ ਜਲਦੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਰ ਸਕਣਗੇ। ਸੰਚਾਲਨ ਅਤੇ ਰੱਖ-ਰਖਾਅ ਨੀਤੀ ਨੂੰ ਲਾਗੂ ਕਰਨ ਨਾਲ ਭਾਈਚਾਰਕ ਭਾਗੀਦਾਰੀ ਵਧੇਗੀ।

ਮੁੱਖ ਇੰਜੀਨੀਅਰ ਰਾਜੀਵ ਬਾਤਿਸ਼ ਸੋਮਵਾਰ ਨੂੰ ਕੁਰੂਕਸ਼ੇਤਰ ਦੇ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਕਾਨਫਰੰਸ ਹਾਲ ਵਿੱਚ ਆਯੋਜਿਤ ਇੱਕ ਵਰਕਸ਼ਾਪ ਵਿੱਚ ਬੋਲ ਰਹੇ ਸਨ। ਅੰਬਾਲਾ ਸਰਕਲ ਤੋਂ ਸੁਪਰਡੈਂਟ ਇੰਜੀਨੀਅਰ ਅਰਵਿੰਦ ਰੋਹਿਲਾ, ਕਰਨਾਲ ਸਰਕਲ ਤੋਂ ਵਿਕਾਸ ਸਿੰਗਰੋਹਾ ਅਤੇ ਕੈਥਲ ਸਰਕਲ ਤੋਂ ਕੇਕੇ ਗਿੱਲ ਮੁੱਖ ਹਾਜ਼ਰੀਨ ਵਿੱਚ ਸ਼ਾਮਲ ਸਨ। ਉਨ੍ਹਾਂ ਨੇ ਸੰਚਾਲਨ ਅਤੇ ਰੱਖ-ਰਖਾਅ ਨੀਤੀ ਦੇ ਮੁੱਖ ਉਦੇਸ਼ਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਇਹ ਨੀਤੀ ਔਰਤਾਂ ਨੂੰ ਸਸ਼ਕਤ ਬਣਾਏਗੀ। ਸਥਾਨਕ ਪੱਧਰ 'ਤੇ ਜਲਦੀ ਮੁਰੰਮਤ ਸਮੇਂ ਸਿਰ ਹੋਵੇਗੀ। ਇੱਕ ਪਾਰਦਰਸ਼ੀ ਸ਼ਿਕਾਇਤ ਨਿਵਾਰਣ ਵਿਧੀ ਸਿਸਟਮ ਨੂੰ ਮਜ਼ਬੂਤ ਕਰੇਗੀ, ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕੇਗੀ ਅਤੇ ਜਨਤਕ ਸਿਹਤ ਵਿੱਚ ਸੁਧਾਰ ਕਰੇਗੀ। ਇਸ ਮੌਕੇ 'ਤੇ ਪਾਣੀਪਤ ਤੋਂ ਨੋਡਲ ਕਾਰਜਕਾਰੀ ਇੰਜੀਨੀਅਰ ਕਰਨ ਬਹਿਲ, ਡੀਪੀਐਮ ਮੁੰਤਜ਼ੀਰ ਆਲਮ, ਜ਼ਿਲ੍ਹਾ ਸਲਾਹਕਾਰ ਸਤਵਿੰਦਰ ਤਾਇਆ, ਕੁਰੂਕਸ਼ੇਤਰ ਤੋਂ ਨੋਡਲ ਕਾਰਜਕਾਰੀ ਇੰਜੀਨੀਅਰ ਸੁਮਿਤ ਗਰਗ, ਕੈਥਲ ਤੋਂ ਡੀਪੀਐਮ ਮਨੋਜ ਕੁਮਾਰ, ਪੰਚਕੂਲਾ ਤੋਂ ਜ਼ਿਲ੍ਹਾ ਸਲਾਹਕਾਰ ਦੀਪਕ ਕੁਮਾਰ, ਕਾਰਜਕਾਰੀ ਇੰਜੀਨੀਅਰ ਸਮੀਰ ਸ਼ਰਮਾ, ਸਲਾਹਕਾਰ ਕਾਮੇਸ਼ ਸ਼ਰਮਾ, ਡੀਪੀਐਮ ਰਾਹੁਲ, ਜ਼ਿਲ੍ਹਾ ਸਲਾਹਕਾਰ ਆਰਜੂ ਮੌਜੂਦ ਸਨ।

## ਸਮਾਧਾਨ ਕੈਂਪਾਂ ਵਿੱਚ ਜਨਤਕ ਸ਼ਿਕਾਇਤਾਂ ਸੁਣੀਆਂ ਜਾ ਰਹੀਆਂ ਹਨ: ਅਨਿਲ ਕੁਮਾਰ ਦੂਨ

ਪਿਹੋਵਾ, 21 ਅਪ੍ਰੈਲ (ਪ.ਪ.):: ਉਪ-ਮੰਡਲ ਅਧਿਕਾਰੀ (ਸਿਵਲ) ਅਨਿਲ ਕੁਮਾਰ ਦੂਨ ਨੇ ਕਿਹਾ ਕਿ ਸਮਾਧਾਨ ਕੈਂਪਾਂ ਬਾਰੇ ਜਾਣਕਾਰੀ ਵੱਖ-ਵੱਖ ਚੈਨਲਾਂ ਰਾਹੀਂ ਜਨਤਾ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਈ ਜਾਣੀ ਚਾਹੀਦੀ ਹੈ, ਇਹ ਯਕੀਨੀ ਬਣਾਇਆ ਜਾਵੇ ਕਿ ਲੋਕਾਂ ਨੂੰ ਕੈਂਪਾਂ ਦੀਆਂ ਤਰੀਕਾਂ ਅਤੇ ਸਮੇਂ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾਇਆ ਜਾਵੇ, ਤਾਂ ਜੋ ਉਹ ਆਪਣੀਆਂ ਚਿੰਤਾਵਾਂ ਦਰਜ ਕਰ ਸਕਣ ਅਤੇ ਉਨ੍ਹਾਂ ਦਾ ਹੱਲ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਮਾਧਾਨ ਕੈਂਪ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਨਾਗਰਿਕ ਦਾ ਧਿਆਨ ਰੱਖਿਆ ਜਾ ਰਿਹਾ ਹੈ। ਉਪ-ਮੰਡਲ ਅਧਿਕਾਰੀ (ਸਿਵਲ) ਅਨਿਲ ਕੁਮਾਰ ਦੂਨ ਸੋਮਵਾਰ ਨੂੰ ਐਸਡੀਐਮ ਦਫ਼ਤਰ ਦੇ ਆਡੀਟੋਰੀਅਮ ਵਿੱਚ ਪ੍ਰਸ਼ਾਸਨ ਵੱਲੋਂ ਆਯੋਜਿਤ ਸਮਾਧਾਨ ਕੈਂਪ ਵਿੱਚ ਜਨਤਾ ਦੀਆਂ ਸ਼ਿਕਾਇਤਾਂ ਸੁਣਨ ਤੋਂ ਬਾਅਦ ਅਧਿਕਾਰੀਆਂ ਨੂੰ ਜ਼ਰੂਰੀ ਮਾਰਗਦਰਸ਼ਨ ਪ੍ਰਦਾਨ ਕਰ ਰਹੇ ਸਨ। ਇਸ ਤੋਂ ਪਹਿਲਾਂ, ਐਸਡੀਐਮ ਅਨਿਲ ਕੁਮਾਰ ਦੂਨ ਨੇ ਵੱਖ-ਵੱਖ ਵਿਭਾਗਾਂ ਦੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਦਾ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਕੈਂਪ ਵਿੱਚ ਹਰੇਕ ਸ਼ਿਕਾਇਤ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਤਾਂ ਜੋ ਹਰ ਕੋਈ ਸਮੇਂ ਸਿਰ ਕੈਂਪ ਦਾ ਲਾਭ ਉਠਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਉਪ-ਮੰਡਲ ਪੱਧਰ 'ਤੇ ਹਰ ਸੋਮਵਾਰ ਅਤੇ ਵੀਰਵਾਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਸਮਾਧਾਨ ਕੈਂਪ ਲਗਾਏ ਜਾ ਰਹੇ ਹਨ। ਸਰਕਾਰ ਜਨਤਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਸਮਾਧਾਨ ਕੈਂਪ ਲਗਾ ਰਹੀ ਹੈ। ਸਮਾਧਾਨ ਕੈਂਪ ਵਿੱਚ ਸ਼ਿਕਾਇਤਾਂ ਦੇ ਹੱਲ ਹੋਣ ਤੋਂ ਬਾਅਦ ਵੀ, ਨਿਗਰਾਨੀ ਕਮੇਟੀ ਸ਼ਿਕਾਇਤਕਰਤਾਵਾਂ ਨਾਲ ਫੀਡਬੈਕ ਲਈ ਸੰਪਰਕ ਕਰਦੀ ਹੈ। ਜੇਕਰ ਸ਼ਿਕਾਇਤਕਰਤਾ ਸੰਤੁਸ਼ਟ ਨਹੀਂ ਹੁੰਦਾ ਹੈ, ਤਾਂ ਸ਼ਿਕਾਇਤ ਦੁਬਾਰਾ ਖੋਲ੍ਹ ਦਿੱਤੀ ਜਾਂਦੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਸ਼ਿਕਾਇਤਾਂ ਦੇ ਹੱਲ ਲਈ ਗੰਭੀਰ ਹੋਣ ਦੀ ਅਪੀਲ ਕੀਤੀ। ਇਨ੍ਹਾਂ ਸ਼ਿਕਾਇਤਾਂ ਦੇ ਹੱਲ ਵਿੱਚ ਲਾਪਰਵਾਹੀ ਪਾਏ ਜਾਣ ਵਾਲੇ ਕਿਸੇ ਵੀ ਵਿਭਾਗ ਜਾਂ ਅਧਿਕਾਰੀ 'ਤੇ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

## ਸ਼ਹਿਰੀ ਚੁਣੌਤੀ ਫੰਡ ਵਿਕਾਸ ਨੂੰ ਨਵੀਂ ਗਤੀ ਦੇਵੇਗਾ : ਰੇਣੂ ਬਾਲਾ ਗੁਪਤਾ



ਕਰਨਾਲ, 21 ਅਪ੍ਰੈਲ (ਪ.ਪ.): ਮੇਅਰ ਰੇਣੂ ਬਾਲਾ ਗੁਪਤਾ ਨੇ ਕੇਂਦਰ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਸ਼ਹਿਰੀ ਚੁਣੌਤੀ ਫੰਡ (ਯੂਸੀਐਫ) ਦਾ ਸਵਾਗਤ ਕਰਦਿਆਂ ਇਸਨੂੰ ਸ਼ਹਿਰਾਂ ਦੇ ਸੰਪੂਰਨ, ਮਜ਼ਬੂਤ ਅਤੇ ਲੰਬੇ ਸਮੇਂ ਦੇ ਵਿਕਾਸ ਵੱਲ ਇੱਕ ਇਤਿਹਾਸਕ ਅਤੇ ਦੂਰਗਾਮੀ ਪਹਿਲਕਦਮੀ ਦੱਸਿਆ। ਉਨ੍ਹਾਂ ਕਿਹਾ ਕਿ ਕਰਨਾਲ ਨੇ ਪਹਿਲਾਂ ਸਫਾਈ ਅਤੇ ਸਰਬਪੱਖੀ ਵਿਕਾਸ ਦੇ ਮਾਮਲੇ ਵਿੱਚ ਕਈ ਮੀਲ ਪੱਥਰ ਸਥਾਪਤ ਕੀਤੇ ਹਨ। ਹੁਣ, ਇਸ ਸਬੰਧ ਵਿੱਚ, ਯੂਸੀਐਫ ਰਾਹੀਂ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਮੇਅਰ ਨੇ ਕਿਹਾ ਕਿ ਦੇਸ਼ ਦੇ ਪ੍ਰਸਿੱਧ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਅਤੇ ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਮਨੋਹਰ ਲਾਲ ਦੇ ਮਾਰਗਦਰਸ਼ਨ ਅਤੇ ਪ੍ਰੇਰਨਾ ਹੇਠ ਸ਼ੁਰੂ ਕੀਤਾ ਗਿਆ ਇਹ ਫੰਡ ਭਾਰਤ ਵਿੱਚ ਸ਼ਹਿਰੀ ਵਿਕਾਸ ਦੇ ਰੂਪ ਨੂੰ ਇੱਕ ਨਵੀਂ ਦਿਸ਼ਾ ਦੇਣ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 15 ਅਪ੍ਰੈਲ ਨੂੰ ਕੇਂਦਰੀ ਊਰਜਾ, ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਮੰਤਰੀ ਮਨੋਹਰ ਲਾਲ ਵੱਲੋਂ ਯੂਸੀਐਫ ਦੇ ਸੰਚਾਲਨ ਲਈ ਮਹੱਤਵਪੂਰਨ ਦਿਸ਼ਾ-ਨਿਰਦੇਸ਼ ਜਾਰੀ ਕਰਨ ਤੋਂ ਬਾਅਦ, ਕਰਨਾਲ ਸਮੇਤ ਦੇਸ਼ ਭਰ ਦੇ ਸ਼ਹਿਰਾਂ ਦੇ ਸਰਵਪੱਖੀ ਵਿਕਾਸ ਲਈ ਨਵੀਂ ਪ੍ਰੇਰਣਾ ਦੀ ਪ੍ਰਬਲ ਸੰਭਾਵਨਾ ਹੈ। ਮੇਅਰ ਰੇਣੂ ਬਾਲਾ ਗੁਪਤਾ ਨੇ ਕਿਹਾ ਕਿ ?1 ਲੱਖ ਕਰੋੜ ਦੀ ਕੇਂਦਰੀ ਸਹਾਇਤਾ ਨਾਲ ਸੰਚਾਲਿਤ ਇਹ ਫੰਡ ਅਗਲੇ ਪੰਜ ਸਾਲਾਂ ਵਿੱਚ ਲਗਭਗ ?4 ਲੱਖ ਕਰੋੜ ਦੇ ਸ਼ਹਿਰੀ ਨਿਵੇਸ਼ ਨੂੰ ਤੇਜ਼ ਕਰੇਗਾ, ਜਿਸ ਵਿੱਚ ਟੀਅਰ 99 ਅਤੇ ਟੀਅਰ 999 ਸ਼ਹਿਰਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਸ ਯੋਜਨਾ ਦੇ ਤਹਿਤ, ਪ੍ਰੋਜੈਕਟਾਂ ਲਈ 25 ਪ੍ਰਤੀਸ਼ਤ ਤੱਕ ਕੇਂਦਰੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਜਦੋਂ ਕਿ ਘੱਟੋ-ਘੱਟ 50 ਪ੍ਰਤੀਸ਼ਤ ਬਾਜ਼ਾਰ-ਅਧਾਰਤ ਸਰੋਤਾਂ - ਜਿਵੇਂ ਕਿ ਬੈਂਕ ਕਰਜ਼ੇ, ਮਿਊਂਸੀਪਲ ਬਾਂਡ ਅਤੇ ਜਨਤਕ-ਨਿੱਜੀ ਭਾਈਵਾਲੀ ਰਾਹੀਂ ਇਕੱਠੀ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਯੂਸੀਐਫ ਪੁਰਾਣੇ ਸ਼ਹਿਰੀ ਖੇਤਰਾਂ ਅਤੇ ਰਵਾਇਤੀ ਬਾਜ਼ਾਰਾਂ ਦੇ ਪੁਨਰ ਵਿਕਾਸ, ਸ਼ਹਿਰੀ ਆਵਾਜਾਈ ਅਤੇ ਆਖਰੀ-ਮੀਲ ਸੰਪਰਕ, ਗੈਰ-ਮੋਟਰਾਈਜ਼ਡ ਆਵਾਜਾਈ, ਪਾਣੀ ਸਪਲਾਈ, ਸੀਵਰੇਜ ਅਤੇ ਸੈਨੀਟੇਸ਼ਨ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਪਰਿਵਰਤਨਸ਼ੀਲ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰੇਗਾ। ਇਸ ਤੋਂ ਇਲਾਵਾ, ਛੋਟੇ ਸ਼ਹਿਰਾਂ ਲਈ ਕਰਜ਼ੇ ਦੀ ਮੁੜ ਅਦਾਇਗੀ ਦੀ ਗਰੰਟੀ ਉਪ-ਯੋਜਨਾ ਉਨ੍ਹਾਂ ਨੂੰ ਪਹਿਲੀ ਵਾਰ ਬਾਜ਼ਾਰ-ਅਧਾਰਤ ਵਿੱਤ ਤੱਕ ਪਹੁੰਚ ਪ੍ਰਦਾਨ ਕਰਨ ਵਿੱਚ ਮਦਦ ਕਰੇਗੀ। ਮੇਅਰ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਕਰਨਾਲ, ਜੋ ਕਿ ਪਹਿਲਾਂ ਹੀ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਸਵੱਛਤਾ ਅਤੇ ਸੰਪੂਰਨ ਵਿਕਾਸ ਦੇ ਖੇਤਰਾਂ ਵਿੱਚ ਉੱਤਮ ਰਿਹਾ ਹੈ, ਇਸ ਯੋਜਨਾ ਰਾਹੀਂ ਹੋਰ ਵੀ ਮਜ਼ਬੂਤ ??ਹੋ ਕੇ ਉਭਰੇਗਾ। ਉਨ੍ਹਾਂ ਕਿਹਾ ਕਿ ਕਰਨਾਲ ਇੱਕ ਸਮਾਰਟ ਸ਼ਹਿਰ ਵਜੋਂ ਲਗਾਤਾਰ ਤਰੱਕੀ ਕਰ ਰਿਹਾ ਹੈ, ਅਤੇ ਯੂਸੀਐਫ ਦੇ ਸਮਰਥਨ ਨਾਲ, ਸ਼ਹਿਰ ਦੇ ਬੁਨਿਆਦੀ ਢਾਂਚੇ, ਨਾਗਰਿਕ ਸਹੂਲਤਾਂ ਅਤੇ ਸ਼ਹਿਰੀ ਸੇਵਾਵਾਂ ਨੂੰ ਹੋਰ ਮਜ਼ਬੂਤ ਅਤੇ ਆਧੁਨਿਕ ਬਣਾਇਆ ਜਾਵੇਗਾ।

## ਪਿੰਡਾਂ ਵਿੱਚ ਗੀਤਾਂ ਰਾਹੀਂ ਜਾਗਰੂਕਤਾ ਪੈਦਾ ਕੀਤੀ

ਕਰਨਾਲ, 21 ਅਪ੍ਰੈਲ (ਪ.ਪ.):: ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਕਲਾਕਾਰ ਹਰਿਆਣਾ ਸਰਕਾਰ ਦੀ ਮਹਿਲਾ ਉਥਾਨ ਅਤੇ ਮਹਿਲਾ ਸਸ਼ਕਤੀਕਰਨ ਮੁਹਿੰਮ ਨੂੰ ਉਤਸ਼ਾਹਿਤ ਕਰਨ ਲਈ ਗੀਤਾਂ ਰਾਹੀਂ ਜਾਗਰੂਕਤਾ ਪੈਦਾ ਕਰ ਰਹੇ ਹਨ। ਇਸ ਸਬੰਧ ਵਿੱਚ, ਵਿਭਾਗ ਦੇ ਕਲਾਕਾਰਾਂ ਨੇ ਸੋਮਵਾਰ ਨੂੰ ਜੈਰਾਮਪੁਰ, ਬਸਤਾਲੀ, ਅਮੂਪੁਰ, ਸ਼ੇਖਪੁਰਾ ਖਾਲਸਾ ਅਤੇ ਪੱਕਾ ਖੇੜਾ ਵਰਗੇ ਪਿੰਡਾਂ ਵਿੱਚ ਗੀਤ ਪੇਸ਼ ਕੀਤੇ। ਡੀਪੀਆਰਓ ਸੱਤਿਆਵਾਨ ਮਹੀਵਾਲ ਨੇ ਦੱਸਿਆ ਕਿ ਵਿਭਾਗ ਦੇ ਕਲਾਕਾਰਾਂ ਦੁਆਰਾ ਆਯੋਜਿਤ ਇਨ੍ਹਾਂ ਪ੍ਰੋਗਰਾਮਾਂ ਦਾ ਮੁੱਖ ਉਦੇਸ਼ ਔਰਤਾਂ ਵਿੱਚ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਸਰਕਾਰੀ ਭਲਾਈ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।

# ਰੂਸ ਤੋਂ ਹੁਣ ਹੋਰ ਤੇਲ ਖ਼ਰੀਦ ਸਕੇਗਾ ਭਾਰਤ ; ਅਮਰੀਕਾ ਨੇ ਪਾਬੰਦੀਆਂ 'ਚ ਛੋਟ ਨੂੰ ਫਿਰ ਵਧਾਇਆ

ਵਾਸ਼ਿੰਗਟਨ, 21 ਅਪ੍ਰੈਲ (ਪ.ਪ) : ਟਰੰਪ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਇੱਕ ਛੋਟ ਬਹਾਲ ਕਰ ਦਿੱਤੀ, ਜਿਸ ਨਾਲ ਦੇਸ਼ਾਂ ਨੂੰ ਸਮੁੰਦਰ ਰਾਹੀਂ ਲਿਜਾਏ ਜਾਣ ਵਾਲੇ ਰੂਸੀ ਤੇਲ ਅਤੇ ਪੈਟਰੋਲੀਅਮ ਉਤਪਾਦਾਂ ਨੂੰ ਖਰੀਦਣ ਦੀ ਇਜਾਜ਼ਤ ਦਿੱਤੀ ਗਈ। ਇਹ ਛੋਟ ਲਗਭਗ ਇੱਕ ਮਹੀਨੇ ਦੀ ਮਿਆਦ ਲਈ ਵੈਧ ਹੈ। ਇਹ ਕਦਮ ਪ੍ਰਸ਼ਾਸਨ ਵੱਲੋਂ ਸ਼ੁਰੂ ਵਿੱਚ ਛੋਟ ਦੇਣ ਤੋਂ ਇਨਕਾਰ ਕਰਨ ਤੋਂ ਸਿਰਫ਼ ਦੋ ਦਿਨ ਬਾਅਦ ਆਇਆ ਹੈ।ਖਜ਼ਾਨਾ ਵਿਭਾਗ ਨੇ ਸ਼ੁੱਕਰਵਾਰ ਦੇਰ ਰਾਤ ਆਪਣੀ ਵੈੱਬਸਾਈਟ 'ਤੇ ਇਹ ਲਾਇਸੈਂਸ ਜਾਰੀ ਕੀਤਾ। ਇਸ ਵਿਵਸਥਾ ਦੇ ਤਹਿਤ, ਦੇਸ਼ਾਂ ਨੂੰ ਸ਼ੁੱਕਰਵਾਰ ਤੋਂ ਜਹਾਜ਼ਾਂ 'ਤੇ ਲੋਡ ਕੀਤਾ ਗਿਆ ਰੂਸੀ ਤੇਲ 16 ਮਈ ਤਕ ਖਰੀਦਣ ਦੀ ਇਜਾਜ਼ਤ ਹੈ। ਹਾਲਾਂਕਿ, ਭਾਰਤ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਇਸ ਫੈਸਲੇ ਤੋਂ ਪ੍ਰਭਾਵਿਤ ਨਹੀਂ ਹੋਵੇਗਾ ਅਤੇ ਰੂਸ ਤੋਂ ਕੱਚਾ ਤੇਲ ਅਤੇ ਐਲਪੀਜੀ ਖਰੀਦਣਾ ਜਾਰੀ ਰੱਖੇਗਾ।ਇਹ ਲਾਇਸੈਂਸ ਪ੍ਰਸ਼ਾਸਨ ਦੇ ਵਿਸ਼ਵਵਿਆਪੀ ਊਰਜਾ ਕੀਮਤਾਂ ਨੂੰ ਸਥਿਰ ਕਰਨ ਦੇ ਵਿਆਪਕ ਯਤਨਾਂ ਦਾ ਹਿੱਸਾ ਹੈ। ਈਰਾਨ ਨਾਲ ਜੁੜੇ ਅਮਰੀਕਾ-ਇਜ਼ਰਾਈਲ ਸੰਘਰਸ਼ ਦੌਰਾਨ ਇਹ ਕੀਮਤਾਂ ਕਾਫ਼ੀ ਵਧੀਆਂ ਸਨ। ਈਰਾਨ, ਕਿਊਬਾ ਅਤੇ ਉੱਤਰੀ ਕੋਰੀਆ ਨਾਲ ਜੁੜੇ ਲੈਣ-ਦੇਣ ਨੂੰ ਇਸ ਲਾਇਸੈਂਸ ਦੇ ਦਾਇਰੇ ਤੋਂ ਸਪੱਸ਼ਟ ਤੌਰ 'ਤੇ ਬਾਹਰ ਰੱਖਿਆ ਗਿਆ ਹੈ।ਰੂਸੀ ਰਾਸ਼ਟਰਪਤੀ ਦੇ ਰਾਜਦੂਤ ਕਿਰਿਲ ਦਮਿਤਰੀਵ ਨੇ ਕਿਹਾ ਸੀ ਕਿ ਸ਼ੁਰੂਆਤੀ ਛੋਟ 100 ਮਿਲੀਅਨ ਬੈਰਲ ਰੂਸੀ ਕੱਚਾ ਤੇਲ ਉਪਲਬਧ ਕਰਵਾਏਗੀ - ਜੋ ਕਿ ਲਗਭਗ ਇੱਕ ਦਿਨ ਦੇ ਵਿਸ਼ਵਵਿਆਪੀ ਉਤਪਾਦਨ ਦੇ ਬਰਾਬਰ ਹੈ। ਹਾਲਾਂਕਿ ਪਾਬੰਦੀਆਂ ਤੋਂ ਇਸ ਰਾਹਤ ਨਾਲ ਵਿਸ਼ਵਵਿਆਪੀ ਤੇਲ ਸਪਲਾਈ ਵਿੱਚ ਅਸਥਾਈ ਵਾਧਾ ਹੋ ਸਕਦਾ ਹੈ, ਪਰ ਇਹ ਪੈਟਰੋਲੀਅਮ ਕੀਮਤਾਂ ਵਿੱਚ ਵਾਧੇ ਨੂੰ ਰੋਕਣ ਵਿੱਚ ਸਫਲ ਨਹੀਂ ਹੋਇਆ ਹੈ।

# '1 ਘੰਟੇ 'ਚ 7 ਦਾਅਵੇ, ਸਾਰੇ ਝੂਠੇ, ਟਰੰਪ ਦੀ ਹੋਰਮੁਜ਼ ਨਾਕਾਬੰਦੀ ਵਾਲੀ ਪੋਸਟ 'ਤੇ ਈਰਾਨ ਦਾ ਪਲਟਵਾਰ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਈਰਾਨ ਦੀ ਸੰਸਦ ਦੇ ਸਪੀਕਰ, ਮੁਹੰਮਦ ਬਾਕਰ ਗਾਲੀਬਾਫ ਨੇ ਡੋਨਾਲਡ ਟਰੰਪ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਆਪਣੀ ਜਲ ਸੈਨਾ ਦੀ ਨਾਕਾਬੰਦੀ ਜਾਰੀ ਰੱਖਦਾ ਹੈ, ਤਾਂ ਤਹਿਰਾਨ ਹੋਰਮੁਜ਼ ਜਲਡਮਰੂਮੱਧ ਨੂੰ ਬੰਦ ਕਰ ਦੇਵੇਗਾ। ਇਹ ਚਿਤਾਵਨੀ ਉਦੋਂ ਆਈ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਨਾਕਾਬੰਦੀ ਪੂਰੀ ਤਾਕਤ ਨਾਲ ਜਾਰੀ ਰਹੇਗੀ।ਗਾਲੀਬਾਫ ਨੇ @✓@ @ਤੇ ਇੱਕ ਪੋਸਟ ਵਿੱਚ ਜ਼ੋਰ ਦੇ ਕੇ ਕਿਹਾ ਕਿ ਹੋਰਮੁਜ਼ ਜਲਡਮਰੂਮੱਧ ਤੋਂ ਗੁਜ਼ਰਨਾ ਤੈਅ ਕੀਤੇ ਰਸਤੇ ਦੇ ਹਿਸਾਬ ਨਾਲ ਅਤੇ ਈਰਾਨੀ ਮਨਜ਼ੂਰੀ ਨਾਲ ਹੀ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਨਾਕਾਬੰਦੀ ਜਾਰੀ ਰਹੀ ਤਾਂ ਹੋਰਮੁਜ਼ ਦਾ ਰਸਤਾ ਖੁੱਲ੍ਹਾ ਨਹੀਂ ਰਹੇਗਾ।ਈਰਾਨੀ ਸੰਸਦ ਦੇ ਸਪੀਕਰ ਨੇ ਇਲਜ਼ਾਮ ਲਗਾਇਆ ਕਿ ਟਰੰਪ ਨੇ ਇੱਕ ਘੰਟੇ ਵਿੱਚ ਸੱਤ ਦਾਅਵੇ ਕੀਤੇ, ਜਿਨ੍ਹਾਂ ਵਿੱਚੋਂ ਸਾਰੇ ਝੂਠੇ ਸਨ। ਹਾਲਾਂਕਿ, ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਦਾਅਵੇ ਅਸਲ ਵਿੱਚ ਕੀ ਸਨ।ਇਹ ਬਿਆਨ ਈਰਾਨ ਦੀ ਉਸ ਘੋਸ਼ਣਾ ਦੇ ਕੁਝ ਘੰਟਿਆਂ ਬਾਅਦ ਆਇਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਜੰਗਬੰਦੀ ਦੀ ਬਾਕੀ ਮਿਆਦ ਲਈ ਹੋਰਮੁਜ਼ ਜਲਡਮਰੂਮੱਧ ਸਾਰੇ ਵਪਾਰਕ ਜਹਾਜ਼ਾਂ ਲਈ ਪੂਰੀ ਤਰ੍ਹਾਂ ਖੁੱਲ੍ਹਾ ਹੈ।ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ, ÷ਲੇਬਨਾਨ ਵਿੱਚ ਜੰਗਬੰਦੀ ਦੇ ਤਹਿਤ, ਹੋਰਮੁਜ਼ ਜਲਡਮਰੂਮੱਧ ਤੋਂ ਸਾਰੇ ਵਪਾਰਕ ਜਹਾਜ਼ਾਂ ਦੇ ਗੁਜ਼ਰਨ ਨੂੰ ਜੰਗਬੰਦੀ ਦੀ ਬਾਕੀ ਮਿਆਦ ਲਈ ਪੂਰੀ ਤਰ੍ਹਾਂ ਖੁੱਲ੍ਹਾ ਘੋਸ਼ਿਤ ਕੀਤਾ ਜਾਂਦਾ ਹੈ। ਇਹ ਉਸੇ ਨਿਰਧਾਰਤ ਰਸਤੇ 'ਤੇ ਹੋਵੇਗਾ, ਜਿਸ ਦੀ ਘੋਸ਼ਣਾ ਈਰਾਨ ਦੇ ਬੰਦਰਗਾਹ ਅਤੇ ਸਮੁੰਦਰੀ ਸੰਗਠਨ ਨੇ ਪਹਿਲਾਂ ਹੀ ਕਰ ਦਿੱਤੀ ਸੀ।

# ਹੁਸਨ ਦੀ ਪਰੀ ਜਾਂ ਕੋਈ ਅਪਸਰਾ ? ਅਰਸ਼ਦੀਪ ਸਿੰਘ ਦੀ ਰੂਮਰਡ ਗਰਲਫ੍ਰੈਂਡ ਨੇ ਉਡਾਏ ਸਭ ਦੇ ਹੋਸ਼

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਆਪਣੀਆਂ ਘਾਤਕ ਯਾਰਕਰਾਂ ਨਾਲ ਵੱਡੇ-ਵੱਡੇ ਬੱਲੇਬਾਜ਼ਾਂ ਦੀਆਂ ਗਿੱਲੀਆਂ ਬਿਖੇਰਨ ਵਾਲੇ ਭਾਰਤੀ ਸਟਾਰ ਗੇਂਦਬਾਜ਼ ਅਰਸ਼ਦੀਪ ਸਿੰਘ ਇਨ੍ਹੀਂ ਦਿਨੀਂ ਕ੍ਰਿਕਟ ਦੇ ਮੈਦਾਨ ਤੋਂ ਬਾਹਰ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਸੁਰਖੀਆਂ ਵਿੱਚ ਹਨ। ਸੋਸ਼ਲ ਮੀਡੀਆ 'ਤੇ ਅਰਸ਼ਦੀਪ ਸਿੰਘ ਦੀ ਇਕ ਤਸਵੀਰ ਨੇ ਤਹਿਲਕਾ ਮਚਾ ਦਿੱਤਾ ਹੈ, ਜਿਸ ਤੋਂ ਬਾਅਦ ਉਨ੍ਹਾਂ ਦੀ ਲਵ-ਲਾਈਫ ਨੂੰ ਲੈ ਕੇ ਚਰਚਾਵਾਂ ਦਾ ਬਾਜ਼ਾਰ ਗਰਮ ਹੋ ਗਿਆ ਹੈ।ਇਹ ਪੂਰਾ ਮਾਮਲਾ ਉਦੋਂ ਸ਼ੁਰੂ ਹੋਇਆ ਜਦੋਂ ਅਰਸ਼ਦੀਪ ਨੇ ਆਪਣੇ ਸਨੈਪਚੈਟ ਅਕਾਊਂਟ 'ਤੇ ਇਕ ਫੋਟੋ ਸਾਂਝੀ ਕੀਤੀ। ਇਸ ਤਸਵੀਰ ਵਿੱਚ ਅਰਸ਼ਦੀਪ ਇਕ ਲੜਕੀ ਦਾ ਹੱਥ ਫੜੀ ਨਜ਼ਰ ਆ ਰਹੇ ਹਨ। ਹਾਲਾਂਕਿ ਫੋਟੋ ਵਿੱਚ ਲੜਕੀ ਦਾ ਚਿਹਰਾ ਨਹੀਂ ਦਿਖਾਈ ਦੇ ਰਿਹਾ, ਪਰ ਪ੍ਰਸ਼ੰਸਕਾਂ ਨੇ ਆਪਣੀ @ਜਾਸੂਸੀ@ ਨਾਲ ਇਸ ਰਹੱਸ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਹੈ। ਸੋਸ਼ਲ ਮੀਡੀਆ ਦੇ ਜਾਸੂਸਾਂ ਨੇ ਲੜਕੀ ਦੇ ਹੱਥ @ਤੇ ਬਣੇ ਇਕ ਖਾਸ ਟੈਟੂ ਨੂੰ ਨੋਟਿਸ ਕੀਤਾ ਹੈ। ਪ੍ਰਸ਼ੰਸਕਾਂ ਦਾ ਦਾਅਵਾ ਹੈ ਕਿ ਬਿਲਕੁਲ ਅਜਿਹਾ ਹੀ ਟੈਟੂ ਮਸ਼ਹੂਰ ਮਾਡਲ ਅਤੇ ਅਦਾਕਾਰਾ ਸਮਰੀਨ ਕੌਰ ਦੇ ਹੱਥ @ਤੇ ਵੀ ਬਣਿਆ ਹੋਇਆ ਹੈ।26 ਸਾਲਾ ਸਮਰੀਨ ਕੌਰ ਜੰਮੂ-ਕਸ਼ਮੀਰ ਦੀ ਰਹਿਣ ਵਾਲੀ ਇਕ ਜਾਣੀ-ਮਾਣੀ ਮਾਡਲ ਅਤੇ ਅਦਾਕਾਰਾ ਹੈ। ਉਨ੍ਹਾਂ ਨੇ ਕਈ ਮਸ਼ਹੂਰ ਹਿੰਦੀ ਅਤੇ ਪੰਜਾਬੀ ਮਿਊਜ਼ਿਕ ਵੀਡੀਓਜ਼ ਵਿੱਚ ਕੰਮ ਕੀਤਾ ਹੈ ਅਤੇ ਇੰਸਟਾਗ੍ਰਾਮ @ਤੇ ਉਨ੍ਹਾਂ ਦੇ 44 ਲੱਖ ਤੋਂ ਵੱਧ ਫਾਲੋਅਰਜ਼ ਹਨ।

# ਭਾਰਤ-ਬੰਗਲਾਦੇਸ਼ ਰਿਸ਼ਤਿਆਂ ਨੂੰ ਨਵੀਂ ਸੇਧ ਦੇਣ ਦੀ ਤਿਆਰੀ

ਢਾਕਾ, 21 ਅਪ੍ਰੈਲ (ਪ.ਪ) : ਭਾਰਤ ਨੇ ਗੁਆਂਢੀ ਮੁਲਕ ਬੰਗਲਾਦੇਸ਼ ਨਾਲ ਆਪਣੇ ਰਿਸ਼ਤੇ ਮੁੜ ਲੀਹ 'ਤੇ ਲਿਆਉਣ ਲਈ ਅਗਾਂਹਵਧੂ ਪਹੁੰਚ ਅਪਣਾਉਣ ਦੀ ਇੱਛਾ ਜਤਾਈ ਹੈ। ਇਸ ਸਬੰਧੀ ਭਾਰਤੀ ਹਾਈ ਕਮਿਸ਼ਨਰ ਪ੍ਰਣਯ ਵਰਮਾ ਨੇ ਅੱਜ ਬੰਗਲਾਦੇਸ਼ ਦੇ ਨਵੇਂ ਚੁਣੇ ਗਏ ਪ੍ਰਧਾਨ ਮੰਤਰੀ ਤਾਰਿਕ ਰਹਿਮਾਨ ਨਾਲ ਅਹਿਮ ਮੁਲਾਕਾਤ ਕੀਤੀ। ਫਰਵਰੀ ਵਿੱਚ ਹੋਈਆਂ ਸੰਸਦੀ ਚੋਣਾਂ ਦੌਰਾਨ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ ਐੱਨ ਪੀ) ਦੀ ਜਿੱਤ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਇਹ ਪਲੇਠੀ ਵੱਡੀ ਮੀਟਿੰਗ ਹੈ। ਗ਼ੌਰਤਲਬ ਹੈ ਕਿ ਮੁਹੰਮਦ ਯੂਨਸ ਦੀ ਅਗਵਾਈ ਹੇਠਲੀ ਅੰਤਰਿਮ ਸਰਕਾਰ ਵੇਲੇ ਦੋਵਾਂ ਮੁਲਕਾਂ ਦੇ ਸਬੰਧ ਤਣਾਅਪੂਰਨ ਰਹੇ ਸਨ।ਭਾਰਤੀ ਹਾਈ ਕਮਿਸ਼ਨ ਨੇ ਐਕਸ 'ਤੇ ਦੱਸਿਆ ਕਿ ਮੀਟਿੰਗ ਦੌਰਾਨ ਪ੍ਰਣਯ ਵਰਮਾ ਨੇ ਭੂਗੋਲਿਕ ਨੇੜਤਾ ਨੂੰ ਨਵੇਂ ਮੌਕਿਆਂ ਵਿੱਚ ਬਦਲਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਮਜ਼ਬੂਤ ਆਰਥਿਕਤਾ, ਬਿਹਤਰ ਸੰਪਰਕ ਅਤੇ ਸੱਭਿਆਚਾਰਕ ਸਾਂਝ ਰਾਹੀਂ ਰਿਸ਼ਤੇ ਮੁੜ ਉਚਾਈਆਂ 'ਤੇ ਲਿਜਾਏ ਜਾ ਸਕਦੇ ਹਨ। ਇਸ ਮੌਕੇ ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਖਲੀਲੁਰ ਰਹਿਮਾਨ ਅਤੇ ਭਾਰਤੀ ਡਿਪਟੀ ਹਾਈ ਕਮਿਸ਼ਨਰ ਪਵਨ ਬਾਧੇ ਵੀ ਹਾਜ਼ਰ ਸਨ। ਇਹ ਮੁਲਾਕਾਤ ਬੰਗਲਾਦੇਸ਼ੀ ਵਿਦੇਸ਼ ਮੰਤਰੀ ਦੇ ਭਾਰਤ ਦੌਰੇ ਤੋਂ ਠੀਕ ਪਹਿਲਾਂ ਹੋਈ ਹੈ। ਆਪਣੇ ਦਿੱਲੀ ਦੌਰੇ ਦੌਰਾਨ ਉਹ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਵਣਜ ਮੰਤਰੀ ਪਿਯੂਸ਼ ਗੋਇਲ ਅਤੇ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਵੀ ਮਿਲਣਗੇ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲਾਂ ਹੀ ਤਾਰਿਕ ਰਹਿਮਾਨ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਹੋਇਆ ਹੈ।

# 'ਆਰਟੇਮਿਸ-2' ਨੇ 'ਅਪੋਲੋ 13' ਦੇ ਦੂਰੀ ਦੇ ਰਿਕਾਰਡ ਨੂੰ ਤੋੜਿਆ

ਹਿਊਸਟਨ, 21 ਅਪ੍ਰੈਲ (ਪ.ਪ) : ਨਾਸਾ ਦੇ ਆਰਟੇਮਿਸ-2 ਮਿਸ਼ਨ ਦੇ ਪੁਲਾੜ ਯਾਤਰੀਆਂ ਨੇ ਚੰਦਰਮਾ ਵੱਲ ਉਡਾਣ ਦੌਰਾਨ ਧਰਤੀ ਤੋਂ ਸਭ ਤੋਂ ਦੂਰ ਜਾਣ ਵਾਲੇ ਮਨੁੱਖ ਬਣਨ ਦਾ ਸੋਮਵਾਰ ਨੂੰ ਨਵਾਂ ਰਿਕਾਰਡ ਕਾਇਮ ਕਰ ਦਿੱਤਾ ਹੈ। ਇਹ ਮਿਸ਼ਨ ਚੰਦਰਮਾ ਦੇ ਉਸ ਦੂਰ-ਦੁਰਾਡੇ ਹਿੱਸੇ ਦੇ ਅਦਭੁਤ ਦ੍ਰਿਸ਼ ਪੇਸ਼ ਕਰ ਰਿਹਾ ਹੈ, ਜੋ ਪਹਿਲਾਂ ਕਦੇ ਨਹੀਂ ਦੇਖੇ ਗਏ। 6 ਘੰਟੇ ਦੀ ਇਹ ਉਡਾਣ ਅਪੋਲੋ ਯੁੱਗ ਤੋਂ ਬਾਅਦ ਚੰਦਰਮਾ 'ਤੇ ਜਾਣ ਵਾਲੇ ਨਾਸਾ ਦੇ ਮਿਸ਼ਨਾਂ ਦਾ ਮੁੱਖ ਆਕਰਸ਼ਣ ਹੈ। ਇਸ ਉਡਾਣ ਵਿਚ ਤਿੰਨ ਅਮਰੀਕੀ ਅਤੇ ਇਕ ਕੈਨੇਡੀਅਨ ਪੁਲਾੜ ਯਾਤਰੀ ਸ਼ਾਮਲ ਹਨ। ਇਹ ਅਗਲੇ 2 ਸਾਲਾਂ ਵਿਚ ਚੰਦਰਮਾ ਦੇ ਦੱਖਣੀ ਧਰੁਵ 'ਤੇ ਮਨੁੱਖੀ ਕਦਮ ਰੱਖਣ ਦੀ ਦਿਸ਼ਾ ਵਿਚ ਇਕ ਵੱਡਾ ਕਦਮ ਹੈ।ਆਰਟੇਮਿਸ-2 ਦੇ ਕਮਾਂਡਰ ਰੀਡ ਵਾਈਜ਼ਮੈਨ, ਪਾਇਲਟ ਵਿਕਟਰ ਗਲੋਵਰ, ਕ੍ਰਿਸਟੀਨਾ ਕੋਚ ਅਤੇ ਹੈਨਸਨ ਚੰਦਰਮਾ ਦੇ ਕੋਲੋਂ ਚੱਕਰ ਲਾ ਕੇ ਸਿੱਧੇ ਧਰਤੀ 'ਤੇ ਵਾਪਸ ਪਰਤਣਗੇ। ਉਹ ਅਪੋਲੋ-13 ਦੇ 1970 ਦੇ ਦੂਰੀ ਦੇ ਰਿਕਾਰਡ ਨੂੰ ਤੋੜਦੇ ਹੋਏ ਧਰਤੀ ਤੋਂ ਸਭ ਤੋਂ ਦੂਰ ਜਾਣ ਵਾਲੇ ਮਨੁੱਖ ਬਣ ਗਏ ਹਨ। ਉਡਾਣ ਦੇ ਅੰਤ ਵਿਚ 10 ਅਪ੍ਰੈਲ ਨੂੰ ਜਦੋਂ ਉਹ ਧਰਤੀ ਦੇ ਵਾਯੂਮੰਡਲ ਵਿਚ ਵਾਪਸੀ ਕਰਨਗੇ, ਤਾਂ ਉਹ ਸਭ ਤੋਂ ਤੇਜ਼ ਗਤੀ ਨਾਲ ਪਰਤਣ ਵਾਲੇ ਇਨਸਾਨ ਵੀ ਬਣ ਸਕਦੇ ਹਨ।

# ਆਈ.ਪੀ.ਐਲ. ਕਾਰਨ ਮੇਰਾ ਕਰੀਅਰ ਬਰਬਾਦ ਹੋਇਆ;ਕੇਵਿਨ ਪੀਟਰਸਨ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਇੰਗਲੈਂਡ ਦੇ ਸਾਬਕਾ ਦਿੱਗਜ ਬੱਲੇਬਾਜ਼ ਅਤੇ ਕਪਤਾਨ ਕੇਵਿਨ ਪੀਟਰਸਨ ਦਾ ਦਾਅਵਾ ਹੈ ਕਿ ਇੰਡੀਅਨ ਪ੍ਰੀਮੀਅਰ ਲੀਗ ਕਾਰਨ ਉਨ੍ਹਾਂ ਦਾ ਅੰਤਰਰਾਸ਼ਟਰੀ ਕਰੀਅਰ ਖਤਮ ਹੋ ਗਿਆ। ਪੀਟਰਸਨ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਅਤੇ ਇੰਗਲੈਂਡ ਐਂਡ ਵੇਲਜ਼ ਕ੍ਰਿਕਟ ਬੋਰਡ (ECB) ਵਿਚਕਾਰ ਮਤਭੇਦ ਹੋ ਗਏ ਸਨ, ਜਿਸ ਕਾਰਨ ਉਨ੍ਹਾਂ ਦਾ ਕਰੀਅਰ ਸਮੇਂ ਤੋਂ ਪਹਿਲਾਂ ਖਤਮ ਹੋ ਗਿਆ। ਸਾਬਕਾ ਇੰਗਲਿਸ਼ ਖਿਡਾਰੀ ਨੇ ਸਿਰਫ਼ 33 ਸਾਲ ਦੀ ਉਮਰ ਵਿੱਚ ਹੀ ਅੰਤਰਰਾਸ਼ਟਰੀ ਕ੍ਰਿਕਟ ਨੂੰ ਅਲਵਿਦਾ ਕਹਿ ਦਿੱਤਾ ਸੀ।ਪੀਟਰਸਨ ਦੇ ਇੰਨੀ ਛੋਟੀ ਉਮਰ ਵਿੱਚ ਸੰਨਿਆਸ ਲੈਣ ਦੀ ਕਾਫੀ ਚਰਚਾ ਹੋਈ ਸੀ। ਉਨ੍ਹਾਂ ਨੇ ਹੁਣ ਇਸ ਦੇ ਕਾਰਨ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਇੰਗਲੈਂਡ ਦੇ ਖਿਡਾਰੀ, ਜੋ ਅੱਜ ਆਈਪੀਐਲ ਵਿੱਚ ਖੇਡ ਰਹੇ ਹਨ, ਉਸ ਦਾ ਕਾਰਨ ਉਹ ਖੁਦ ਹੀ ਹਨ। ਉਨ੍ਹਾਂ ਨੇ ਆਪਣੇ ਕਰੀਅਰ ਦੀ ਕੁਰਬਾਨੀ ਦਿੱਤੀ, ਜਿਸ ਦੇ ਨਤੀਜੇ ਵਜੋਂ ਹੀ ਅੱਜ ਆਈਪੀਐਲ ਵਿੱਚ ਇੰਗਲੈਂਡ ਦੇ ਖਿਡਾਰੀ ਖੇਡਦੇ ਹੋਏ ਦਿਖਾਈ ਦਿੰਦੇ ਹਨ। ਦੱਸ ਦੇਈਏ ਕਿ ਉਨ੍ਹਾਂ ਨੇ ਜਲਦੀ ਸੰਨਿਆਸ ਲੈ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ।

# ਤਮੀਮ ਇਕਬਾਲ ਬਣੇ ਬੰਗਲਾਦੇਸ਼ ਕ੍ਰਿਕਟ ਬੋਰਡ ਦੇ ਪ੍ਰਧਾਨ

ਢਾਕਾ, 21 ਅਪ੍ਰੈਲ (ਪ.ਪ) : ਬੰਗਲਾਦੇਸ਼ ਦੇ ਸਾਬਕਾ ਕਪਤਾਨ ਤਮੀਮ ਇਕਬਾਲ ਅੱਜ ਬੰਗਲਾਦੇਸ਼ ਕ੍ਰਿਕਟ ਬੋਰਡ (ਬੀ ਸੀ ਬੀ) ਦਾ ਸਭ ਤੋਂ ਘੱਟ ਉਮਰ ਦਾ ਮੁਖੀ ਬਣ ਗਿਆ ਹੈ। ਇਹ ਨਿਯੁਕਤੀ ਰਾਸ਼ਟਰੀ ਖੇਡ ਪਰਿਸ਼ਦ (ਐੱਨ ਐੱਸ ਸੀ) ਨੇ ਬੀ ਸੀ ਬੀ ਦੇ ਡਾਇਰੈਕਟਰਜ਼ ਆਫ ਬੋਰਡ ਨੂੰ ਭੰਗ ਕੀਤੇ ਜਾਣ ਤੋਂ ਬਾਅਦ ਕੀਤੀ ਹੈ।ਐੱਨ ਐੱਸ ਸੀ ਦੇ ਖੇਡ ਨਿਰਦੇਸ਼ਕ ਮੁਹੰਮਦ ਅਮੀਨੁਲ ਅਹਿਸਾਨ ਨੇ ਢਾਕਾ ਵਿੱਚ ਪੱਤਰਕਾਰਾਂ ਨੂੰ ਕਿਹਾ, "ਸਾਨੂੰ ਉਮੀਦ ਹੈ ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਯਕੀਨੀ ਤੌਰ 'ਤੇ ਇਸ (ਨਿਯੁਕਤੀ ਦੇ) ਫ਼ੈਸਲੇ ਦਾ ਸਮਰਥਨ ਕਰੇਗੀ।" ਇਸ ਤੋਂ ਪਹਿਲਾਂ ਬੰਗਲਾਦੇਸ਼ ਕ੍ਰਿਕਟ ਬੋਰਡ ਵੱਲੋਂ ਭਾਰਤੀ ਕ੍ਰਿਕਟ ਬੋਰਡ (ਬੀ ਸੀ ਸੀ ਆਈ) ਨਾਲ ਦੁਵੱਲੇ ਸਬੰਧਾਂ ਨੂੰ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੇ ਜਾਣ ਦੇ ਕੁਝ ਹੀ ਦਿਨਾਂ ਮਗਰੋਂ ਦੇਸ਼ ਦੀ ਕੌਮੀ ਖੇਡ ਪਰਿਸ਼ਦ ਨੇ ਬੀ ਸੀ ਬੀ ਦੇ ਪ੍ਰਧਾਨ ਅਮੀਨੁਲ ਇਸਲਾਮ ਬੁਲਬੁਲ ਨੂੰ ਅੱਜ ਅਹੁਦੇ ਤੋਂ ਹਟਾ ਦਿੱਤਾ ਸੀ। ਨਵੀਆਂ ਚੋਣਾਂ ਹੋਣ ਤੱਕ ਬੋਰਡ ਦੇ ਕੰਮ-ਕਾਜ ਚਲਾਉਣ ਲਈ 11 ਮੈਂਬਰੀ ਐਡਹਾਕ ਕਮੇਟੀ ਬਣਾਈ ਗਈ ਹੈ, ਜਿਸ ਦਾ ਮੁਖੀ ਤਮੀਮ ਇਕਬਾਲ ਨੂੰ ਬਣਾਇਆ ਗਿਆ ਹੈ। ਬੀ ਸੀ ਬੀ ਦੇ ਸੂਤਰਾਂ ਅਨੁਸਾਰ, ਬੁਲਬੁਲ ਨੂੰ ਮੁੱਖ ਤੌਰ 'ਤੇ ਟੀ-20 ਵਿਸ਼ਵ ਕੱਪ ਦੌਰਾਨ ਹੋਏ ਵਿਵਾਦ ਕਾਰਨ ਹਟਾਇਆ ਗਿਆ ਹੈ।

# ਈਰਾਨ ਨੇ ਕੁਝ ਘੰਟਿਆਂ ਬਾਅਦ ਹੀ ਤੋੜਤਾ ਸੀਜ਼ਫਾਇਰ ਦਾਗੀਆਂ ਮਿਜ਼ਾਈਲਾਂ, ਬਹਿਰੀਨ 'ਚ ਗੂੰਜੇ ਸਾਇਰਨ

ਦੁਬਈ , 21 ਅਪ੍ਰੈਲ (ਪ.ਪ) : ਅਮਰੀਕਾ ਅਤੇ ਈਰਾਨ ਵਿਚਾਲੇ ਦੋ ਹਫ਼ਤਿਆਂ ਦੀ ਜੰਗਬੰਦੀ @ਤੇ ਸਹਿਮਤੀ ਬਣਨ ਦੇ ਐਲਾਨ ਤੋਂ ਕੁਝ ਘੰਟਿਆਂ ਬਾਅਦ ਹੀ ਸ਼ਾਂਤੀ ਦੀਆਂ ਉਮੀਦਾਂ ਨੂੰ ਵੱਡਾ ਝਟਕਾ ਲੱਗਿਆ ਹੈ। ਤਾਜ਼ਾ ਜਾਣਕਾਰੀ ਮੁਤਾਬਕ ਜੰਗਬੰਦੀ ਦੇ ਕੁਝ ਘੰਟਿਆਂ ਬਾਅਦ ਹੀ ਈਰਾਨ ਨੇ ਖਾੜੀ ਅਰਬ ਦੇਸ਼ਾਂ ਅਤੇ ਇਜ਼ਰਾਈਲ @ਤੇ ਮਿਜ਼ਾਈਲਾਂ ਦਾਗੀਆਂ ਹਨ। ਇਸ ਦੇ ਨਾਲ ਹੀ ਬੁੱਧਵਾਰ ਸਵੇਰੇ ਬਹਿਰੀਨ ਵਿੱਚ ਮਿਜ਼ਾਈਲ ਅਲਰਟ ਦੇ ਸਾਇਰਨ ਗੂੰਜਣ ਨਾਲ ਦਹਿਸ਼ਤ ਫੈਲ ਗਈ। ਬਹਿਰੀਨ ਦੇ ਅੰਦਰੂਨੀ ਮਾਮਲਿਆਂ ਦੇ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਦੇਸ਼ ਵਿੱਚ ਮਿਜ਼ਾਈਲ ਹਮਲੇ ਦੇ ਖ਼ਤਰੇ ਨੂੰ ਦੇਖਦਿਆਂ ਚੇਤਾਵਨੀ ਸਾਇਰਨ ਵਜਾਏ ਗਏ । ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਦੁਨੀਆ ਭਰ ਵਿੱਚ ਜੰਗਬੰਦੀ ਕਾਰਨ ਤਣਾਅ ਘੱਟ ਹੋਣ ਦੀ ਉਮੀਦ ਜਤਾਈ ਜਾ ਰਹੀ ਸੀ। ਪਰ ਤਾਜ਼ਾ ਹਮਲਿਆਂ ਨੇ ਸਥਿਤੀ ਨੂੰ ਮੁੜ ਨਾਜ਼ੁਕ ਬਣਾ ਦਿੱਤਾ ਹੈ। ਇਸ ਸਮੇਂ ਇਹ ਬਿਲਕੁਲ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਲੜਾਈ ਅਸਲ ਵਿੱਚ ਕਦੋਂ ਰੁਕੇਗੀ।

# ਜੰਗਬੰਦੀ ਦੇ ਐਲਾਨ ਮਗਰੋਂ ਈਰਾਨ 'ਚ ਸੜਕਾਂ 'ਤੇ ਉਤਰੇ ਹਜ਼ਾਰਾਂ ਲੋਕ

ਤੇਹਰਾਨ, 21 ਅਪ੍ਰੈਲ (ਪ.ਪ) : ਜੰਗਬੰਦੀ ਦੇ ਐਲਾਨ ਮਗਰੋਂ ਸਰਕਾਰ ਪੱਖੀ ਪ੍ਰਦਰਸ਼ਨਕਾਰੀ ਬੁੱਧਵਾਰ ਸਵੇਰੇ ਈਰਾਨ ਦੀ ਰਾਜਧਾਨੀ ਦੀਆਂ ਸੜਕਾਂ @ਤੇ ਉਤਰ ਆਏ, ਅਮਰੀਕਾ ਮੁਰਦਾਬਾਦ, ਇਜ਼ਰਾਈਲ ਮੁਰਦਾਬਾਦ, ਸਮਝੌਤਾ ਕਰਨ ਵਾਲੇ ਮੁਰਦਾਬਾਦ ! ਦੇ ਨਾਅਰੇ ਲਾਏ।ਇਸ ਦੌਰਾਨ ਪ੍ਰਬੰਧਕਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਨਾਅਰੇਬਾਜ਼ੀ ਕਰਦੇ ਰਹੇ। ਉਨ੍ਹਾਂ ਨੇ ਸੜਕ @ਤੇ ਅਮਰੀਕੀ ਅਤੇ ਇਜ਼ਰਾਈਲੀ ਝੰਡੇ ਵੀ ਸਾੜ ਦਿੱਤੇ। ਹਾਲਾਂਕਿ ਇਹ ਈਰਾਨ @ਚ ਕੱਟੜਪੰਥੀਆਂ ਦੇ ਲਗਾਤਾਰ ਗੁੱਸੇ ਨੂੰ ਦਰਸਾਉਂਦਾ ਹੈ, ਜਿਨ੍ਹਾਂ ਦਾ ਮੰਨਣਾ ਹੈ ਕਿ ਉਹ ਅਮਰੀਕਾ ਵਿਰੁੱਧ ਇਕ ਤਬਾਹਕੁੰਨ ਜੰਗ ਦੀ ਤਿਆਰੀ ਕਰ ਰਹੇ ਹਨ।

# ਕੀ ਕੁਸਮਾ ਸਮਝੌਤੇ ਦੀ ਸਮੀਖਿਆ ਹੋਵੇਗੀ ਸਮੇਂ ਸਿਰ ਪੂਰੀ?

ਵਾਸ਼ਿੰਗਟਨ, 21 ਅਪ੍ਰੈਲ (ਪ.ਪ) : ਅਮਰੀਕਾ ਦੇ ਵਪਾਰ ਨੁਮਾਇੰਦੇ ਜ਼ਮੀਨ ਗ੍ਰੀਅਰ ਦਾ ਕਹਿਣਾ ਹੈ ਕਿ ਕੁਸਮਾ ਤਹਿਤ ਕੈਨੇਡਾ ਅਤੇ ਮੈਕਸੀਕੋ ਨਾਲ ਚੱਲ ਰਹੀ ਗੱਲਬਾਤ ਦੇ ਸਾਰੇ ਮਸਲੇ ਪਹਿਲੀ ਜੁਲਾਈ ਤੱਕ ਹੱਲ ਹੋਣਾ ਮੁਸ਼ਕਲ ਲੱਗਦਾ ਹੈ। ਇਸ ਦੇ ਬਾਵਜੂਦ ਉਨ੍ਹਾਂ ਨੂੰ ਉਮੀਦ ਹੈ ਕਿ ਜ਼ਿਆਦਾਤਰ ਮਸਲੇ ਜਲਦੀ ਸੁਲਝ ਸਕਦੇ ਹਨ। ਗ੍ਰੀਅਰ ਨੇ ਦੱਸਿਆ ਕਿ ਮੈਕਸੀਕੋ ਨਾਲ ਕਈ ਮਸਲੇ ਹੱਲ ਹੋ ਚੁੱਕੇ ਹਨ, ਪਰ ਕੈਨੇਡਾ ਨਾਲ ਅਜੇ ਵੀ ਕੁਝ ਮੁੱਖ ਮਸਲੇ ਬਾਕੀ ਹਨ। ਇਨ੍ਹਾਂ ਵਿੱਚ ਵਪਾਰਕ ਨੀਤੀਆਂ, ਲੇਬਰ ਸਥਿਤੀ ਅਤੇ ਇੰਪੋਰਟ-ਐਕਸਪੋਰਟ ਸਬੰਧੀ ਮੁੱਦੇ ਸ਼ਾਮਲ ਹਨ। ਉੱਥੇ ਹੀ ਕੈਨੇਡਾ ਦੇ ਵਪਾਰ ਮੰਤਰੀ ਡੌਮਨੀਕ ਲੀਬਲੈਂਕ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਉੱਚ ਪੱਧਰੀ ਗੱਲਬਾਤ ਜਾਰੀ ਹੈ ਅਤੇ ਮਸਲੇ ਹੱਲ ਕਰਨ ਵੱਲ ਅੱਗੇ ਵਧਿਆ ਜਾ ਰਿਹਾ ਹੈ।

# ਮਾਈਨਿੰਗ ਕੰਪਨੀ ਨੇ ਮੈਕਸੀਕੋ ਵਿੱਚ ਅਗਵਾ ਕੀਤੇ ਗਏ 10 ਵਿੱਚੋਂ 9 ਕਾਮਿਆਂ ਦੀਆਂ ਲਾਸ਼ਾਂ ਮਿਲਣ ਦੀ ਕੀਤੀ ਪੁਸ਼ਟੀ

ਮੈਕਸੀਕੋ , 21 ਅਪ੍ਰੈਲ (ਪ.ਪ) : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੀ ਇੱਕ ਕੰਪਨੀ ਨਾਲ ਜੁੜੇ ਮੈਕਸੀਕੋ ਵਿੱਚ ਪਿਛਲੇ ਮਹੀਨੇ ਅਗਵਾ ਕੀਤੇ ਗਏ 9 ਖਾਣ ਮਜ਼ਦੂਰਾਂ ਦੀ ਮੌਤ ਹੁਣ ਪੁਸ਼ਟੀ ਹੋ ਗਈ ਹੈ।ਜਾਣਕਾਰੀ ਮੁਤਾਬਕ, ਇਹ ਮਜ਼ਦੂਰ ਅਣਪਛਾਤੇ ਹਥਿਆਰਬੰਦ ਲੋਕਾਂ ਵੱਲੋਂ ਅਗਵਾ ਕੀਤੇ ਗਏ ਸਨ। ਸ਼ੁਰੂ ਵਿੱਚ ਕੁਝ ਮਜ਼ਦੂਰਾਂ ਦੇ ਬਚਣ ਦੀ ਆਸ ਸੀ, ਪਰ ਤਕਰੀਬਨ ਇੱਕ ਮਹੀਨੇ ਉਪਰੰਤ, ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਦੀ ਮੌਤ ਪੁਸ਼ਟੀ ਹੋ ਗਈ।ਕੰਪਨੀ ਨੇ ਬਿਆਨ ਜਾਰੀ ਕਰਕੇ ਦੁੱਖ ਪ੍ਰਗਟ ਕੀਤਾ ਅਤੇ ਪੀੜਤ ਪਰਿਵਾਰਾਂ ਨਾਲ ਸੰਵੇਦਨਾ ਸਾਂਝੀ ਕੀਤੀ। ਸਥਾਨਕ ਅਧਿਕਾਰੀਆਂ ਮਾਮਲੇ ਦੀ ਜਾਂਚ ਕਰ ਰਹੇ ਹਨ ਤਾਂ ਜੋ ਜ਼ਿੰਮੇਵਾਰਾਂ ਦੀ ਪਹਿਚਾਣ ਹੋ ਸਕੇ।ਮੈਕਸੀਕੋ ਦੇ ਕੁਝ ਖੇਤਰਾਂ ਵਿੱਚ ਅਪਰਾਧਿਕ ਗਿਰੋਹਾਂ ਦੀ ਸਰਗਰਮੀ ਕਾਰਨ ਖਾਣ ਉਦਯੋਗ ਨਾਲ ਜੁੜੇ ਲੋਕਾਂ ਲਈ ਸੁਰੱਖਿਆ ਚੁਣੌਤੀਆਂ ਵੱਧ ਰਹੀਆਂ ਹਨ। ਇਸ ਘਟਨਾ ਨੇ ਇਸ ਖੇਤਰ ਵਿੱਚ ਸੁਰੱਖਿਆ ਪ੍ਰਬੰਧਾਂ ਦੀ ਅਹਿਮੀਅਤ ਨੂੰ ਹੋਰ ਵੀ ਉਜਾਗਰ ਕੀਤਾ ਹੈ।

# ਹੋਰਮੁਜ਼ ਜਲਡਮਰੂ ਸਾਰੇ ਜਹਾਜ਼ਾਂ ਲਈ ਖੁੱਲ੍ਹਾ ਰਹਿਣਾ ਚਾਹੀਦਾ ਹੈ: ਜੇਲੇਂਸਕੀ

ਕੀਵ , 21 ਅਪ੍ਰੈਲ (ਪ.ਪ) : ਈਰਾਨ ਵੱਲੋਂ ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਰੂਸ-ਚੀਨ ਵੱਲੋਂ ਵਰਤੀ ਗਈ ਵੀਟੋ ਤੋਂ ਬਾਅਦ ਹੁਣ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲੇਂਸਕੀ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਜੇਲੇਂਸਕੀ ਨੇ ਟਵੀਟ ਕਰਕੇ ਸੁਰੱਖਿਆ ਪ੍ਰੀਸ਼ਦ ਦੀ ਕਾਰਜਪ੍ਰਣਾਲੀ @ਤੇ ਸਵਾਲ ਚੁੱਕੇ ਹਨ ਅਤੇ ਇਸ ਨੂੰ ÷ਬਦਕਿਸਮਤੀ÷ ਕਰਾਰ ਦਿੱਤਾ ਹੈ।ਜੇਲੇਂਸਕੀ ਨੇ ਕਿਹਾ ਕਿ ਇਹ ਬਹੁਤ ਅਫਸੋਸਜਨਕ ਹੈ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਇੱਕ ਵਾਰ ਫਿਰ ਈਰਾਨ ਵੱਲੋਂ ਖੜ੍ਹੇ ਕੀਤੇ ਗਏ ਗਲੋਬਲ ਖਤਰੇ ਦੇ ਸਾਹਮਣੇ ਆਪਣੀ ਪ੍ਰਭਾਵਸ਼ੀਲਤਾ ਦਿਖਾਉਣ ਵਿੱਚ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਹੋਰਮੁਜ਼ ਜਲਡਮਰੂ ਵਰਗੇ ਮਹੱਤਵਪੂਰਨ ਮਾਰਗਾਂ ਦੀ ਨਾਕਾਬੰਦੀ ਵਿਸ਼ਵ ਦੀ ਆਰਥਿਕਤਾ ਅਤੇ ਅੰਤਰਰਾਸ਼ਟਰੀ ਵਪਾਰ ਲਈ ਵੱਡਾ ਖਤਰਾ ਹੈ।

# ਜੰਗਬੰਦੀ ਮਗਰੋਂ ਟਰੰਪ ਵਿਰੁੱਧ ਬਗਾਵਤ ਦੇ ਸੁਰ ਤੇਜ਼ ਮੰਗ ਲਿਆ ਅਸਤੀਫ਼ਾ !

ਵਾਸ਼ਿੰਗਟਨ, 21 ਅਪ੍ਰੈਲ (ਪ.ਪ) : ਮਿਡਲ ਈਸਟ @ਚ ਇਰਾਨ ਖ਼ਿਲਾਫ਼ 40 ਦਿਨਾਂ ਤੋਂ ਜਾਰੀ ਜੰਗ ਅੱਜ ਆਖ਼ਿਰਕਾਰ 2 ਹਫ਼ਤਿਆਂ ਲਈ ਰੁਕ ਗਈ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਤੇ ਇਰਾਨ ਦੇ ਵਿਦੇਸ਼ ਮੰਤਰੀ ਅਰਾਘਚੀ ਨੇ 14 ਦਿਨਾਂ ਲਈ ਜੰਗਬੰਦੀ ਦਾ ਐਲਾਨ ਕੀਤਾ ਹੈ। ਪਰ ਲੰਬੇ ਸਮੇਂ ਤੋਂ ਚੱਲਦੀ ਆ ਰਹੀ ਇਹ ਜੰਗ ਰੁਕਣ ਤੋਂ ਬਾਅਦ ਟਰੰਪ ਦੀਆਂ ਮੁਸ਼ਕਲਾਂ ਵਧ ਗਈਆਂ ਹਨ।ਲੰਬੇ ਸਮੇਂ ਤੋਂ ਜਾਰੀ ਭਿਆਨਕ ਜੰਗ ਦੇ ਚਲਦਿਆਂ ਹੁਣ ਅਮਰੀਕਾ ਦੇ ਅੰਦਰ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਬਗਾਵਤ ਦੇ ਸੁਰ ਤੇਜ਼ ਹੋ ਗਏ ਹਨ। ਜਾਣਕਾਰੀ ਅਨੁਸਾਰ 80 ਤੋਂ ਵੱਧ ਪ੍ਰਮੁੱਖ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਟਰੰਪ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ, ਜਿਸ ਮਗਰੋਂ ਅਮਰੀਕਾ ਦੀ ਸਿਆਸਤ @ਚ ਵੱਡਾ ਭੂਚਾਲ ਆ ਗਿਆ ਹੈ।ਅਮਰੀਕਾ ਵਿੱਚ ਵਿਰੋਧੀ ਧਿਰ (ਡੈਮੋਕ੍ਰੇਟਸ) ਅਤੇ ਕੁਝ ਰਿਪਬਲਿਕਨ ਮੈਂਬਰਾਂ ਦਾ ਦੋਸ਼ ਹੈ ਕਿ ਟਰੰਪ ਪ੍ਰਸ਼ਾਸਨ ਜਾਣਬੁੱਝ ਕੇ ਜੰਗਬੰਦੀ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਰਿਹਾ ਹੈ।

# ਵਰਲਡ ਹੈਪੀਨਸ ਰਿਪੋਰਟ : ਇਜ਼ਰਾਈਲ ਦੁਨੀਆਂ ਦਾ 8ਵਾਂ ਸਭ ਤੋਂ ਖ਼ੁਸ਼ਹਾਲ ਦੇਸ਼, ਭਾਰਤ 116ਵੇਂ ਨੰਬਰ 'ਤੇ

ਲੰਡਨ, 21 ਅਪ੍ਰੈਲ (ਪ.ਪ) : ਸੰਯੁਕਤ ਰਾਸ਼ਟਰ ਨੇ ਵਿਸ਼ਵ ਖ਼ੁਸ਼ਹਾਲੀ ਰਿਪੋਰਟ 2026 ਜਾਰੀ ਕੀਤੀ। ਫ਼ਿਨਲੈਂਡ ਨੂੰ ਲਗਾਤਾਰ 9ਵੇਂ ਸਾਲ ਦੁਨੀਆ ਦਾ ਸਭ ਤੋਂ ਖੁਸ਼ਹਾਲ ਦੇਸ਼ ਦਾ ਦਰਜਾ ਦਿਤਾ ਗਿਆ ਹੈ। ਪਾਕਿਸਤਾਨ 147 ਦੇਸ਼ਾਂ ਵਿਚੋਂ 104ਵੇਂ ਸਥਾਨ 'ਤੇ ਹੈ, ਜਦੋਂ ਕਿ ਭਾਰਤ 116ਵੇਂ ਸਥਾਨ 'ਤੇ ਹੈ। 2025 ਵਿਚ, ਭਾਰਤ 118ਵੇਂ ਸਥਾਨ 'ਤੇ ਸੀ। ਢਾਈ ਸਾਲਾਂ ਤੋਂ ਯੁੱਧ ਵਿਚ ਉਲਝਿਆ ਇਜ਼ਰਾਈਲ ਦੁਨੀਆ ਦਾ 8ਵਾਂ ਸਭ ਤੋਂ ਖ਼ੁਸ਼ਹਾਲ ਦੇਸ਼ ਹੈ।ਸੂਚੀ ਵਿਚ ਸੱਭ ਤੋਂ ਹੇਠਾਂ ਸੰਘਰਸ਼ ਪ੍ਰਭਾਵਤ ਦੇਸ਼ ਹਨ। ਅਫ਼ਗ਼ਾਨਿਸਤਾਨ ਫਿਰ ਤੋਂ ਸਭ ਤੋਂ ਘੱਟ ਖ਼ੁਸ਼ਹਾਲ ਦੇਸ਼ ਬਣਿਆ ਹੋਇਆ ਹੈ, ਉਸ ਤੋਂ ਬਾਅਦ ਸੀਅਰਾ ਲਿਓਨ ਅਤੇ ਮਲਾਵੀ ਹਨ। ਇਸ ਵਾਰ, ਕੋਈ ਵੀ ਅੰਗਰੇਜ਼ੀ ਬੋਲਣ ਵਾਲਾ ਦੇਸ਼ ਚੋਟੀ ਦੇ 10 ਵਿਚ ਨਹੀਂ ਹੈ। ਸੰਯੁਕਤ ਰਾਜ ਅਮਰੀਕਾ 23ਵੇਂ, ਕੈਨੇਡਾ 25ਵੇਂ ਅਤੇ ਯੂਨਾਈਟਿਡ ਕਿੰਗਡਮ 29ਵੇਂ ਸਥਾਨ 'ਤੇ ਹੈ।ਫ਼ਿਨਲੈਂਡ ਵਰਗੇ ਦੇਸ਼ਾਂ ਦੀ ਖ਼ੁਸ਼ੀ ਦਾ ਕਾਰਨ ਚੰਗੀ ਆਰਥਕ ਸਥਿਤੀ, ਸਰੋਤਾਂ ਦੀ ਬਰਾਬਰ ਵੰਡ, ਇਕ ਮਜ਼ਬੂਤ ਭਲਾਈ ਪ੍ਰਣਾਲੀ ਅਤੇ ਜੀਵਨ ਪੱਧਰ ਦਾ ਬਿਹਤਰ ਹੋਣਾ ਹੈ। ਰਿਪੋਰਟ ਅਨੁਸਾਰ, ਬਹੁਤ ਜ਼ਿਆਦਾ ਸੋਸ਼ਲ ਮੀਡੀਆ ਦੀ ਵਰਤੋਂ ਕਈ ਦੇਸ਼ਾਂ ਵਿਚ ਨੌਜਵਾਨਾਂ ਦੀ ਖ਼ੁਸ਼ੀ ਅਤੇ ਮਾਨਸਿਕ ਸਥਿਤੀ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਤ ਕਰ ਰਹੀ ਹੈ। ਚੋਟੀ ਦੇ 10 ਦੇਸ਼ ਵਿਚ ਫਿਨਲੈਂਡ, ਆਈਸਲੈਂਡ, ਡੈਨਮਾਰਕ, ਕੋਸਟਾ ਰੀਕਾ, ਸਵੀਡਨ, ਨਾਰਵੇ, ਨੀਦਰਲੈਂਡ, ਇਜ਼ਰਾਈਲ, ਲਕਸਮਬਰਗ, ਸਵਿਟਜ਼ਰਲੈਂਡ ਸ਼ਾਮਲ ਹਨ।

# ਫੋਨ ਬਣਿਆ ਬੰਬ, ਕੁੜੀ ਦੇ ਚਿਹਰੇ 'ਤੇ ਅਚਾਨਕ ਫਟਿਆ

ਬੀਜਿੰਗ, 21 ਅਪ੍ਰੈਲ (ਪ.ਪ) : ਅੱਜ-ਕੱਲ੍ਹ ਮੋਬਾਈਲ ਫੋਨ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਏ ਹਨ, ਪਰ ਇਹੀ ਫੋਨ ਕਈ ਵਾਰ ਜਾਨਲੇਵਾ ਵੀ ਸਾਬਤ ਹੋ ਸਕਦੇ ਹਨ। ਚੀਨ ਤੋਂ ਇਕ ਅਜਿਹੀ ਹੀ ਹੈਰਾਨ ਕਰਨ ਵਾਲੀ ਵੀਡੀਓ ਸਾਹਮਣੇ ਆਈ ਹੈ, ਜਿਸ ਨੇ ਸੋਸ਼ਲ ਮੀਡੀਆ @ਤੇ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਛੋਟੀ ਬੱਚੀ ਦਾ ਮੋਬਾਈਲ ਫੋਨ ਚਾਰਜਿੰਗ ਦੌਰਾਨ ਅਚਾਨਕ ਧਮਾਕੇ ਨਾਲ ਫਟ ਗਿਆ।ਵਾਇਰਲ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਬੱਚੀ ਇੱਕ ਸੋਫੇ @ਤੇ ਬੈਠੀ ਸੀ ਅਤੇ ਉਸ ਦਾ ਫੋਨ ਚਾਰਜਿੰਗ @ਤੇ ਲੱਗਾ ਹੋਇਆ ਸੀ। ਬਿਨਾਂ ਕਿਸੇ ਚੇਤਾਵਨੀ ਦੇ ਫੋਨ ਵਿੱਚ ਜ਼ੋਰਦਾਰ ਧਮਾਕਾ ਹੁੰਦਾ ਹੈ, ਜਿਸ ਕਾਰਨ ਬੱਚੀ ਉਛਲ ਕੇ ਫਰਸ਼ @ਤੇ ਜਾ ਡਿੱਗਦੀ ਹੈ।ਡਰ ਦੇ ਮਾਰੇ ਬੱਚੀ ਚੀਕਾਂ ਮਾਰਦੀ ਹੋਈ ਤੁਰੰਤ ਉੱਥੋਂ ਦੂਰ ਹਟ ਜਾਂਦੀ ਹੈ। ਧਮਾਕੇ ਤੋਂ ਬਾਅਦ ਫੋਨ ਪੂਰੀ ਤਰ੍ਹਾਂ ਸੜ ਕੇ ਕਾਲਾ ਹੋਇਆ ਦਿਖਾਈ ਦੇ ਰਿਹਾ ਹੈ।ਅਜਿਹੀਆਂ ਘਟਨਾਵਾਂ ਨੇ ਮੋਬਾਈਲ ਬੈਟਰੀਆਂ ਦੀ ਸੁਰੱਖਿਆ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪਹਿਲਾਂ ਵੀ ਕਈ ਥਾਵਾਂ @ਤੇ ਮੋਬਾਈਲ ਫ਼ੋਨ ਜਾਂ ਬੈਟਰੀ ਫਟਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਉਦਾਹਰਣ ਵਜੋਂ ਭਾਰਤ ਦੇ ਕੇਰਲਾ ਵਿੱਚ 8 ਸਾਲ ਦੀ ਕੁੜੀ ਦੀ ਮੌਤ ਹੋ ਗਈ ਅਤੇ ਉਸ ਦੇ ਹੱਥਾਂ ਵਿੱਚ ਮੋਬਾਈਲ ਫ਼ੋਨ ਫਟਣ ਕਾਰਨ ਉਸਨੂੰ ਗੰਭੀਰ ਸੱਟਾਂ ਲੱਗੀਆਂ।

# ਜੰਮੂ-ਕਸ਼ਮੀਰ: ਊਧਮਪੁਰ 'ਚ ਘਰੋਂ ਖਾਣਾ ਲੈ ਕੇ ਫ਼ਰਾਰ ਹੋਏ ਅਤਿਵਾਦੀ, ਭਾਲ ਜਾਰੀ

ਜੰਮੂ, 21 ਅਪ੍ਰੈਲ (ਪ.ਪ) : ਜੰਮੂ-ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਸੁਰੱਖਿਆ ਬਲਾਂ ਨੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਦੱਸਿਆ ਕਿ ਅਤਿਵਾਦੀਆਂ ਵੱਲੋਂ ਇੱਕ ਘਰ ਤੋਂ ਖਾਣਾ ਲੈ ਕੇ ਨੇੜਲੇ ਜੰਗਲ ਵਿੱਚ ਫ਼ਰਾਰ ਹੋਣ ਦੀ ਰਿਪੋਰਟ ਤੋਂ ਬਾਅਦ ਇਹ ਕਾਰਵਾਈ ਸ਼ੁਰੂ ਕੀਤੀ ਗਈ ਹੈ।ਪੁਲੀਸ ਅਤੇ ਅਰਧ ਸੈਨਿਕ ਬਲਾਂ ਦੀ ਸਾਂਝੀ ਤਲਾਸ਼ੀ ਮੁਹਿੰਮ ਮਜਾਲਤਾ ਇਲਾਕੇ ਦੇ ਚੋਰ ਮੋਟੂ ਅਤੇ ਇਸ ਦੇ ਨਾਲ ਲੱਗਦੇ ਜੰਗਲੀ ਪਿੰਡਾਂ ਵਿੱਚ ਚਲਾਈ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸ਼ਨਿਚਰਵਾਰ ਦੇਰ ਰਾਤ ਖੁਫੀਆ ਜਾਣਕਾਰੀ ਮਿਲੀ ਸੀ ਕਿ ਸ਼ਾਮ ਕਰੀਬ 6.30 ਵਜੇ ਦੋ ਅਣਪਛਾਤੇ ਅਤਿਵਾਦੀ ਚੋਰ ਮੋਟੂ ਪਿੰਡ ਦੇ ਮੰਗਤੂ ਰਾਮ ਦੇ ਘਰ ਆਏ ਅਤੇ ਉੱਥੋਂ ਖਾਣਾ ਲਿਆ। ਪੁਲੀਸ ਅਤੇ ਅਰਧ ਸੈਨਿਕ ਬਲਾਂ ਨੂੰ ਤੁਰੰਤ ਹਰਕਤ ਵਿੱਚ ਲਿਆਂਦਾ ਗਿਆ, ਪਰ ਅਤਿਵਾਦੀਆਂ ਦਾ ਕੋਈ ਪਤਾ ਨਹੀਂ ਲੱਗ ਸਕਿਆ।ਪਿੰਡ ਦੇ ਨੇੜੇ ਜੰਗਲੀ ਪੱਟੀ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ ਅਤੇ ਐਤਵਾਰ ਸਵੇਰੇ ਦਿਨ ਚੜ੍ਹਦਿਆਂ ਹੀ ਅਤਿਵਾਦੀਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਖ਼ਤਮ ਕਰਨ ਲਈ ਵੱਖ-ਵੱਖ ਪਾਸਿਆਂ ਤੋਂ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ ਹੈ।ਜ਼ਿਕਰਯੋਗ ਹੈ ਕਿ 15 ਦਸੰਬਰ ਨੂੰ ਮਜਾਲਤਾ ਇਲਾਕੇ ਦੇ ਸੋਆਨ ਪਿੰਡ ਵਿੱਚ ਅਤਿਵਾਦੀਆਂ ਨਾਲ ਹੋਈ ਮੁਠਭੇੜ ਵਿੱਚ ਇੱਕ ਪੁਲੀਸ ਮੁਲਾਜ਼ਮ ਸ਼ਹੀਦ ਹੋ ਗਿਆ ਸੀ।

# 3200 ਕਰੋੜ ਦੇ ਸ਼ਰਾਬ ਘੁਟਾਲੇ 'ਚ ਬਘੇਲ ਦੀ ਕਰੀਬੀ ਸੌਮਿਆ ਗ੍ਰਿਫ਼ਤਾਰ

ਛੱਤੀਸਗੜ੍ਹ, 21 ਅਪ੍ਰੈਲ (ਪ.ਪ) : ਛੱਤੀਸਗੜ੍ਹ ਦੇ ਬਹੁਚਰਚਿਤ 3200 ਕਰੋੜ ਰੁਪਏ ਦੇ ਕਥਿਤ ਸ਼ਰਾਬ ਘੁਟਾਲੇ 'ਚ ਈਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਨੇ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਦੀ ਕਰੀਬੀ ਤੇ ਡਿਪਟੀ ਸਕੱਤਰ ਰਹੀ ਸੌਮਿਆ ਚੌਰਸੀਆ ਨੂੰ ਗ੍ਰਿਫ਼ਤਾਰ ਕੀਤਾ ਹੈ। ਈਡੀ ਨੇ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡ੍ਰਿੰਗ ਮਾਮਲੇ 'ਚ ਉਨ੍ਹਾਂ ਨੂੰ ਸੰਮਨ ਜਾਰੀ ਕਰ ਕੇ ਪੁੱਛਗਿੱਛ ਲਈ ਤਲਬ ਕੀਤਾ ਸੀ। ਲੰਬੀ ਪੁੱਛਗਿੱਛ ਦੇ ਬਾਅਦ ਜਾਂਚ ਏਜੰਸੀ ਨੇ ਉਚਿਤ ਸਬੂਤ ਮਿਲਣ ਦਾ ਦਾਅਵਾ ਕਰਦੇ ਹੋਏ ਉਨ੍ਹਾਂ ਦੀ ਗ੍ਰਿਫ਼ਤਾਰੀ ਕੀਤੀ। ਇਸ ਤੋਂ ਪਹਿਲਾਂ ਉਹ 570 ਕਰੋੜ ਰੁਪਏ ਦੇ ਕਥਿਤ ਕੋਲਾ ਘੁਟਾਲੇ ਦੇ ਮਾਮਲੇ 'ਚ ਵੀ ਜੇਲ੍ਹ ਜਾ ਚੁੱਕੀ ਹੈ।ਸੂਤਰਾਂ ਮੁਤਾਬਕ, ਸੌਮਿਆ ਚੌਰਸੀਆ 'ਤੇ ਸ਼ਰਾਬ ਕਾਰੋਬਾਰ 'ਚ ਨਾਜਾਇਜ਼ ਵਸੂਲੀ, ਕਮਿਸ਼ਨਖੋਰੀ ਤੇ ਸਰਕਾਰੀ ਤੰਤਰ ਦੀ ਦੁਰਵਰਤੋਂ ਦੇ ਗੰਭੀਰ ਦੋਸ਼ ਹਨ। ਈਡੀ ਦਾ ਕਹਿਣਾ ਹੈ ਕਿ ਪੁੱਛਗਿੱਛ ਦੌਰਾਨ ਘੁਟਾਲੇ ਦੀ ਰਾਸ਼ੀ ਦੇ ਲੈਣ-ਦੇਣ ਤੇ ਉਸ ਨਾਲ ਜੁੜੇ ਨੈੱਟਵਰਕ ਨੂੰ ਲੈ ਕੇ ਕਈ ਅਹਿਮ ਜਾਣਕਾਰੀਆਂ ਸਾਹਮਣੇ ਆਈਆਂ ਹਨ। ਗ੍ਰਿਫ਼ਤਾਰੀ ਦੇ ਬਾਅਦ ਉਨ੍ਹਾਂ ਨੂੰ ਬੁੱਧਵਾਰ ਸਵੇਰੇ 11 ਵਜੇ ਵਿਸ਼ੇਸ਼ ਅਦਾਲਤ 'ਚ ਪੇਸ਼ ਕੀਤਾ ਜਾਏਗਾ, ਜਿੱਥੇ ਈਡੀ ਉਨ੍ਹਾਂ ਦਾ ਰਿਮਾਂਡ ਮੰਗ ਸਕਦੀ ਹੈ।

# ਕਾਰ ਦਰੱਖਤ ਨਾਲ ਟਕਰਾਈ ਤੇ ਪਲਟੀਆਂ ਖਾਂਦੀ ਦੂਰ ਜਾ ਡਿੱਗੀ, ਤਿੰਨ ਲੋਕਾਂ ਦੀ ਮੌਕੇ 'ਤੇ ਮੌਤ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਗੁਜਰਾਤ ਦੇ ਅਮਰੇਲੀ ਜ਼ਿਲ੍ਹੇ ਵਿੱਚ ਬੁੱਧਵਾਰ ਸਵੇਰੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਇੱਥੇ ਬਗਸਾਰਾ ਵਿੱਚ ਹਡਾਲਾ ਅਤੇ ਡੇਰੀ ਪਿਪਾਰੀਆ ਪਿੰਡਾਂ ਦੇ ਵਿਚਕਾਰ ਇੱਕ ਤੇਜ਼ ਰਫ਼ਤਾਰ ਕਾਰ ਸੜਕ ਤੋਂ ਉਤਰ ਕੇ ਦਰੱਖਤ ਨਾਲ ਟਕਰਾਉਣ ਤੋਂ ਬਾਅਦ ਪਲਟ ਗਈ। ਇਸ ਭਿਆਨਕ ਹਾਦਸੇ ਵਿੱਚ ਕਾਰ ਸਵਾਰ ਤਿੰਨ ਵਿਅਕਤੀਆਂ ਦੀ ਮੌਕੇ @ਤੇ ਹੀ ਮੌਤ ਹੋ ਗਈ, ਜਦਕਿ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ।ਮੁੱਢਲੀ ਜਾਣਕਾਰੀ ਅਨੁਸਾਰ ਇਹ ਘਟਨਾ ਤੜਕੇ ਸਵੇਰੇ ਚਾਰ ਵਜੇ ਦੀ ਹੈ, ਜਦੋਂ ਡਰਾਈਵਰ ਨੇ ਕਾਰ ਤੋਂ ਆਪਣਾ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਕਾਰ ਸੜਕ ਕਿਨਾਰੇ ਲੱਗੇ ਦਰੱਖਤ ਨਾਲ ਜਾ ਟਕਰਾਈ। ਟੱਕਰ ਇੰਨੀ ਜ਼ੋਰਦਾਰ ਸੀ ਕਿ ਗੱਡੀ ਦਾ ਅਗਲਾ ਹਿੱਸਾ ਅਤੇ ਢਾਂਚਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ-ਪ੍ਰਸ਼ਾਸਨ ਦੀ ਟੀਮ ਮੌਕੇ @ਤੇ ਪਹੁੰਚ ਗਈ। ਕਾਰ ਇੰਨੀ ਬੁਰੀ ਤਰ੍ਹਾਂ ਨੁਕਸਾਨੀ ਗਈ ਸੀ ਕਿ ਸਵਾਰ ਲੋਕ ਅੰਦਰ ਹੀ ਫਸ ਗਏ ਸਨ। ਕਾਫੀ ਜੱਦੋ-ਜਹਿਦ ਤੋਂ ਬਾਅਦ ਕਾਰ ਵਿੱਚ ਫਸੇ ਲੋਕਾਂ ਨੂੰ ਬਾਹਰ ਕੱਢਿਆ ਗਿਆ।

# ਮਨਰੇਗਾ ਨੂੰ ਖ਼ਤਮ ਕਰਨ ਦੇ ਸਿੱਟੇ ਘਾਤਕ ਹੋਣਗੇ: ਸੋਨੀਆ ਗਾਂਧੀ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਕਾਂਗਰਸ ਸੰਸਦੀ ਦਲ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਇਤਿਹਾਸਕ ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਨੂੰ ਖ਼ਤਮ ਕਰਨ ਦੇ ਫੈਸਲੇ ਦੀ ਸਖ਼ਤ ਨਿਖੇਧੀ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਇਸ ਦੇ ਪੇਂਡੂ ਭਾਰਤ ਦੇ ਕਰੋੜਾਂ ਲੋਕਾਂ ਲਈ ਘਾਤਕ ਸਿੱਟੇ ਨਿਕਲਣਗੇ।ਇਹ ਟਿੱਪਣੀ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਵਿਕਸਿਤ ਭਾਰਤ ਗਾਰੰਟੀ ਫਾਰ ਰੁਜ਼ਗਾਰ ਐਂਡ ਆਜੀਵਿਕਾ ਮਿਸ਼ਨ ਬਿੱਲ ਨੂੰ ਮਨਜ਼ੂਰੀ ਦੇਣ ਤੋਂ ਇੱਕ ਦਿਨ ਬਾਅਦ ਆਈ ਹੈ, ਜੋ ਕਿ ਮਨਰੇਗਾ ਦੀ ਥਾਂ ਲਵੇਗਾ। ਸੋਨੀਆ ਗਾਂਧੀ ਨੇ ਕਿਹਾ ਕਿ ਮਨਰੇਗਾ ਨੇ ਮਹਾਤਮਾ ਗਾਂਧੀ ਦੇ ਸਰਵੋਦਿਆ ਦੇ ਵਿਜ਼ਨ ਨੂੰ ਸਾਕਾਰ ਕੀਤਾ ਸੀ ਅਤੇ ਸੰਵਿਧਾਨਕ ਤੌਰ 'ਤੇ ਕੰਮ ਦੇ ਅਧਿਕਾਰ ਨੂੰ ਲਾਗੂ ਕੀਤਾ ਸੀ, ਪਰ ਹੁਣ ਮੋਦੀ ਸਰਕਾਰ ਨੇ ਬਿਨਾਂ ਕਿਸੇ ਚਰਚਾ, ਸਲਾਹ-ਮਸ਼ਵਰੇ ਜਾਂ ਸੰਸਦੀ ਪ੍ਰਕਿਰਿਆਵਾਂ ਦਾ ਸਤਿਕਾਰ ਕੀਤੇ ਇਸ ਨੂੰ ਬੁਲਡੋਜ਼ ਕਰ ਦਿੱਤਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਮਹਾਤਮਾ ਦਾ ਨਾਂ ਹਟਾਉਣਾ ਤਾਂ ਸਿਰਫ਼ ਸ਼ੁਰੂਆਤ ਸੀ, ਅਸਲ ਵਿੱਚ ਇਸ ਦੀ ਪੂਰੀ ਸੰਰਚਨਾ ਨੂੰ ਹੀ ਤਬਾਹ ਕਰ ਦਿੱਤਾ ਗਿਆ ਹੈ। ਨਵੇਂ ਬਿੱਲ ਨੂੰ ਨੌਕਰਸ਼ਾਹੀ ਦੇ ਨਿਯਮਾਂ ਦਾ ਇੱਕ ਸਮੂਹ ਦੱਸਦਿਆਂ ਉਨ੍ਹਾਂ ਕਿਹਾ ਕਿ ਹੁਣ ਕੇਂਦਰ ਸਰਕਾਰ ਆਪਣੀ ਮਰਜ਼ੀ ਅਨੁਸਾਰ ਪੇਂਡੂ ਖੇਤਰਾਂ ਨੂੰ ਨੋਟੀਫਾਈ ਕਰੇਗੀ ਅਤੇ ਬਜਟ @ਤੇ ਸੀਮਾ ਲਗਾਉਣ ਨਾਲ ਰੁਜ਼ਗਾਰ ਦੇ ਦਿਨ ਵੀ ਕੇਂਦਰ ਦੀਆਂ ਤਰਜੀਹਾਂ 'ਤੇ ਨਿਰਭਰ ਹੋਣਗੇ ਨਾ ਕਿ ਲੋਕਾਂ ਦੀਆਂ ਲੋੜਾਂ 'ਤੇ।

# ਮਨਰੇਗਾ ਦੇ ਨਾਮ 'ਤੇ ਦੇਸ਼ ਨੂੰ ਗੁੰਮਰਾਹ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ : ਚੌਹਾਨ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ, ÷ਮਨਰੇਗਾ ਦੇ ਨਾਮ @ਤੇ ਦੇਸ਼ ਨੂੰ ਗੁੰਮਰਾਹ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਗਲਤ ਜਾਣਕਾਰੀ ਫੈਲਾਈ ਜਾ ਰਹੀ ਹੈ... ਸਾਡੇ ਮਜ਼ਦੂਰ ਭਰਾਵਾਂ ਅਤੇ ਭੈਣਾਂ ਲਈ, ਹੁਣ ਸਿਰਫ਼ 100 ਦਿਨਾਂ ਦੀ ਨਹੀਂ, ਸਗੋਂ 125 ਦਿਨਾਂ ਦੇ ਕੰਮ ਦੀ ਗਰੰਟੀ ਹੈ... ਜੇਕਰ ਮਜ਼ਦੂਰੀ ਵਿਚ ਦੇਰੀ ਹੁੰਦੀ ਹੈ ਤਾਂ ਵਾਧੂ ਭੁਗਤਾਨ ਕਰਨ ਦਾ ਪ੍ਰਬੰਧ ਹੈ ਅਤੇ ਦੂਜੇ ਪਾਸੇ, ਇਸ ਸਾਲ ਲਈ ਪ੍ਰਸਤਾਵਿਤ ਵੱਡੀ ਰਕਮ 1,51,282 ਕਰੋੜ ਰੁਪਏ ਤੋਂ ਵੱਧ ਹੈ। ਇਹ ਰੁਜ਼ਗਾਰ ਪ੍ਰਦਾਨ ਕਰਨ ਅਤੇ ਪਿੰਡਾਂ ਦੇ ਸੰਪੂਰਨ ਵਿਕਾਸ ਲਈ ਲੋੜੀਂਦੇ ਫ਼ੰਡ ਯਕੀਨੀ ਬਣਾਉਣ ਲਈ ਹੈ... ਇਹ ਕਾਨੂੰਨ ਗਰੀਬਾਂ ਅਤੇ ਵਿਕਾਸ ਦੇ ਹੱਕ ਵਿਚ ਹੈ, । ਇਹ ਕਾਨੂੰਨ ਮਜ਼ਦੂਰਾਂ ਲਈ ਰੁਜ਼ਗਾਰ ਦੀ ਪੂਰੀ ਗਰੰਟੀ ਪ੍ਰਦਾਨ ਕਰਦਾ ਹੈ। ਇਹ ਵਿਕਸਤ ਭਾਰਤ ਦੇ ਨਿਰਮਾਣ ਲਈ ਵਿਕਸਤ ਪਿੰਡਾਂ ਦੇ ਸੰਕਲਪ ਨੂੰ ਪੂਰਾ ਕਰਦਾ ਹੈ। ਇਕ ਹੋਰ ਵਿਸ਼ੇਸ਼ ਪ੍ਰਬੰਧ ਹੈ। ਪ੍ਰਸ਼ਾਸਕੀ ਖਰਚਾ 6% ਤੋਂ ਵਧ ਕੇ 9% ਹੋ ਗਿਆ ਹੈ।

# ਰਿਸ਼ਤੇਦਾਰੀ ਵਿੱਚੋਂ ਪ੍ਰਸਿੱਧ ਅਦਾਕਾਰ ਤੇ ਗੁਲੂਕਾਰ ਕੁੰਦਨਲਾਲ ਸਹਿਗਲ

ਚਮਨ ਪੁਰੀ ਉਰਫ਼ ਚਮਨਲਾਲ ਪੁਰੀ ਦੀ ਪੈਦਾਇਸ਼ 2 ਅਕਤੂਬਰ 1914 ਨੂੰ ਨਵਾਂ ਸ਼ਹਿਰ (ਦੁਆਬਾ) ਦੇ ਪੰਜਾਬੀ ਖੱਤਰੀ ਪਰਿਵਾਰ ਵਿੱਚ ਹੋਈ। ਇਨ੍ਹਾਂ ਦੇ ਪਿਤਾ ਦਾ ਨਾਮ ਨਿਹਾਲ ਸਿੰਘ ਪੁਰੀ ਅਤੇ ਮਾਤਾ ਦਾ ਨਾਮ ਵੇਦ ਕੌਰ ਸੀ। ਛੋਟੇ ਭਰਾਵਾਂ 'ਚ ਮਦਨ ਪੁਰੀ (ਚਰਿੱਤਰ ਅਦਾਕਾਰ), ਅਮਰੀਸ਼ ਪੁਰੀ (ਖ਼ਲਨਾਇਕ) ਤੋਂ ਇਲਾਵਾ ਹਰੀਸ਼ ਪੁਰੀ ਤੇ ਭੈਣ ਚੰਦਰਕਾਂਤਾ ਮਿਹਰਾ ਸ਼ਾਮਿਲ ਹਨ। ਰਿਸ਼ਤੇਦਾਰੀ ਵਿੱਚੋਂ ਪ੍ਰਸਿੱਧ ਅਦਾਕਾਰ ਤੇ ਗੁਲੂਕਾਰ ਕੁੰਦਨਲਾਲ ਸਹਿਗਲ ਚਮਨ ਪੁਰੀ ਦੇ ਭਰਾ ਸਨ। ਜਦੋਂ ਬੀ. ਐੱਨ. ਸਿਰਕਾਰ ਨੇ ਆਪਣੇ ਫ਼ਿਲਮਸਾਜ਼ ਅਦਾਰੇ ਨਿਊ ਥੀਏਟਰਜ਼, ਕਲਕੱਤਾ ਦੇ ਬੈਨਰ ਹੇਠ ਆਰ. ਸੀ. ਬੋਰਾਲ ਦੀ ਹਿਦਾਇਤਕਾਰੀ ਵਿੱਚ ਹਿੰਦੀ ਫ਼ਿਲਮ 'ਅਭਾਗਿਨ' (1938) ਸ਼ੁਰੂ ਕੀਤੀ, ਤਾਂ ਇਸ ਫ਼ਿਲਮ ਵਿੱਚ ਚਮਨ ਪੁਰੀ ਨੂੰ ਸਹਾਇਕ ਅਦਾਕਾਰ ਵਜੋਂ ਮੁਤਆਰਿਫ਼ ਕਰਵਾਇਆ। ਫ਼ਿਲਮ ਦੀ ਮੁੱਖ ਭੂਮਿਕਾ ਵਿੱਚ ਪ੍ਰਿਥਵੀਰਾਜ ਕਪੂਰ ਤੇ ਮੌਲਿਨਾ ਮੌਜੂਦ ਸਨ। ਇਹ ਫ਼ਿਲਮ ਬੰਗਾਲੀ ਨਾਵਲਨਿਗਾਰ ਉਪੇਂਦਰ ਨਾਥ ਗਾਂਗੁਲੀ ਦੀ ਕਹਾਣੀ 'ਤੇ ਆਧਾਰਿਤ ਸੀ ਜੋ ਹਿੰਦੀ ਦੇ ਇਲਾਵਾ ਬੰਗਾਲੀ ਵਿੱਚ ਵੀ ਇਸੇ ਸਿਰਲੇਖ ਹੇਠ ਡੱਬ ਹੋਈ ਸੀ। ਫਿਰ ਇਸੇ ਬੈਨਰ ਦੀ ਹੀ ਫਣੀ ਮਜੂਮਦਰ ਨਿਰਦੇਸ਼ਿਤ ਫ਼ਿਲਮ 'ਸਟਰੀਟ ਸਿੰਗਰ' (1938) 'ਚ ਚਮਨ ਪੁਰੀ ਨੇ ਭਰਾ ਕੁੰਦਨਲਾਲ ਸਹਿਗਲ ਨਾਲ ਅਦਾਕਾਰੀ ਕੀਤੀ। ਇਹ ਕਾਮਯਾਬ ਫ਼ਿਲਮ 18 ਨਵੰਬਰ 1938 ਨੂੰ ਨਿਸ਼ਾਤ ਸਿਨਮਾ, ਲਾਹੌਰ 'ਚ ਪਰਦਾਪੇਸ਼ ਹੋਈ। ਜਦੋਂ ਆਰ. ਸੀ. ਤਲਵਾਰ ਨੇ ਆਪਣੇ ਫ਼ਿਲਮਸਾਜ਼ ਅਦਾਰੇ ਤਲਵਾਰ ਪ੍ਰੋਡਕਸ਼ਨਜ਼, ਕਲਕੱਤਾ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ (ਸਹਾਇਕ ਅਮਰਨਾਥ) ਵਿੱਚ ਪੰਜਾਬੀ ਫ਼ਿਲਮ 'ਪਰਦੇਸੀ ਢੋਲਾ' (1940) ਸ਼ੁਰੂ ਕੀਤੀ ਤਾਂ ਚਮਨ ਲਾਲ ਪੁਰੀ ਨੂੰ 'ਲੈਫਟੀਨੈਂਟ' ਦਾ ਪਾਰਟ ਨਿਭਾਉਣ ਦਾ ਮੌਕਾ ਦਿੱਤਾ। ਫ਼ਿਲਮ ਦੇ ਮਰਕਜ਼ੀ ਕਿਰਦਾਰ ਵਿੱਚ ਰਮੋਲਾ (ਪਗਲੀ) ਤੇ ਰਾਜਿੰਦਰ ਸਿੰਘ ਮੌਜੂਦ ਸਨ। ਫ਼ਿਲਮ ਦੀ ਕਹਾਣੀ ਤੇ ਮੁਕਾਲਮੇ ਵਲੀ ਸਾਹਿਬ ਅਤੇ ਸੰਗੀਤਕਾਰ ਜੀ. ਏ. ਚਿਸ਼ਤੀ ਸਨ। ਇਹ ਫ਼ਿਲਮ 29 ਅਗਸਤ 1941 ਨੂੰ ਨਿਊ ਅੰਪਾਇਰ ਥੀਏਟਰ, ਸ਼ਿਮਲਾ 'ਚ ਨੁਮਾਇਸ਼ ਹੋਈ। ਜੇ. ਐੱਲ. ਪਰਾਸ਼ਰ ਦੇ ਫ਼ਿਲਮਸਾਜ਼ ਅਦਾਰੇ ਨਵ-ਚਿੱਤਰਕਾਰ ਲਿਮਟਿਡ, ਬੰਬੇ ਦੀ ਕੁਲਦੀਪ (ਸਹਾਇਕ ਓ. ਪੀ. ਰਲਹਨ) ਨਿਰਦੇਸ਼ਿਤ ਪੰਜਾਬੀ ਫ਼ਿਲਮ 'ਬਾਲੋ' (1951) 'ਚ ਚਮਨ ਪੁਰੀ ਨੇ ਚਰਿੱਤਰ ਕਿਰਦਾਰ ਨਿਭਾਇਆ। ਕਹਾਣੀ, ਮੰਜ਼ਰਨਾਮਾ, ਮੁਕਾਲਮੇ ਰਾਮ ਪ੍ਰਕਾਸ਼ 'ਅਸਕ', ਗੀਤ ਸਾਹਿਰ ਲੁਧਿਆਣਵੀ (ਪਹਿਲੀ ਫ਼ਿਲਮ) ਅਤੇ ਸੰਗੀਤ ਐੱਨ. ਦੱਤਾ ਨੇ ਮੁਰੱਤਿਬ ਕੀਤਾ। ਇਹ ਫ਼ਿਲਮ 2 ਨਵੰਬਰ 1951 ਨੂੰ ਅੰਮ੍ਰਿਤ ਟਾਕੀਜ਼, ਅੰਮ੍ਰਿਤਸਰ 'ਚ ਨੁਮਾਇਸ਼ ਹੋਈ। ਐੱਸ. ਚੱਢਾ ਦੇ ਫ਼ਿਲਮਸਾਜ਼ ਅਦਾਰੇ ਪਿਓਨੀ ਆਰਟਸ ਪ੍ਰੋਡਕਸ਼ਨਜ਼, ਬੰਬੇ ਦੀ ਐੱਸ. ਪੀ. ਬਖ਼ਸ਼ੀ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਪਰਦੇਸੀ ਢੋਲਾ' (1962) 'ਚ ਚਮਨਪੁਰੀ ਨੇ 'ਚਾਨਣ ਮੱਲ' ਦਾ ਚਰਿੱਤਰ ਕਿਰਦਾਰ ਨਿਭਾਇਆ। ਇਹ ਫ਼ਿਲਮ 22 ਜੂਨ 1962 ਨੂੰ ਇੰਦਰ ਪੈਲੇਸ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ। ਸ੍ਰੀਮਤੀ ਐੱਸ. ਐੱਸ. ਮਦਾਨ ਦੇ ਫ਼ਿਲਮਸਾਜ਼ ਅਦਾਰੇ ਸ਼ੋਭਾ ਪਿਕਚਰਜ਼, ਬੰਬੇ ਦੀ ਬੇਕਲ 'ਅੰਮ੍ਰਿਤਸਰੀ' ਨਿਰਦੇਸ਼ਿਤ ਪੰਜਾਬੀ ਫ਼ਿਲਮ 'ਕਿੱਕਲੀ' (1964) 'ਚ ਚਮਨ ਪੁਰੀ ਨੇ ਮੰਦਰ ਦੇ 'ਪੁਜਾਰੀ' ਦਾ ਚਰਿੱਤਰ ਪਾਰਟ ਅਦਾ ਕੀਤਾ। ਫ਼ਿਲਮੀਸਤਾਨ ਪ੍ਰਾਈਵੇਟ ਲਿਮਟਿਡ, ਬੰਬੇ ਦੀ ਰੁਮਾਨੀ ਪੰਜਾਬੀ ਫ਼ਿਲਮ 'ਸੱਸੀ ਪੁੰਨੂੰ' (1965) 'ਚ ਉਸ ਨੇ 'ਅਤਾ ਧੋਬੀ' ਦਾ ਚਰਿੱਤਰ ਪਾਤਰ ਬਾਖ਼ੂਬੀ ਨਿਭਾਇਆ। ਜਗਦੀਸ਼ ਗਾਰਗੀ ਦੇ ਫ਼ਿਲਮਸਾਜ਼ ਅਦਾਰੇ ਜਗਦੀਪ ਮੂਵੀਜ਼, ਬੰਬੇ ਦੀ ਓਮੀ ਬੇਦੀ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਕਣਕਾਂ ਦੇ ਓਹਲੇ' (1970) 'ਚ ਉਸ ਨੇ 'ਜੱਜ' ਦਾ ਰੋਲ ਕੀਤਾ। ਦਾਰਾ ਸਿੰਘ ਦੇ ਫ਼ਿਲਮਸਾਜ਼ ਅਦਾਰੇ ਦਾਰਾ ਪ੍ਰੋਡਕਸ਼ਨਜ਼, ਬੰਬੇ ਦੀ ਦਾਰਾ ਸਿੰਘ ਨਿਰਦੇਸ਼ਿਤ ਧਾਰਮਿਕ ਪੰਜਾਬੀ ਫ਼ਿਲਮ 'ਸਵਾ ਲਾਖ ਸੇ ਏਕ ਲੜਾਊਂ' (1976) 'ਚ ਉਸ ਨੇ ਕਰਤਾਰ ਸਿੰਘ (ਦਾਰਾ ਸਿੰਘ) ਦੇ ਪਿਓ 'ਤਾਰਾ ਚੰਦ' ਦਾ ਪਾਰਟ ਨਿਭਾਇਆ। ਇਹ ਫ਼ਿਲਮ ਗਿਆਨੀ ਭਜਨ ਸਿੰਘ ਦੇ ਨਾਵਲ 'ਗਗਨ ਦਮਾਮਾ ਬਾਜਿਓ' 'ਤੇ ਆਧਾਰਿਤ ਨੌਵੇਂ ਗੁਰੂ ਤੇਗ ਬਹਾਦਰ ਨੂੰ ਸਮਰਪਿਤ ਸੀ। ਕਿਸ਼ੋਰ ਸਹਿਗਲ ਤੇ ਰਾਜਿੰਦਰ ਸਿੰਘ ਆਤਿਸ਼ ਦੇ ਫ਼ਿਲਮਸਾਜ਼ ਅਦਾਰੇ ਅਲਪਨਾ ਫ਼ਿਲਮਜ਼, ਬੰਬੇ ਦੀ ਸੁਰਿੰਦਰ ਸਿੰਘ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਸਾਲ ਸੋਲਵਾਂ ਚੜ੍ਹਿਆ' (1977) 'ਚ ਚਮਨ ਪੁਰੀ ਨੇ ਅਦਾਕਾਰਾ ਸੁਧਾ ਚੋਪੜਾ ਦੇ ਪਤੀ 'ਈਸ਼ਵਰ' ਦਾ ਪਾਤਰ ਅਦਾ ਕੀਤਾ। ਪੰਜਾਬ ਪਿਕਚਰਜ਼, ਬੰਬੇ ਦੀ ਪ੍ਰੋਫੈਸਰ ਨਰੂਲਾ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਵੰਗਾਰ' (1977) 'ਚ ਉਸ ਨੇ ਅਦਾਕਾਰਾ ਮੀਨਾ ਰਾਏ (ਨਿੰਮੋ) ਦੇ ਪਿਓ 'ਨੇਕੀ ਰਾਮ' ਦਾ ਸੋਹਣਾ ਕਿਰਦਾਰ ਨਿਭਾਇਆ। ਫ਼ਿਲਮ 'ਚ ਇਨ੍ਹਾਂ ਦੇ ਭਰਾ ਮਦਨ ਪੁਰੀ ਨੇ ਵੀ 'ਚੇਤ ਰਾਮ' ਦਾ ਨਕਾਰਾਤਮਕ ਪਾਰਟ ਅਦਾ ਕੀਤਾ ਸੀ। ਨੀਲਮ ਪ੍ਰੋਡਕਸ਼ਨਜ਼, ਬੰਬੇ ਦੀ ਓਮੀ ਬੇਦੀ ਨਿਰਦੇਸ਼ਿਤ ਮਜ਼ਾਹੀਆ ਪੰਜਾਬੀ ਫ਼ਿਲਮ 'ਯਮਲਾ ਜੱਟ' (1977) 'ਚ ਪਿੰਡ ਦੇ 'ਲੰਬੜਦਾਰ' ਦਾ ਰੋਲ ਕੀਤਾ। ਕਮਲਜੀਤ ਕਵਾਤੜਾ ਦੇ



ਫ਼ਿਲਮਸਾਜ਼ ਅਦਾਰੇ ਕਵਾਤੜਾ ਮੂਵੀਜ਼, ਬੰਬੇ ਦੀ ਚਮਨ ਨੀਲੈ ਨਿਰਦੇਸ਼ਿਤ ਮਜ਼ਾਹੀਆ ਪੰਜਾਬੀ ਫ਼ਿਲਮ 'ਦੋ ਪੋਸਤੀ' (1981) ਵਿੱਚ ਚਮਨ ਪੁਰੀ ਨੇ ਪਿੰਡ ਦੇ 'ਚੌਧਰੀ' ਦਾ ਪਾਤਰ ਅਦਾ ਕੀਤਾ। ਮਾਯਾਪੁਰੀ ਫ਼ਿਲਮਜ਼, ਬੰਬੇ ਦੀ ਮੋਹਨ ਕੌਲ ਨਿਰਦੇਸ਼ਿਤ ਏ ਗਰੇਡ ਪੰਜਾਬੀ 'ਚਸਕਾ' (1981) ਫ਼ਿਲਮ 'ਚ ਉਸ ਨੇ ਗੁਰੂ ਘਰ ਦੇ 'ਸਿੰਘ' ਦਾ ਸ਼ਾਨਦਾਰ ਪਾਰਟ ਨਿਭਾਇਆ ਜੋ ਇੱਕ ਕੁਰਾਹੇ ਪਏ ਬੰਦੇ ਨੂੰ ਰਾਹੇ ਪਾਉਂਦਾ ਹੈ।

ਲਿਬਰਟੀ ਆਰਟ ਪ੍ਰੋਡਕਸ਼ਨਜ਼, ਬੰਬੇ ਦੀ ਜੀ. ਰਾਕੇਸ਼ ਨਿਰਦੇਸ਼ਿਤ ਫ਼ਿਲਮ 'ਲੇਖ' (1949), ਜਗਦੀਸ਼ ਸੇਠੀ ਦੇ ਫ਼ਿਲਮਸਾਜ਼ ਅਦਾਰੇ ਜੇ. ਐੱਸ. ਸੇਠੀ ਪਿਕਚਰਜ਼, ਬੰਬੇ ਦੀ ਜਗਦੀਸ਼ ਸੇਠੀ ਨਿਰਦੇਸ਼ਿਤ ਫ਼ਿਲਮ 'ਰਾਤ ਕੀ ਰਾਨੀ' (1949) 'ਚ ਵੀ ਉਸ ਨੇ ਚਰਿੱਤਰ ਕਿਰਦਾਰ ਨਿਭਾਇਆ। ਬੰਬੇ ਟਾਕੀਜ਼, ਬੰਬੇ ਦੀ ਗਿਆਨ ਮੁਖਰਜੀ ਨਿਰਦੇਸ਼ਿਤ ਫ਼ਿਲਮ 'ਸੰਗਰਾਮ' (1950) 'ਚ ਉਸ ਨੇ 'ਪੁਲੀਸ ਅਫ਼ਸਰ', ਸ੍ਰੀ ਗੋਪਾਲ ਪਿਕਚਰਜ਼, ਬੰਬੇ ਦੀ ਬੀ. ਆਰ. ਚੋਪੜਾ ਨਿਰਦੇਸ਼ਿਤ ਫ਼ਿਲਮ 'ਅਫ਼ਸਾਨਾ' (1951) 'ਚ 'ਅੰਨ੍ਹੇ ਪਿਓ' ਦਾ, ਏ. ਵੀ. ਐੱਮ. ਪ੍ਰੋਡਕਸ਼ਨਜ਼, ਮਦਰਾਸ ਦੀ ਏ. ਵੀ. ਰਾਮਨ ਨਿਰਦੇਸ਼ਿਤ ਮਜ਼ਾਹੀਆ ਫ਼ਿਲਮ 'ਬਹਾਰ' (1951) 'ਚ 'ਸੇਠ ਜੀ' ਦਾ, ਫ਼ਿਲਮੀਸਤਾਨ ਲਿਮਟਿਡ, ਬੰਬੇ ਦੀ ਬੀ. ਮਿੱਤਰਾ ਨਿਰਦੇਸ਼ਿਤ ਫ਼ਿਲਮ 'ਸ਼ਰਤ' (1954) 'ਚ 'ਡਾਕਟਰ' ਦਾ, ਬਲੈਕ ਐਂਡ ਵਾਈਟ ਮੂਵੀਜ਼, ਬੰਬੇ ਦੀ ਐੱਚ. ਐੱਸ. ਰਵੇਲ ਨਿਰਦੇਸ਼ਿਤ ਮਜ਼ਾਹੀਆ ਫ਼ਿਲਮ 'ਮਸਤਾਨਾ' (1954) 'ਚ ਮੰਦਰ ਦੇ 'ਪੁਜਾਰੀ' ਦਾ, ਫ਼ਿਲਮੀਤਾਨ ਲਿਮਟਿਡ, ਬੰਬੇ ਦੀ ਰਮਨਲਾਲ ਦੇਸਾਈ ਨਿਰਦੇਸ਼ਿਤ ਫ਼ਿਲਮ 'ਆਬ-ਏ-ਹਯਾਤ' (1955) 'ਚ 'ਮੁਕੱਦਸ ਬਾਬਾ' ਦਾ ਤੇ ਇਸੇ ਬੈਨਰ ਦੀ ਹੀ ਸੁਬੋਧ ਮੁਖਰਜੀ ਨਿਰਦੇਸ਼ਿਤ ਫ਼ਿਲਮ 'ਪੇਇੰਗ ਗੈਸਟ' (1957) 'ਚ 'ਸਰਕਾਰੀ ਵਕੀਲ' ਦਾ ਅਤੇ ਸ੍ਰੀ ਸ਼ਕਤੀ ਫ਼ਿਲਮਜ਼, ਬੰਬੇ ਦੀ ਸ਼ਕਤੀ ਸਾਮੰਤ ਨਿਰਦੇਸ਼ਿਤ ਕਰਾਈਮ ਫ਼ਿਲਮ 'ਹਾਵੜਾ ਬ੍ਰਿਜ' (1958) 'ਚ 'ਮਦਨ ਬਾਬੂ' 'ਚ ਚਮਨ ਪੁਰੀ ਵੱਲੋਂ ਨਿਭਾਏ ਸ਼ਾਨਦਾਰ ਚਰਿੱਤਰ ਕਿਰਦਾਰ ਅੱਜ ਵੀ ਫ਼ਿਲਮ-ਮੱਦਾਹਾਂ ਦੇ ਚੇਤਿਆਂ 'ਚ ਵੱਸੇ ਹੋਏ ਹਨ। 1960ਵਿਆਂ, 70ਵਿਆਂ ਤੇ 80ਵਿਆਂ ਦੇ ਦਹਾਕੇ ਵਿੱਚ ਵੀ ਉਸ ਦੀ ਬਿਹਤਰੀਨ ਕਿਰਦਾਰਨਿਗਾਰੀ ਵਾਲੀਆਂ ਕੁਝ ਯਾਦਗਾਰੀ ਫ਼ਿਲਮਾਂ ਰਿਲੀਜ਼ ਹੋਈਆਂ। ਏਸ਼ਿਆਟਿਕ ਪ੍ਰੋਡਕਸ਼ਨਜ਼, ਬੰਬੇ ਦੀ ਫ਼ਿਲਮ 'ਪਤੰਗ' (1960) 'ਚ 'ਬਾਬੂ ਹਿੰਮਤ ਰਾਏ' ਤੇ ਇਸੇ ਬੈਨਰ ਦੀ ਹੀ ਸੂਰਜ ਪ੍ਰਕਾਸ਼ ਨਿਰਦੇਸ਼ਿਤ ਫ਼ਿਲਮ 'ਫੂਲ ਬਨੇ ਅੰਗਾਰੇ' (1963) 'ਚ ਵਿਮਲਾ (ਮਾਲਾ ਸਿਨਹਾ) ਦੇ ਪਿਓ ਦਾ ਪਾਰਟ, ਬੰਨੀ ਰੂਪਾ ਫ਼ਿਲਮਜ਼, ਬੰਬੇ ਦੀ ਸਤਯਨ ਬੋਸ ਨਿਰਦੇਸ਼ਿਤ ਫ਼ਿਲਮ 'ਮਾਸੂਮ' (1960) 'ਚ 'ਸਕੂਲ ਹੈੱਡਮਾਸਟਰ' ਦਾ, ਕੇ. ਆਰ. ਫ਼ਿਲਮਜ਼, ਬੰਬੇ ਦੀ ਕੇਦਾਰ ਕਪੂਰ ਨਿਰਦੇਸ਼ਿਤ ਫ਼ਿਲਮ 'ਸਪਨ ਸੁਹਾਨੇ' (1961) 'ਚ 'ਜੱਗੂ ਮਾਮਾ', ਫ਼ਿਲਮਜ਼ ਫਾਊਂਟੇਨ, ਬੰਬੇ ਦੀ ਤਾਰਾ ਹਰੀਸ਼ ਨਿਰਦੇਸ਼ਿਤ ਫ਼ਿਲਮ 'ਬਰਮਾ ਰੋਡ' (1962) 'ਚ 'ਰਾਜਾ' ਦਾ, ਸ਼ੱਤਰੂਜੀਤ ਫ਼ਿਲਮਜ਼, ਬੰਬੇ ਦੀ ਟੀ. ਪ੍ਰਕਾਸ਼ ਰਾਵ ਨਿਰਦੇਸ਼ਿਤ ਫ਼ਿਲਮ 'ਬਹੂ ਬੇਟੀ' (1965) 'ਚ 'ਧਨਪਤ ਰਾਏ' ਦਾ', ਬਾਸੂ ਫ਼ਿਲਮਜ਼, ਮਦਰਾਸ ਦੀ ਸ੍ਰੀਧਰ ਨਿਰਦੇਸ਼ਿਤ ਫ਼ਿਲਮ 'ਨਈ ਰੌਸ਼ਨੀ' (1967) 'ਚ 'ਪ੍ਰਿੰਸੀਪਲ' ਦਾ, ਕਲਯੁੱਗ ਫ਼ਿਲਮਜ਼, ਬੰਬੇ ਦੀ ਕੇਦਾਰ ਕਪੂਰ ਨਿਰਦੇਸ਼ਿਤ ਫ਼ਿਲਮ 'ਏਕ ਫੂਲ ਏਕ ਭੂਲ' (1968) 'ਚ 'ਪ੍ਰੋਫੈਸਰ ਗੌਰੀ ਸ਼ੰਕਰ' ਦਾ, ਸ਼ਿਵ ਕੁਮਾਰ ਪ੍ਰੋਡਕਸ਼ਨਜ਼, ਬੰਬੇ ਦੀ ਸ਼ਿਵ ਕੁਮਾਰ ਨਿਰਦੇਸ਼ਿਤ ਫ਼ਿਲਮ 'ਹਮ ਤੁਮ ਔਰ ਵੋਹ' (1971) 'ਚ 'ਸੇਠ ਬਨਵਾਰੀ ਲਾਲ' ਦਾ, ਡਾਇਨਮੋ ਇੰਟਰਨੈਸ਼ਨਲ, ਬੰਬੇ ਦੀ ਬ੍ਰਿਜ ਨਿਰਦੇਸ਼ਿਤ ਫ਼ਿਲਮ 'ਵਿਕਟੋਰੀਆ ਨੰ. 203' (1972) 'ਚ ਸਾਇਰਾ ਬਾਨੋ (ਰੇਖਾ) ਦੇ ਪਿਓ ਦਾ ਕਿਰਦਾਰ, ਭਾਗਯਲਛਮੀ ਚਿੱਤਰ ਮੰਦਿਰ, ਬੰਬੇ ਦੀ ਸਤਰਾਮ ਰੋਹੜਾ ਨਿਰਦੇਸ਼ਿਤ ਫ਼ਿਲਮ 'ਰੌਕੀ ਮੇਰਾ ਨਾਮ' (1973) 'ਚ 'ਦੀਵਾਨ ਕ੍ਰਿਪਾਰਾਮ', ਸਦਾਨਾਹ ਬ੍ਰਦਰਜ਼, ਬੰਬੇ ਦੀ ਬ੍ਰਿਜ ਨਿਰਦੇਸ਼ਿਤ ਫ਼ਿਲਮ 'ਚੋਰੀ ਮੇਰਾ ਨਾਮ' (1975) 'ਚ ਜ਼ੀਨਤ ਅਮਾਨ (ਸ਼ਰਮੀਲੀ) ਦੇ ਪਿਓ 'ਸ਼ੰਭੂ' ਦਾ ਪਾਰਟ, ਕਲਾ ਸੰਗਮ ਇੰਟਰਨੈਸ਼ਨਲ, ਬੰਬੇ ਦੀ ਦਵਿੰਦਰ ਗੋਇਲ 'ਦੋ ਮੁਸਾਫ਼ਿਰ' (1978) 'ਚ 'ਭਵਾਨੀ ਸਿੰਘ' ਦਾ, ਡਾਇਨਮੋ ਇੰਟਰਨੈਸ਼ਨਲ, ਬੰਬੇ ਦੀ ਬ੍ਰਿਜ ਨਿਰਦੇਸ਼ਿਤ ਸਿਨਮਾਸਕੋਪ ਫ਼ਿਲਮ 'ਬੰਬੇ 405 ਮਾਈਲਸ' (1980) 'ਚ 'ਮੋਹਨ ਲਾਲ' ਦੀ ਮਹਿਮਾਨ ਭੂਮਿਕਾ, ਆਰ. ਐੱਸ. ਐੱਮ. ਪ੍ਰੋਡਕਸ਼ਨਜ਼, ਬੰਬੇ ਦੀ ਵਿਜੈ ਸਦਾਨਾ ਨਿਰਦੇਸ਼ਿਤ ਫ਼ਿਲਮ 'ਏਕ ਚਿੱਠੀ ਪਿਆਰ ਭਰੀ' (1984) 'ਚ ਚਮਨ ਪੁਰੀ ਨੇ 'ਗਿਰਧਾਰੀ ਲਾਲ' ਦਾ ਚਰਿੱਤਰ ਕਿਰਦਾਰ ਨਿਭਾਇਆ। ਬੀ. ਐੱਮ. ਬੀ. ਪ੍ਰੋਡਕਸ਼ਨਜ਼, ਮਦਰਾਸ ਦੀ ਵਿਜੈ ਸਦਾਨਾ ਨਿਰਦੇਸ਼ਿਤ ਫ਼ਿਲਮ 'ਪਯਾਰ ਝੁਕਤਾ ਨਹੀਂ' (1985) 'ਚ ਸ਼ੰਕਰ ਦਾ, ਸੁਭਾਸ਼ ਇੰਟਰਨੈਸ਼ਨਲ, ਬੰਬੇ ਦੀ ਫ਼ਿਲਮ 'ਖ਼ਜ਼ਾਨਾ' (1987) ਵਿੱਚ 'ਸ਼ਾਂਤੀਦਾਸ' ਦਾ ਕਿਰਦਾਰ ਨਿਭਾਇਆ। ਸਦਾਨਾ ਬ੍ਰਦਰਜ਼, ਬੰਬੇ ਦੀ ਵਿਜੈ ਸਦਾਨਾ ਨਿਰਦੇਸ਼ਿਤ ਫ਼ਿਲਮ 'ਔਲਾਦ' (1987) ਚਮਨ ਪੁਰੀ ਦੀ ਆਖ਼ਰੀ ਫ਼ਿਲਮ ਕਰਾਰ ਪਾਈ। ਇਸ ਫ਼ਿਲਮ ਵਿੱਚ ਉਸ ਨੇ ਸ੍ਰੀਦੇਵੀ (ਦੇਵਕੀ) ਦੇ ਗ਼ਰੀਬ 'ਪਿਓ' ਦਾ ਪਾਰਟ ਅਦਾ ਕੀਤਾ ਸੀ। ਚਮਨ ਪੁਰੀ ਦਾ ਵਿਆਹ ਸੱਤਿਆਵਤੀ ਨਾਲ ਹੋਇਆ ਸੀ। ਉਨ੍ਹਾਂ ਦਾ ਪੁੱਤਰ ਅਨੂਪ ਪੁਰੀ ਹੈ ਜੋ ਅਦਾਕਾਰ ਤੇ ਵੌਆਇਸ ਓਵਰ ਕਲਾਕਾਰ ਵੀ ਹੈ। ਉਨ੍ਹਾਂ ਦਾ ਦੂਜਾ ਪੁੱਤਰ ਰੋਹਨ ਪੁਰੀ ਵੀ ਸੰਗੀਤਕਾਰ ਹੈ। ਉਨ੍ਹਾਂ ਦੇ ਦੋ ਹੋਰ ਪੁੱਤਰ ਵਿਨੋਦ ਪੁਰੀ ਤੇ ਸੁਨੀਲ ਪੁਰੀ ਤੇ ਦੋ ਧੀਆਂ ਦੇ ਨਾਮ ਅਰੁਨਾ ਤੇ ਗੀਤੂ ਹਨ। ਬਹੁਤ ਹੀ ਹਸਮੁੱਖ ਤੇ ਮਿਲਣਸਾਰ ਸੁਭਾਅ ਵਾਲੇ ਚਮਨ ਪੁਰੀ 26 ਜੂਨ 1998 ਨੂੰ 84 ਸਾਲ ਦੀ ਉਮਰ 'ਚ ਬੰਬਈ ਵਿਖੇ ਅਕਾਲ ਚਲਾਣਾ ਕਰ ਗਏ।

# ਨਸੀਮ ਅਖ਼ਤਰ ਨੇ ਭਾਰਤੀ ਫ਼ਿਲਮ ਸਨਅਤ ਨੂੰ ਅਨੇਕਾਂ ਕਾਮਯਾਬ ਸਿਤਾਰੇ ਦਿੱਤੇ

ਨਸੀਮ ਅਖ਼ਤਰ ਦੀ ਪੈਦਾਇਸ਼ 1923 ਵਿੱਚ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਪੰਜਾਬੀ ਮੁਸਲਿਮ ਪਰਿਵਾਰ ਵਿੱਚ ਹੋਈ। ਮੂਲ ਰੂਪ ਵਿੱਚ ਇਨ੍ਹਾਂ ਦਾ ਤਾਲੁਕ ਲਾਹੌਰ ਦੀ ਹੀਰਾ ਮੰਡੀ ਨਾਲ ਸੀ, ਜਿਸ ਨੇ ਭਾਰਤੀ ਫ਼ਿਲਮ ਸਨਅਤ ਨੂੰ ਅਨੇਕਾਂ ਕਾਮਯਾਬ ਸਿਤਾਰੇ ਦਿੱਤੇ। ਬਾਲ ਉਮਰੇ ਹੀ ਨਸੀਮ ਦੀ ਸੰਗੀਤ ਨਾਲ ਬੇਪਨਾਹ ਉਲਫ਼ਤ ਨੇ ਉਸ ਨੂੰ ਆਲ ਇੰਡੀਆ ਰੇਡੀਓ, ਲਾਹੌਰ ਦੀ ਮਸ਼ਹੂਰ ਗੁਲੂਕਾਰਾ ਬਣਾ ਦਿੱਤਾ। 1930ਵਿਆਂ ਦੇ ਦਹਾਕੇ 'ਚ ਰੇਡੀਓ ਸਟੇਸ਼ਨ ਤੋਂ ਉਸ ਦੀ ਦਿਲਕਸ਼ ਆਵਾਜ਼ 'ਚ ਗਾਏ ਪੰਜਾਬੀ ਲੋਕ ਗੀਤ ਪੰਜਾਬ ਦੀਆਂ ਫ਼ਿਜ਼ਾਵਾਂ ਵਿੱਚ ਗੂੰਜਣ ਲੱਗ ਪਏ। ਜਦੋਂ ਇਸ ਗੁਲੂਕਾਰਾ ਦੀ ਆਵਾਜ਼ ਫ਼ਿਲਮਾਂ ਵਾਲਿਆਂ ਦੇ ਕੰਨੀ ਪਈ ਤਾਂ ਉਨ੍ਹਾਂ ਨੇ ਇਸ ਖ਼ੂਬਸੂਰਤ ਆਵਾਜ਼ ਦਾ ਇਸਤੇਮਾਲ ਫ਼ਿਲਮਾਂ ਵਿੱਚ ਪਸ-ਏ-ਪਰਦਾ ਗੁਲੂਕਾਰਾ ਵਜੋਂ ਕੀਤਾ। ਕਾਰਵਾਂ ਪਿਕਚਰਜ਼, ਲਾਹੌਰ ਦੇ ਬੈਨਰ ਹੇਠ ਕੇ. ਡੀ. ਮਹਿਰਾ ਦੀ ਹਿਦਾਇਤਕਾਰੀ ਵਿੱਚ ਬਣੀ ਹਿੰਦੀ ਫ਼ਿਲਮ 'ਭਾਈ' (1944) 'ਚ ਨਸੀਮ ਅਖ਼ਤਰ ਨੂੰ ਗੁਲੂਕਾਰੀ ਦਾ ਪਹਿਲਾ ਮੌਕਾ ਦਿੱਤਾ ਮਾਰੂਫ਼ ਸੰਗੀਤਕਾਰ ਭਾਈ ਗ਼ੁਲਾਮ ਹੈਦਰ 'ਅੰਮ੍ਰਿਤਸਰੀ' ਨੇ। ਫ਼ਿਲਮ 'ਚ ਖ਼ਾਨ ਸ਼ਾਤਿਰ ਗ਼ਜ਼ਨਵੀ ਦੇ ਲਿਖੇ ਗੀਤ 'ਇਸ ਦਿਲ ਕੀ ਹਾਲਤ ਕਯਾ ਕਹੀਏ' ਤੇ 'ਕੁਛ ਯਾਦ ਦਿਲਾਤੀ ਹੈਂ ਹਮੇਂ ਬੀਤੀ ਹੁਈ ਬਾਤੇਂ' (ਨਸੀਮ ਅਖ਼ਤਰ), 'ਤੇਰੀ ਨਗਰੀ ਫਿਰੇ ਬਨਜਾਰਾ ਕੋਈ' (ਨਸੀਮ ਅਖ਼ਤਰ, ਗ਼ੁਲਾਮ ਹੈਦਰ) ਗੀਤ ਖ਼ੂਬ ਚੱਲੇ। 1941 ਵਿੱਚ ਸ਼ੁਰੂ ਹੋਈ ਇਹ ਫ਼ਿਲਮ 22 ਦਸੰਬਰ 1944 ਨੂੰ ਰੀਜੈਂਟ ਸਿਨਮਾ, ਲਾਹੌਰ ਵਿਖੇ ਰਿਲੀਜ਼ ਹੋਈ। ਸ਼ੋਰੀ ਪਿਕਚਰਜ਼, ਲਾਹੌਰ ਦੀ ਰੂਪ ਕੇ. ਸ਼ੋਰੀ ਨਿਰਦੇਸ਼ਿਤ ਹਿੰਦੀ ਫ਼ਿਲਮ 'ਨਿਸ਼ਾਨੀ' (1942) 'ਚ ਨਸੀਮ ਅਖ਼ਤਰ ਨੇ ਪੰਜਾਬੀ ਸੰਗੀਤਕਾਰ ਪੰਡਤ ਅਮਰਨਾਥ ਦੇ ਸੰਗੀਤ 'ਚ ਹਜ਼ਰਤ ਅਜ਼ੀਜ਼ ਕਸ਼ਮੀਰੀ ਦੇ ਲਿਖੇ 'ਯੇ ਕਯਾ ਸੁਨ ਰਹੀ ਹੂੰ', 'ਵੋ ਤੜਫਾ ਰਹੇ ਹੈਂ' ਤੇ ਇੱਕ ਗੀਤ ਜ਼ੀਨਤ ਬੇਗਮ ਨਾਲ 'ਹੁਈ ਦਿਲ ਮੇਂ ਪੈਦਾ ਜਲਨ' ਵੀ ਪਸੰਦ ਕੀਤੇ ਗਏ। ਪੰਚੋਲੀ ਆਰਟ ਪਿਕਚਰਜ਼, ਲਾਹੌਰ ਦੀ ਸ਼ੌਕਤ ਹੁਸੈਨ ਰਿਜ਼ਵੀ ਨਿਰਦੇਸ਼ਿਤ ਫ਼ਿਲਮ 'ਖ਼ਾਨਦਾਨ' (1942) ਜੋ ਬਤੌਰ ਹੀਰੋ ਪ੍ਰਾਨ ਕ੍ਰਿਸ਼ਨ ਸਿਕੰਦ ਦੀ ਪਹਿਲੀ ਫ਼ਿਲਮ ਸੀ। ਇਸ ਫ਼ਿਲਮ ਵਿੱਚ ਭਾਈ ਗ਼ੁਲਾਮ ਹੈਦਰ ਨੇ ਨਸੀਮ ਅਖ਼ਤਰ ਕੋਲੋਂ ਇੱਕ ਕੋਰਸ ਗੀਤ 'ਚਲੋ ਪਨੀਆ ਭਰਨ ਕੋ ਚਲੇਂ' (ਨਾਲ ਨੂਰਜਹਾਂ, ਸ਼ਮਸ਼ਾਦ ਬੇਗ਼ਮ) ਗਵਾਇਆ ਜੋ ਸਟੇਜ ਉੱਤੇ ਮਨੋਰਮਾ ਤੇ ਸਹੇਲੀਆਂ 'ਤੇ ਫ਼ਿਲਮਾਇਆ ਗਿਆ ਸੀ।

ਨੌਰਦਰਨ ਇੰਡੀਆ ਸਟੂਡੀਓਜ਼ ਲਿਮਟਿਡ, ਲਾਹੌਰ ਦੀ ਬੀ. ਐੱਸ. ਰਾਜਹੰਸ (ਸਹਾਇਕ ਭਰਤ ਵੀਰ) ਨਿਰਦੇਸ਼ਿਤ ਪੰਜਾਬੀ ਫ਼ਿਲਮ 'ਪਟਵਾਰੀ' (1942), ਜਿਸ ਦੀਆਂ ਮੁੱਖ ਭੂਮਿਕਾਵਾਂ ਵਿੱਚ ਰਾਗਿਨੀ, ਐੱਸ. ਡੀ. ਨਾਰੰਗ ਤੇ ਮਨੋਰਮਾ ਸਨ। ਫ਼ਿਲਮ 'ਚ ਨਸੀਮ ਅਖ਼ਤਰ ਨੇ ਪੰਡਤ ਗੋਬਿੰਦਰਾਮ ਦੇ ਸੰਗੀਤ 'ਚ ਵਲੀ ਸਾਹਿਬ ਦੇ ਲਿਖੇ 'ਵਗ-ਵਗ ਵੇ ਝਨਾਂ ਦਿਆ ਪਾਣੀਆਂ ਤੇਰੇ ਕੰਢਿਆਂ 'ਤੇ ਆਸ਼ਕਾਂ ਨੇ ਮੌਜਾਂ ਮਾਣੀਆ', 'ਕਾਲੀਆਂ-ਕਾਲੀਆਂ ਬੱਦਲੀਆਂ ਪਿੱਛੇ ਕੋਇਲ ਪਈ ਬੋਲਦੀ' ਤੇ 'ਗੋਰੀਏ-ਸੋਹਣੀਏ ਨਾ ਕਰ ਗ਼ੁਮਾਨ ਗੋਰੇ ਰੰਗ ਦਾ' (ਨਾਲ ਸ਼ਮਸ਼ਾਦ ਬੇਗ਼ਮ), 'ਪੀ ਲੈ ਪੀ ਲੈ ਜਾਮ ਸ਼ਰਾਬੀ' ਗੀਤ ਰਾਗਿਨੀ, ਮਨੋਰਮਾ ਤੇ ਸਹੇਲੀਆਂ 'ਤੇ ਫ਼ਿਲਮਬੰਦ ਕੀਤੇ ਗਏ। ਇਹ ਫ਼ਿਲਮ 8 ਦਸੰਬਰ 1942 ਨੂੰ ਵਲਿੰਗਟਨ ਟਾਕੀਜ਼, ਭਾਟੀ ਗੇਟ, ਲਾਹੌਰ ਵਿਖੇ ਨੁਮਾਇਸ਼ ਹੋਈ। ਯੂਨੀਅਨ ਪਿਕਚਰਜ਼, ਲਾਹੌਰ ਦੀ ਹੈਦਰ ਸ਼ਾਹ ਨਿਰਦੇਸ਼ਿਤ ਮਜ਼ਾਹੀਆ ਪੰਜਾਬੀ ਫ਼ਿਲਮ 'ਨਿਖੱਟੂ' (1943) ਜਿਸ ਦੇ ਮਰਕਜ਼ੀ ਕਿਰਦਾਰ ਗੁਲ ਜ਼ਮਾਨ ਤੇ ਰਾਜ ਰਾਣੀ ਨੇ ਨਿਭਾਏ ਸਨ। ਇਸ ਫ਼ਿਲਮ ਵਿੱਚ ਨਸੀਮ ਅਖ਼ਤਰ ਨੇ ਮਾਸਟਰ ਗੋਬਿੰਦਰਾਮ ਦੇ ਸੰਗੀਤ 'ਚ ਐੱਫ਼. ਡੀ. ਸਰਫ਼ (ਫ਼ੀਰੋਜ਼ਦੀਨ ਸ਼ਰਫ਼) ਦੇ ਲਿਖੇ ਗੀਤ 'ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ', 'ਸੰਤਰਿਆ ਦੇ ਰਸ ਦਿਆ ਭਰਿਆ ਮੇਰਾ ਮਾਹੀ ਮੇਰੇ ਨਾਲ ਲੜਿਆ', 'ਦੁਨੀਆ ਸੌ ਰੰਗੀ ਸੌ ਸੌ ਰੰਗ ਵਿਖਾਵੇ', 'ਫੁੱਲਾਂ ਦਾ ਸੈਂਟ ਲਿਆ ਮਾਹੀਆ' (ਨਾਲ ਨੂਰਜਹਾਂ) ਤੋਂ ਇਲਾਵਾ 'ਫੁੱਲ ਹੋਵੇਂ ਤੂੰ ਡਾਲ ਮੈਂ ਹੋਵਾਂ' (ਨਾਲ ਗੁਲ ਜ਼ਮਾਨ) ਆਦਿ ਗੀਤ ਘਰ-ਘਰ ਗੂੰਜੇ। ਇਹ ਫ਼ਿਲਮ 14 ਜੁਲਾਈ 1943 ਨੂੰ ਵਲਿੰਗਟਨ ਟਾਕੀਜ਼, ਲਾਹੌਰ ਵਿਖੇ ਨੁਮਾਇਸ਼ ਹੋਈ। ਮਾਹੇਸ਼ਵਰੀ ਪਿਕਚਰਜ਼, ਲਾਹੌਰ ਦੀ ਸ਼ੰਕਰ ਮਹਿਤਾ ਨਿਰਦੇਸ਼ਿਤ ਹਿੰਦੀ ਫ਼ਿਲਮ 'ਪਗਲੀ' (1943) ਵਿੱਚ ਨਸੀਮ ਅਖ਼ਤਰ ਨੇ ਪੰਡਤ ਗੋਬਿੰਦਰਾਮ ਦੇ ਸੰਗੀਤ 'ਚ ਕਮਰ ਜਲਾਲਾਬਾਦੀ ਦਾ ਲਿਖਿਆ ਗੀਤ 'ਉਮੀਦ ਤੜਪਤੀ ਹੈ ਰੋਤੀ ਹੈਂ ਤਮੰਨਾਏਂ' ਗਾਇਆ। 1944 ਵਿੱਚ ਨਸੀਮ ਅਖ਼ਤਰ ਲਾਹੌਰ ਤੋਂ ਫ਼ਿਲਮਾਂ ਦੇ ਵੱਡੇ ਮਰਕਜ਼ ਬੰਬੇ ਆ ਗਈ। ਇੱਥੇ ਆ ਕੇ ਉਸ ਨੂੰ ਤਲਵਾਰ ਪ੍ਰੋਡਕਸ਼ਨਜ਼, ਬੰਬੇ ਦੀ ਫ਼ਿਲਮ 'ਸ਼ੁਕਰੀਆ' (1944) 'ਚ ਨਗ਼ਮਾਸਰਾਈ ਕਰਨ ਦਾ ਮੌਕਾ ਮਿਲਿਆ। ਉਸ ਨੇ ਜੀ. ਏ. ਚਿਸ਼ਤੀ (ਗ਼ੁਲਾਮ ਅਹਿਮਦ ਚਿਸ਼ਤੀ) ਦੇ ਸੰਗੀਤ 'ਚ ਸਿਰਫ਼ ਇੱਕੋ ਗੀਤ 'ਯੂੰ



ਦੇਖਨੇ ਕੋ ਆਂਖ ਮਿਲਾ ਕਰ ਚਲੇ ਗਏ' ਗਾਇਆ ਜੋ ਪਸੰਦ ਕੀਤਾ ਗਿਆ। ਰਾਜਕਮਲ ਕਲਾਮੰਦਿਰ, ਬੰਬੇ ਦੀ ਵੀ. ਸ਼ਾਂਤਾਰਾਮ ਨਿਰਦੇਸ਼ਿਤ ਫ਼ਿਲਮ 'ਪਰਬਤ ਪੇ ਅਪਨਾ ਡੇਰਾ ਹੈ' (1944) 'ਚ ਵਸੰਤ ਦੇਸਾਈ ਦੇ ਸੰਗੀਤ 'ਚ ਦੀਵਾਨ ਸ਼ਰਰ ਦੇ ਲਿਖੇ 'ਹਮਸੇ ਕਰ ਲੇ ਪ੍ਰੀਤ ਰੀ ਜੋਗਨ' ਤੇ 'ਆ ਨਿਕਲੋ ਗੁਈਆਂ ਮੇਰੀ' (ਨਸੀਮ ਅਖ਼ਤਰ, ਵਸੰਤ ਦੇਸਾਈ) ਗੀਤ ਬੜੇ ਹਿੱਟ ਹੋਏ। ਕਾਰਦਾਰ ਪ੍ਰੋਡਕਸ਼ਨਜ਼, ਬੰਬੇ ਦੀ ਏ. ਆਰ. ਕਾਰਦਾਰ ਨਿਰਦੇਸ਼ਿਤ ਫ਼ਿਲਮ 'ਸਨਿਆਸੀ' (1945) ਵਿੱਚ ਨੌਸ਼ਾਦ ਅਲੀ ਦੇ ਸੰਗੀਤ 'ਚ ਇੱਕ ਗੀਤ 'ਏ ਬਾਤ ਕਹੂੰ ਰਾਜਾ ਕਿਸੀ ਸੇ ਨਾ ਕਹੀਓ' (ਨਸੀਮ ਅਖ਼ਤਰ) ਗਾਇਆ ਜਿਸ ਦੇ ਬੋਲ ਬੀ. ਸੀ. ਮਧੁਰ ਨੇ ਲਿਖੇ ਸਨ। ਨਜ਼ੀਰ ਦੇ ਫ਼ਿਲਮਸਾਜ਼ ਅਦਾਰੇ ਹਿੰਦ ਪਿਕਚਰਜ਼, ਬੰਬੇ ਦੀ ਨਜ਼ੀਰ ਤੇ ਸ਼ਰੀਫ਼ ਨਈਅਰ ਨਿਰਦੇਸ਼ਿਤ ਰੁਮਾਨੀ ਫ਼ਿਲਮ 'ਲੈਲਾ ਮਜਨੂੰ' (1945) 'ਚ ਰਫ਼ੀਕ ਗ਼ਜ਼ਨਵੀ ਤੇ ਪੰਡਤ ਗੋਬਿੰਦਰਾਮ ਦੇ ਸੰਗੀਤ 'ਚ 'ਤੁਮਹਾਰੀ ਜਾਨੇ ਤਮੰਨਾ ਸਲਾਮ ਕਹਿਤੀ ਹੈ', 'ਸਾਂਸ ਜੋ ਸੀਨੇ ਮੇਂ ਫ਼ਰਿਆਦ' (ਨਸੀਮ ਅਖ਼ਤਰ), 'ਦੁਨੀਆ ਹੈ ਅਬ ਮੇਰੇ ਲੀਏ ਜ਼ਿੰਦਾ ਤੇਰੇ ਬਗ਼ੈਰ' ਤੇ 'ਕਯਾ ਸਿਤਮ ਹੈ ਜ਼ੁਲਮ ਹੈ' (ਨਾਲ ਖ਼ਾਨ ਮਸਤਾਨਾ) ਗੀਤ ਸਵਰਨ ਲਤਾ ਤੇ ਨਜ਼ੀਰ 'ਤੇ ਫ਼ਿਲਮਾਏ ਗਏ ਸਨ। ਮਜ਼ਹਰ ਖ਼ਾਨ ਦੇ ਫ਼ਿਲਮਸਾਜ਼ ਅਦਾਰੇ ਮਜ਼ਹਰ ਆਰਟ ਪ੍ਰੋਡਕਸ਼ਨਜ਼, ਬੰਬੇ ਦੀ ਮਜ਼ਹਰ ਖ਼ਾਨ ਨਿਰਦੇਸ਼ਿਤ ਫ਼ਿਲਮ 'ਪਹਿਲੀ ਨਜ਼ਰ' (1945) 'ਚ ਨਸੀਮ ਨੇ ਅਨਿਲ ਬਿਸਵਾਸ ਦੇ ਸੰਗੀਤ 'ਚ ਡਾ. ਸ਼ਫ਼ਦਰ 'ਆਹ' ਦੇ ਲਿਖੇ 3 ਗੀਤ 'ਉਨਕਾ ਇਸ਼ਾਰਾ ਜਾਨ ਸੇ ਪਯਾਰਾ', 'ਪਹਿਲੀ ਨਜ਼ਰ ਕਾ ਤੀਰ ਰੇ ਲਗਾ' ਤੇ 'ਜਵਾਨੀ ਯੇ ਭਰਪੂਰ ਅਦਾਏਂ' (ਦੋਵੇਂ ਗੀਤ ਮੁਕੇਸ਼ ਨਾਲ) ਅਦਾਕਾਰਾ ਮੁਨੱਵਰ ਸੁਲਤਾਨਾ ਤੇ ਮੋਤੀ ਲਾਲ 'ਤੇ ਫ਼ਿਲਮਾਏ ਗਏ ਸਨ।

ਜੇਯੰਤ ਦੇਸਾਈ ਪ੍ਰੋਡਕਸ਼ਨਜ਼, ਬੰਬੇ ਦੀ ਜੇਯੰਤ ਦੇਸਾਈ ਨਿਰਦੇਸ਼ਿਤ ਫ਼ਿਲਮ 'ਤਦਬੀਰ' (1945) 'ਚ ਲਾਲ ਮੁਹੰਮਦ ਦੇ ਸੰਗੀਤ 'ਚ ਸਿਰਫ਼ ਇੱਕੋ ਗੀਤ 'ਬਾਂਕੇ ਨੈਨਾ ਸੇ ਕਰ ਕੇ ਇਸ਼ਾਰੇ' ਗਾਇਆ। ਅਮਰ ਪਿਕਚਰਜ਼, ਬੰਬੇ ਦੀ ਸੁਰਿੰਦਰ ਦੇਸਾਈ ਨਿਰਦੇਸ਼ਿਤ ਫ਼ਿਲਮ 'ਰਤਨਾਵਲੀ' (1945) 'ਚ ਨਸੀਮ ਅਖ਼ਤਰ ਨੇ ਪੰਡਤ ਗੋਬਿੰਦਰਾਮ ਦੇ ਸੰਗੀਤ 'ਚ ਬਜਿੰਦਰ ਗੌੜ ਦਾ ਲਿਖਿਆ ਇੱਕੋ ਗੀਤ 'ਯੇ ਮੇਰੇ ਮੈਂ ਇਨਕੀ ਹੂੰ' (ਨਾਲ ਸੁਰਿੰਦਰ ਨਾਥ) ਗਾਇਆ ਜੋ ਸੁਰਿੰਦਰ ਨਾਥ ਤੇ ਰਤਨਮਾਲਾ 'ਤੇ ਫ਼ਿਲਮਾਇਆ ਗਿਆ ਸੀ। ਜ਼ਹੂਰ ਰਾਜਾ ਦੇ ਫ਼ਿਲਮਸਾਜ਼ ਅਦਾਰੇ ਰਾਜਾ ਮੂਵੀਟੋਨ, ਬੰਬੇ ਦੀ ਜ਼ਹੂਰ ਰਾਜਾ ਨਿਰਦੇਸ਼ਿਤ ਫ਼ਿਲਮ 'ਗ਼ਜ਼ਲ' (1945) 'ਚ ਗਿਆਨ ਦੱਤ ਦੇ ਸੰਗੀਤ 'ਚ 'ਯੇ ਕਿਸ ਨੇ ਮੁਝਕੋ ਦੇਖਾ ਮੁਸਕਰਾ ਕਰ', 'ਯੇ ਰੰਗ ਜੁਦਾਈ ਕੇ ਉਠਾਏ ਨਹੀਂ ਜਾਤੇ' (ਨਸੀਮ ਅਖ਼ਤਰ) ਗੀਤ ਗਾਏ। ਚੰਦਰ ਆਰਟ ਪ੍ਰੋਡਕਸ਼ਨਜ਼, ਬੰਬੇ ਦੀ ਨਾਨਭਾਈ ਭੱਟ ਨਿਰਦੇਸਿਤ ਫ਼ਿਲਮ 'ਚਾਲੀਸ ਕਰੋੜ' (1945) 'ਚ ਪੰਡਤ ਗੋਬਿੰਦਰਾਮ ਦੇ ਸੰਗੀਤ 'ਚ ਪੰਡਤ ਇੰਦਰ ਦਾ ਲਿਖਿਆ ਸਿਰਫ਼ ਇੱਕੋ ਗੀਤ 'ਜਾਗ ਰਹੇ ਯਾ ਸੋਏ ਹੋ' (ਨਸੀਮ ਅਖ਼ਤਰ) ਗਾਇਆ। ਇਹੀ ਫ਼ਿਲਮ ਲਿਬਰਟੀ ਪਿਕਚਰਜ਼, ਬੰਬੇ ਦੇ ਬੈਨਰ ਹੇਠ ਬਟੁਕ ਭੱਟ ਦੀ ਹਿਦਾਇਤਕਾਰੀ ਵਿੱਚ 'ਸੁਧਾਰ' (1949) ਦੇ ਦੂਸਰੇ ਸਿਰਲੇਖ ਹੇਠ ਨੁਮਾਇਸ਼ ਹੋਈ, ਪਰ ਪਹਿਲੀ ਫ਼ਿਲਮ ਦੇ ਤਮਾਮ ਗੀਤ ਦੁਬਾਰਾ ਸ਼ਾਮਲ ਕੀਤੇ ਗਏ ਸਨ। ਮਾਹੇਸ਼ਵਰੀ ਪਿਕਚਰਜ਼, ਲਾਹੌਰ ਦੀ ਸ਼ੰਕਰ ਮਹਿਤਾ ਨਿਰਦੇਸ਼ਿਤ ਫ਼ਿਲਮ 'ਰਾਗਨੀ' (1945) 'ਚ ਪੰਡਤ ਅਮਰਨਾਥ ਦੇ ਸੰਗੀਤ 'ਚ ਸਿਰਫ਼ ਇੱਕੋ ਗੀਤ ਨਸੀਮ ਅਖ਼ਤਰ ਨੇ ਗਾਇਆ 'ਉਠ ਸੋਏ ਹੁਏ ਹੁਸਨ ਤੁਝੇ ਇਸ਼ਕ ਜਗਾਏ'।

ਹਿੰਦ ਪਿਕਚਰਜ਼, ਬੰਬੇ ਦੀ ਨਜ਼ੀਰ ਨਿਰਦੇਸ਼ਿਤ ਫ਼ਿਲਮ 'ਵਾਮਿਕ ਅਜ਼ਰਾ' (1946) 'ਚ ਏ. ਆਰ. ਕੁਰੈਸ਼ੀ ਦੇ ਸੰਗੀਤ 'ਚ 8 ਗੀਤ ਗਾਏ ਜੋ ਸਵਰਨ ਲਤਾ ਤੇ ਨਜ਼ੀਰ 'ਤੇ ਫ਼ਿਲਮਾਏ ਗਏ ਸਨ। ਜੇਯੰਤ ਦੇਸਾਈ ਪ੍ਰੋਡਕਸ਼ਨਜ਼, ਬੰਬੇ ਦੀ ਈਸ਼ਵਰ ਲਾਲ ਤੇ ਰਵਿੰਦਰ ਜਯਕਰ ਨਿਰਦੇਸ਼ਿਤ ਫ਼ਿਲਮ 'ਸੋਹਣੀ ਮਹੀਂਵਾਲ' (1946) 'ਚ ਸੰਗੀਤਕਾਰ ਲਾਲ ਮੁਹੰਮਦ ਨੇ ਨਸੀਮ ਕੋਲੋਂ ਸਿਰਫ਼ ਇੱਕੋ ਗੀਤ 'ਮੁਝੇ ਲੂਟ ਲੀਆ ਰੇ' ਗਵਾਇਆ ਜੋ ਬੇਗਮ ਪਾਰਾ 'ਤੇ ਫ਼ਿਲਮਾਇਆ ਗਿਆ ਸੀ। ਕਾਰਦਾਰ ਪ੍ਰੋਡਕਸ਼ਨਜ਼, ਬੰਬੇ ਦੀ ਏ. ਆਰ. ਕਾਰਦਾਰ ਨਿਰਦੇਸ਼ਿਤ ਕਾਮਯਾਬ ਤਾਰੀਖ਼ੀ ਫ਼ਿਲਮ 'ਸ਼ਾਹਜਹਾਨ' (1946) 'ਚ ਨੌਸ਼ਾਦ ਅਲੀ ਦੇ ਸੰਗੀਤ 'ਚ ਮਜਰੂਹ ਸੁਲਤਾਨਪੁਰੀ ਦਾ ਲਿਖਿਆ ਅਤੇ ਰੂਹੀ ਦਾ ਕਿਰਦਾਰ ਨਿਭਾ ਰਹੀ ਅਦਾਕਾਰਾ ਨਸਰੀਨ (ਵਾਲਿਦਾ ਸਲਮਾ ਆਗਾ) 'ਤੇ ਫ਼ਿਲਮਾਇਆ ਗਿਆ ਨਸੀਮ ਅਖ਼ਤਰ ਦਾ ਗੀਤ 'ਆਗ ਲਗੀ ਦਿਲ ਮੇਂ ਵੋ ਪਿਆਰੀ ਗਾਨੇ ਲਗੀਂ ਉਮੰਗੇ ਸਾਰੀ' ਬੇਹੱਦ ਮਕਬੂਲ ਹੋਇਆ ਸੀ। ਇਸ ਫ਼ਿਲਮ ਲਈ ਨਸੀਮ ਨੇ ਇੱਕ ਹੋਰ ਗੀਤ 'ਬਰਬਾਦ ਨਾ ਕਰ ਦੇ ਕਹੀਂ ਬੇਦਰਦ ਜ਼ਮਾਨਾ' ਗਾਇਆ ਸੀ, ਪਰ ਇਹ ਗੀਤ ਫ਼ਿਲਮ 'ਚ ਸ਼ਾਮਲ ਨਹੀਂ ਕੀਤਾ ਗਿਆ। ਸ਼ੋਰੀ ਪਿਕਚਰਜ਼, ਲਾਹੌਰ ਦੀ ਰੂਪ ਕੇ. ਸ਼ੋਰੀ ਨਿਰਦੇਸ਼ਿਤ ਤਾਰੀਖ਼ੀ ਫ਼ਿਲਮ 'ਸ਼ਾਲੀਮਾਰ' (1946) 'ਚ ਨਸੀਮ ਨੇ ਪੰਡਤ ਲੱਛੀ ਰਾਮ ਦੇ ਸੰਗੀਤ 'ਚ ਸਿਰਫ਼ ਇੱਕ ਗੀਤ 'ਰਾਖੀ ਬਾਧੂੰਗੀ ਚਾਂਦ ਸੇ ਪਿਆਰੇ ਭਈਆ ਕੋ' (ਨਾਲ ਜ਼ੀਨਤ ਬੇਗ਼ਮ, ਮੁਨੱਵਰ ਸੁਲਤਾਨਾ) ਗਾਇਆ। ਫ਼ਿਲਮਸਤਾਨ ਲਿਮਟਿਡ, ਬੰਬੇ ਦੀ ਵੀ. ਮਿਸ਼ਰਾ ਨਿਰਦੇਸ਼ਿਤ ਫ਼ਿਲਮ 'ਸਫ਼ਰ' (1946) 'ਚ ਉਸ ਨੇ ਸੀ. ਰਾਮਚੰਦਰ ਦੇ ਸੰਗੀਤ 'ਚ ਇੱਕ ਗੀਤ 'ਦਿਲ ਜੋ ਦੀਯਾ ਕਹਿਨੇ ਲਗੇ ਆਜ ਨਾ' ਗਾਇਆ। ਨਵਯੁੱਗ ਚਿੱਤਰਪਟ, ਪੂਨਾ ਦੀ ਬੇਦੀ ਨਿਰਦੇਸ਼ਿਤ ਫ਼ਿਲਮ 'ਰੂਮ ਨੰਬਰ 9' ਉਰਫ਼ 'ਕਮਰਾ ਨੰਬਰ 9' (1946) 'ਚ ਨਸੀਮ ਅਖ਼ਤਰ ਨੇ ਰਸ਼ੀਦ ਅੱਤਰੇ 'ਅੰਮ੍ਰਿਤਸਰੀ' ਦੇ ਸੰਗੀਤ 'ਚ ਨਖ਼ਸ਼ਬ ਜ਼ਾਰਚਵੀ ਦਾ ਲਿਖਿਆ ਇੱਕੋ ਗੀਤ 'ਮੋਰੇ ਜੁਬਨਾ ਨੇ ਲੀ ਅੰਗੜਾਈ' ਗਾਇਆ।

ਡੀ. ਆਰ. ਡੀ ਪ੍ਰੋਡਕਸ਼ਨਜ਼, ਬੰਬੇ ਦੀ ਐੱਸ. ਐੱਮ. ਯੂਸਫ਼ ਨਿਰਦੇਸ਼ਿਤ ਫ਼ਿਲਮ 'ਨੇਕ ਪਰਵੀਨ' (1946) 'ਚ ਫ਼ਿਰੋਜ਼ ਨਿਜ਼ਾਮੀ ਦੇ ਸੰਗੀਤ 'ਚ ਵਾਹਿਦ ਕੁਰੈਸ਼ੀ ਦੇ ਲਿਖੇ ਗੀਤ 'ਹਾਏ ਜ਼ਾਲਿਮ ਤੂਨੇ ਪੀ ਹੀ ਨਹੀਂ' (ਨਸੀਮ ਅਖ਼ਤਰ, ਫ਼ਿਰੋਜ਼ ਨਿਜ਼ਾਮੀ), 'ਆਓ ਸਹੇਲੀਓ ਬੰਨੀ ਕੋ ਮਹਿੰਦੀ ਲਗਾਓ', 'ਆਜ ਦੁਲਹਨ ਬਨੀ ਹੈ ਸਹੇਲੀ ਹਮਾਰੀ', 'ਕੌਨ ਆਇਆ ਸਹੇਲੀ ਆਜ ਤੇਰੀ ਗਲੀ ਮੇਂ' (ਨਸੀਮ ਅਖ਼ਤਰ, ਜ਼ੀਨਤ ਬੇਗਮ, ਭਾਗ-1/2/3), (ਨਸੀਮ ਅਖ਼ਤਰ, ਜ਼ੀਨਤ ਬੇਗ਼ਮ) ਵੀ ਖ਼ੂਬ ਪਸੰਦ ਕੀਤੇ ਗਏ। ਹਿੰਦ ਪਿਕਚਰਜ਼, ਬੰਬੇ ਦੀ ਨਾਨੂੰ ਭਾਈ ਭੱਟ ਨਿਰਦੇਸ਼ਿਤ ਫ਼ਿਲਮ 'ਮਾਂ ਬਾਪ ਕੀ ਲਾਜ' (1946) 'ਚ ਅੱਲਾ ਰੱਖਾ ਕੁਰੈਸ਼ੀ ਦੇ ਸੰਗੀਤ 'ਚ 'ਪ੍ਰਭੂ ਜੀ ਮੁਝੇ ਆਸਰਾ ਹੈ ਤੁਮਹਾਰਾ' ਤੇ 'ਬੋਲੋ-ਬੋਲੋ ਜੀ ਭਗਵਾਨ' (ਨਸੀਮ ਅਖ਼ਤਰ) ਭਗਤੀ ਗੀਤ ਗਾਏ। ਜਯਕਿਸ਼ਨ ਪਿਕਚਰਜ਼, ਬੰਬੇ ਦੀ ਸ਼ਾਂਤੀ ਕੁਮਾਰ ਨਿਰਦੇਸ਼ਿਤ ਫ਼ਿਲਮ 'ਮੇਰਾ ਗੀਤ' (1946) 'ਚ ਨਸੀਮ ਅਖ਼ਤਰ ਨੇ ਰਮੇਸ਼ ਗੁਪਤਾ ਦੇ ਲਿਖੇ 2 ਗੀਤ 'ਬੰਬਈ ਸ਼ਹਿਰ ਅਲਬੇਲਾ', 'ਓ ਮਾਂ ਕਹੋ ਨਾ ਆਜ ਯੈ ਕੈਸੀ ਦੀਵਾਲੀ ਹੈ' (ਨਾਲ ਅਮੀਰਬਾਈ ਕਰਨਾਟਕੀ) ਗਾਏ। ਕਾਰਦਾਰ ਪ੍ਰੋਡਕਸ਼ਨਜ਼, ਬੰਬੇ ਦੀ ਨਜ਼ੀਰ ਅਜ਼ਮੇਰੀ ਨਿਰਦੇਸ਼ਿਤ ਫ਼ਿਲਮ 'ਕੀਮਤ' (1946) 'ਚ ਨੌਸ਼ਾਦ ਅਲੀ ਦੇ ਸੰਗੀਤ 'ਚ 4 ਏਕਲ ਗੀਤ ਗਾਏ। ਸਟੈਂਡਰਡ ਪਿਕਚਰਜ਼, ਬੰਬੇ ਦੀ ਗਜਾਨਨ ਜਾਗੀਰਦਾਰ ਨਿਰਦੇਸ਼ਿਤ ਤਾਰੀਖ਼ੀ ਫ਼ਿਲਮ 'ਬੈਰਮ ਖ਼ਾਨ' (1946) 'ਚ ਭਾਈ ਗ਼ੁਲਾਮ ਹੈਦਰ ਦੇ ਸੰਗੀਤ 'ਚ ਵਲੀ ਸਾਹਿਬ ਦਾ ਲਿਖਿਆ ਸਿਰਫ਼ ਇੱਕ ਗੀਤ ਨਸੀਮ ਅਖ਼ਤਰ ਨੇ ਗਾਇਆ 'ਜਬ ਚਾਂਦ ਜਵਾਂ ਹੋਗਾ'। ਰਮਣੀਕ ਪ੍ਰੋਡਕਸ਼ਨਜ਼, ਬੰਬੇ ਦੀ ਰਾਜਾ ਨੇਨੇ ਨਿਰਦੇਸ਼ਿਤ ਫ਼ਿਲਮ 'ਬੱਚੋਂ ਕਾ ਖੇਲ' (1946) 'ਚ ਸੀ. ਰਾਮ ਚੰਦਰ ਦੇ ਸੰਗੀਤ 'ਚ 'ਆਏ ਵੋ ਸਪਨੇ ਮੇਂ ਹਮਾਰੇ' (ਨਸੀਮ ਅਖ਼ਤਰ) ਇੱਕੋ ਗੀਤ ਗਾਇਆ।

ਚਿੱਤਰਾ ਪ੍ਰੋਡਕਸ਼ਨਜ਼, ਲਿਮਟਿਡ, ਲਾਹੌਰ ਦੀ ਕੇ. ਏ. ਅੱਬਾਸ ਨਿਰਦੇਸ਼ਿਤ ਫ਼ਿਲਮ 'ਆਜ ਔਰ ਕੱਲ੍ਹ' (1947) 'ਚ ਖ਼ੁਰਸ਼ੀਦ ਅਨਵਰ ਦੇ ਸੰਗੀਤ 'ਚ ਨਸੀਮ ਅਖ਼ਤਰ ਨੇ 2 ਗੀਤ ਗਾਏ 'ਕਲੀਓਂ ਕੋ ਮਸਲਨੇ ਆਏ ਹੈਂ' ਤੇ 'ਜਾਮ ਉਠਾ ਲੈ ਓ ਪੀਨੇ ਵਾਲੇ'। ਡਾਨ ਫ਼ਿਲਮਜ਼, ਲਾਹੌਰ ਦੀ ਐੱਸ. ਸ਼ਫ਼ਾਕਤ ਐੱਮ. ਏ. ਨਿਰਦੇਸ਼ਿਤ ਫ਼ਿਲਮ 'ਡਾਇਰੈਕਟਰ' (1947) 'ਚ ਲੱਛੀ ਰਾਮ ਦੇ ਸੰਗੀਤ ਵਿੱਚ ਤੁਫ਼ੈਲ ਹੁਸ਼ਿਆਰਪੁਰੀ ਦਾ ਲਿਖਿਆ ਇੱਕੋ ਗੀਤ 'ਮਨ ਕੇ ਵਾਸੀ ਮਾਨ ਗਏ-ਮਨ ਮੇਂ ਕਯਾ ਹੇ ਜਾਨ ਗਏ' (ਨਸੀਮ ਅਖ਼ਤਰ, ਇਮਦਾਦ ਹੁਸੈਨ) ਪਸੰਦ ਕੀਤਾ ਗਿਆ। ਗੁਪਤਾ ਆਰਟ ਪ੍ਰੋਡਕਸ਼ਨਜ਼, ਲਾਹੌਰ ਦੀ ਦਾਊਦ ਚਾਂਦ ਨਿਰਦੇਸ਼ਿਤ ਫ਼ਿਲਮ 'ਏਕ ਰੋਜ਼' (1947) 'ਚ ਸ਼ਿਆਮ ਸੁੰਦਰ ਦੇ ਸੰਗੀਤ 'ਚ ਸਿਰਫ਼ ਇੱਕ ਗੀਤ 'ਭੂਲੇ ਸੇ ਕਭੀ ਯਾਦ ਕਰ ਏ ਭੂਲਨੇ ਵਾਲੇ' ਗਾਇਆ। ਸ਼ਿਵਰਾਜ ਪ੍ਰੋਡਕਸ਼ਨਜ਼, ਬੰਬੇ ਦੀ ਆਰ. ਸ਼ਿਵਰਾਜ ਨਿਰਦੇਸ਼ਿਤ ਫ਼ਿਲਮ 'ਦਿਲਦਾਰ' (1947) 'ਚ ਸ਼ੌਕਤ ਦੇਹਲਵੀ ਦੇ ਸੰਗੀਤ 'ਚ ਰੁਮਾਨੀ ਗੀਤ 'ਆ ਸਜਨੀ ਪਯਾਰ ਕਰੇਂ ਹੋ ਪਯਾਰ ਕਰੇਂ' (ਨਸੀਮ ਅਖ਼ਤਰ, ਸ਼ੌਕਤ ਦੇਹਲਵੀ) ਖ਼ੂਬ ਚੱਲਿਆ। ਚਿੱਤਰ ਭਾਰਤੀ ਲਿਮਟਿਡ, ਬੰਬੇ ਦੀ ਮਧੂ ਪਟੇਲ ਨਿਰਦੇਸ਼ਿਤ ਫ਼ਿਲਮ 'ਭੰਵਰ' (1947) 'ਚ ਖ਼ਾਨ ਮਸਤਾਨਾ ਦੇ ਸੰਗੀਤ 'ਚ 'ਹੈ ਜੋ ਖ਼ਿਜ਼ਾ ਨਸੀਬ ਮੇਂ ਆਏਗੀ ਫਿਰ ਬਹਾਰ ਕਯਾ' (ਨਸੀਮ ਅਖ਼ਤਰ) ਅਦਾਕਾਰਾ ਸ਼ਮੀਮ 'ਤੇ ਫ਼ਿਲਮਾਇਆ ਗਿਆ ਖ਼ੂਬਸੂਰਤ ਗੀਤ ਸੀ। ਫ਼ਿਲਮਸਤਾਨ ਲਿਮਟਿਡ, ਬੰਬੇ ਦੀ ਕਿਸ਼ੋਰ ਸ਼ਾਹੂ ਨਿਰਦੇਸ਼ਿਤ ਫ਼ਿਲਮ 'ਸਿੰਧੂਰ' (1947) 'ਚ ਨਸੀਮ ਅਖ਼ਤਰ ਨੇ ਸੀ. ਰਾਮਚੰਦਰ ਦੇ ਸੰਗੀਤ 'ਚ ਸੁਸ਼ੀਲ ਸ਼ਾਹੂ ਨਾਲ ਮਿਲਕੇ ਇੱਕੋ ਗੀਤ ਗਾਇਆ।

ਗ੍ਰੇਟ ਇੰਡੀਆ ਪਿਕਚਰਜ਼, ਬੰਬੇ ਦੀ ਨਜ਼ਮ ਨੱਕਵੀ ਨਿਰਦੇਸ਼ਿਤ ਫ਼ਿਲਮ 'ਪਰਾਈ ਆਗ' (1948) 'ਚ ਨਸੀਮ ਅਖ਼ਤਰ ਨੇ ਗ਼ੁਲਾਮ ਮੁਹੰਮਦ ਦੇ ਸੰਗੀਤ ਵਿੱਚ ਜ਼ੋਹਰਾ ਬਾਈ ਅੰਬਾਲਾ ਨਾਲ ਸਿਰਫ਼ ਇੱਕੋ ਗੀਤ ਗਾਇਆ। 1947 ਵਿੱਚ ਬੰਬੇ 'ਚ ਨਜਮੁੱਲ ਹਸਨ ਨੇ ਆਪਣੇ ਫ਼ਿਲਮਸਾਜ਼ ਅਦਾਰੇ ਨਜ਼ਮੀਸਤਾਨ ਫ਼ਿਲਮ ਪ੍ਰੋਡਿਊਸਰਜ਼, ਬੰਬੇ ਦੇ ਬੈਨਰ ਹੇਠ ਫ਼ਿਲਮ 'ਗੀਤ' ਸ਼ੁਰੂ ਕੀਤੀ ਜੋ ਪੰਜਾਬ ਵੰਡ ਦੇ ਚੱਲਦਿਆਂ ਲਾਹੌਰ ਜਾ ਕੇ 'ਈਦ' ਦੇ ਨਾਮ ਨਾਲ 1951 ਵਿੱਚ ਰਿਲੀਜ਼ ਹੋਈ। ਇਸ ਫ਼ਿਲਮ 'ਚ ਨਸੀਮ ਅਖ਼ਤਰ ਨੇ ਐੱਸ. ਡੀ. ਬਾਤਿਸ਼ ਦੇ ਸੰਗੀਤ 'ਚ ਗੀਤ ਗਾਏ। ਪੰਜਾਬ ਵੰਡ ਤੋਂ ਬਾਅਦ ਨਸੀਮ ਅਖ਼ਤਰ 1947 ਵਿੱਚ ਬੰਬੇ ਫ਼ਿਲਮ ਨਗਰੀ ਨੂੰ ਛੱਡ ਕੇ ਵਾਪਸ ਲਾਹੌਰ ਆ ਗਈ। ਪਾਕਿਸਤਾਨੀ ਫ਼ਿਲਮ ਸਨਅਤ ਦੇ ਇਬਤਿਦਾਈ ਦੌਰ ਵਿੱਚ ਉਸ ਨੇ ਉਰਦੂ ਤੇ ਪੰਜਾਬੀ ਫ਼ਿਲਮਾਂ ਵਿੱਚ ਨਗ਼ਮਾਸਰਾਈ ਕੀਤੀ। ਐਵਰਨਿਊ ਪਿਕਚਰਜ਼, ਲਾਹੌਰ ਦੀ ਦਾਊਦ ਚਾਂਦ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਮੁੰਦਰੀ' (1949) 'ਚ ਉਸ ਨੇ ਜੀ. ਏ. ਚਿਸ਼ਤੀ ਦੇ ਸੰਗੀਤ 'ਚ ਐੱਫ਼. ਡੀ. ਸ਼ਰਫ਼ ਦਾ ਲਿਖਿਆ ਗੀਤ 'ਹਾਏ ਵੇ ਗੋਰੇ ਹੱਥਾਂ ਉੱਤੇ ਲਾਲ-ਲਾਲ ਮਹਿੰਦੀ ਹਾਏ ਮਾਹੀ ਸੰਗ ਮੁੰਦਰੀ ਨਹੀਓਂ ਪੈਂਦੀ' (ਨਾਲ ਇਕਬਾਲ ਬਾਨੋ, ਮੁਨੱਵਰ ਸੁਲਤਾਨਾ) ਜੋ ਰਾਗਿਨੀ, ਅਖ਼ਤਰੀ ਤੇ ਸਹੇਲੀਆਂ 'ਤੇ ਫ਼ਿਲਮਾਇਆ ਗਿਆ ਹਿੱਟ ਗੀਤ ਸੀ। ਇਸ ਤੋਂ ਇਲਾਵਾ ਉਸ ਦੇ ਕੁਝ ਹੋਰ ਪੰਜਾਬੀ ਤੇ ਉਰਦੂ ਫ਼ਿਲਮਾਂ 'ਚ ਗਾਏ ਗੀਤਾਂ ਨੂੰ ਬਹੁਤ ਪਸੰਦ ਕੀਤਾ ਗਿਆ। ਭਾਰਤ ਤੇ ਪਾਕਿ ਸਿਨਮਾ ਦੀ ਮਾਰੂਫ਼ ਤੇ ਮਕਬੂਲ ਗੁਲੂਕਾਰਾ ਨਸੀਮ ਅਖ਼ਤਰ 1964 ਵਿੱਚ ਲਾਹੌਰ 'ਚ ਵਫ਼ਾਤ ਪਾ ਗਈ।

# ਰੈਡ ਕਰਾਸ ਨਵੇਂ ਮਰੀਜ਼ਾਂ ਦੀ ਪਛਾਣ ਕਰਨ ਲਈ ਟੀਬੀ ਸਕ੍ਰੀਨਿੰਗ ਕੈਂਪ ਲਗਾਏਗਾ

ਕੁਰੂਕਸ਼ੇਤਰ, 21 ਅਪ੍ਰੈਲ (ਪ.ਪ.): ਕਾਰਜਕਾਰੀ ਜ਼ਿਲ੍ਹਾ ਸਕੱਤਰ ਰਮੇਸ਼ ਚੌਧਰੀ ਨੇ ਦੱਸਿਆ ਕਿ ਹਰਿਆਣਾ ਰੈੱਡ ਕਰਾਸ ਸੁਸਾਇਟੀ ਦੀ ਕੁਰੂਕਸ਼ੇਤਰ ਜ਼ਿਲ੍ਹਾ ਸ਼ਾਖਾ ਟੀਬੀ ਖਾਤਮੇ ਮੁਹਿੰਮ ਦੇ ਹਿੱਸੇ ਵਜੋਂ ਜਾਗਰੂਕਤਾ ਮੁਹਿੰਮਾਂ ਚਲਾਏਗੀ ਅਤੇ ਟੀਬੀ ਸਕ੍ਰੀਨਿੰਗ ਕੈਂਪਾਂ ਰਾਹੀਂ ਨਵੇਂ ਮਰੀਜ਼ਾਂ ਦੀ ਪਛਾਣ ਕਰੇਗੀ। ਇਸ ਤੋਂ ਇਲਾਵਾ, ਆਰਥਿਕ ਤੌਰ 'ਤੇ ਕਮਜ਼ੋਰ ਮਰੀਜ਼ਾਂ ਦੀ ਸਹਾਇਤਾ ਲਈ ਨਿਕਸ਼ੇ ਮਿੱਤਰ ਬਣਾਏ ਜਾਣਗੇ। ਕਾਰਜਕਾਰੀ ਜ਼ਿਲ੍ਹਾ ਸਕੱਤਰ ਰਮੇਸ਼ ਚੌਧਰੀ ਨੇ ਸੋਮਵਾਰ ਨੂੰ ਇੱਕ ਟੀਬੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ। ਟੀਬੀ ਕੋਆਰਡੀਨੇਟਰ ਅੰਜਲੀ ਨੇ ਟੀਬੀ ਖਾਤਮੇ ਲਈ ਆਯੋਜਿਤ ਗਤੀਵਿਧੀਆਂ ਬਾਰੇ ਇੱਕ ਰਿਪੋਰਟ ਪੇਸ਼ ਕੀਤੀ। ਵਲੰਟੀਅਰ ਜੋਗਿੰਦਰ, ਰਾਹੁਲ, ਰਾਣੀ ਅਤੇ ਆਰਤੀ ਮੌਜੂਦ ਸਨ।



ਕਾਰਜਕਾਰੀ ਜ਼ਿਲ੍ਹਾ ਸਕੱਤਰ ਰਮੇਸ਼ ਚੌਧਰੀ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਚੇਅਰਮੈਨ ਵਿਸ਼ਰਾਮ ਕੁਮਾਰ ਮੀਨਾ ਦੇ ਨਿਰਦੇਸ਼ਾਂ ਅਨੁਸਾਰ ਟੀਬੀ ਖਾਤਮੇ ਮੁਹਿੰਮ ਨੂੰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਟੀਬੀ ਮੁਕਤ ਸਮਾਜ ਬਣਾਉਣ ਲਈ ਹਰ ਵਰਗ ਦੇ ਲੋਕਾਂ ਨੂੰ ਨਿਕਸ਼ੇ ਮਿੱਤਰ ਬਣਨਾ ਚਾਹੀਦਾ ਹੈ। ਨਿਕਸ਼ੇ ਮਿੱਤਰ ਯੋਜਨਾ ਦੇ ਤਹਿਤ, ਕੋਈ ਵੀ ਸਮਰੱਥ ਵਿਅਕਤੀ, ਜਨਤਕ ਪ੍ਰਤੀਨਿਧੀ, ਅਧਿਕਾਰੀ, ਕਾਰੋਬਾਰੀ ਮਾਲਕ, ਜਾਂ ਸੰਗਠਨ ਟੀਬੀ ਦੇ ਮਰੀਜ਼ਾਂ ਦੀ ਮਦਦ ਕਰ ਸਕਦਾ ਹੈ। ਨਿਕਸ਼ੇ ਮਿੱਤਰ ਯੋਜਨਾ ਰਾਹੀਂ ਜੀਵਨ ਦੇ ਹਰ ਖੇਤਰ ਦੇ ਲੋਕ ਟੀਬੀ ਦੇ ਮਰੀਜ਼ਾਂ ਨੂੰ ਗੋਦ ਲੈਣ ਲਈ ਅੱਗੇ ਆ ਰਹੇ ਹਨ ਅਤੇ ਉਨ੍ਹਾਂ ਦੀ ਰਿਕਵਰੀ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਹੇ ਹਨ, ਜਿਸ ਨਾਲ ਉਨ੍ਹਾਂ ਨੂੰ ਜਲਦੀ ਠੀਕ ਹੋਣ ਵਿੱਚ ਮਦਦ ਮਿਲੇਗੀ। ਟੀਬੀ ਕੋਆਰਡੀਨੇਟਰ ਅੰਜਲੀ ਨੇ ਦੱਸਿਆ ਕਿ, ਹਰਿਆਣਾ ਰੈੱਡ ਕਰਾਸ ਸੋਸਾਇਟੀ ਦੇ ਉਪ ਚੇਅਰਮੈਨ ਅੰਕੁਸ਼ ਮਿਗਲਾਨੀ ਅਤੇ ਸੂਬਾ ਜਨਰਲ ਸਕੱਤਰ ਡਾ. ਸੁਨੀਲ ਕੁਮਾਰ ਦੇ ਨਿਰਦੇਸ਼ਨ ਹੇਠ, ਰੈੱਡ ਕਰਾਸ ਅਤੇ ਸਿਹਤ ਵਿਭਾਗ ਸਾਂਝੇ ਤੌਰ 'ਤੇ ਟੀਬੀ ਖਾਤਮੇ ਮੁਹਿੰਮ ਦੇ ਹਿੱਸੇ ਵਜੋਂ ਕੈਂਪ ਲਗਾ ਰਹੇ ਹਨ। ਹਰ ਮਹੀਨੇ ਤਿੰਨ ਤੋਂ ਚਾਰ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ, ਅਤੇ ਟੀਬੀ ਵਲੰਟੀਅਰ ਘਰ-ਘਰ ਜਾ ਕੇ ਸਕੂਲ ਛੱਡਣ ਵਾਲੇ ਮਰੀਜ਼ਾਂ ਦੀ ਪਛਾਣ ਕਰਦੇ ਹਨ ਅਤੇ ਇਲਾਜ ਸ਼ੁਰੂ ਕਰਦੇ ਹਨ। ਉਸਨੇ ਅੱਗੇ ਕਿਹਾ ਕਿ ਟੀਬੀ ਦੇ ਇਲਾਜ ਲਈ ਦਵਾਈ ਦੇ ਨਾਲ-ਨਾਲ ਪੋਸ਼ਣ ਜ਼ਰੂਰੀ ਹੈ, ਅਤੇ ਨਿਕਸ਼ੇ ਮਿੱਤਰ ਯੋਜਨਾ ਸਮਾਜਿਕ ਭਾਗੀਦਾਰੀ ਦੀ ਇੱਕ ਪ੍ਰਮੁੱਖ ਉਦਾਹਰਣ ਹੈ। ਭਾਈਚਾਰੇ ਦਾ ਸਮਰਥਨ ਮਰੀਜ਼ਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵਿੱਚ ਯੋਗਦਾਨ ਪਾਵੇਗਾ। ਮੀਟਿੰਗ ਵਿੱਚ ਇੱਕ ਕਾਰਜ ਯੋਜਨਾ ਤਿਆਰ ਕੀਤੀ ਗਈ, ਜਿੱਥੇ ਰੈੱਡ ਕਰਾਸ, ਸਿਹਤ ਵਿਭਾਗ ਦੇ ਸਹਿਯੋਗ ਨਾਲ, ਟੀਬੀ ਦੇ ਮਰੀਜ਼ਾਂ ਲਈ ਜਲਦੀ ਇਲਾਜ ਯਕੀਨੀ ਬਣਾਏਗਾ ਅਤੇ ਸਕੂਲ ਛੱਡਣ ਵਾਲੇ ਮਰੀਜ਼ਾਂ ਲਈ ਦਵਾਈ ਯਕੀਨੀ ਬਣਾਏਗਾ। ਇਸ ਤੋਂ ਇਲਾਵਾ, ਸਕ੍ਰੀਨਿੰਗ ਕੈਂਪ ਮੁੱਖ ਤੌਰ 'ਤੇ ਝੁੱਗੀ-ਝੌਂਪੜੀ ਵਾਲੇ ਇਲਾਕਿਆਂ ਅਤੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ ਜਿੱਥੇ ਵੱਡੀ ਗਿਣਤੀ ਵਿੱਚ ਸੰਭਾਵੀ ਟੀਬੀ ਦੇ ਮਰੀਜ਼ਾਂ ਦੀ ਪਛਾਣ ਕੀਤੀ ਜਾ ਰਹੀ ਹੈ।



# ਆਯੁਰਵੇਦ ਅਤੇ ਯੋਗਾ ਰਾਹੀਂ ਬਜ਼ੁਰਗਾਂ ਨੂੰ ਸਿਹਤਮੰਦ ਅਤੇ ਰੋਗ ਮੁਕਤ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ : ਡਾ. ਮੰਜੂ ਸ਼ਰਮਾ

ਕੁਰੂਕਸ਼ੇਤਰ, 21 ਅਪ੍ਰੈਲ (ਪ.ਪ.):: ਜ਼ਿਲ੍ਹਾ ਆਯੁਰਵੇਦਿਕ ਅਧਿਕਾਰੀ ਡਾ. ਮੰਜੂ ਸ਼ਰਮਾ ਨੇ ਕਿਹਾ ਕਿ ਆਯੁਰਵੇਦ ਵਿਭਾਗ ਦਾ ਉਦੇਸ਼ ਸਮਾਜ ਦੇ ਸਾਰੇ ਵਰਗਾਂ, ਖਾਸ ਕਰਕੇ ਬਜ਼ੁਰਗਾਂ ਵਿੱਚ ਸਿਹਤ ਜਾਗਰੂਕਤਾ ਪੈਦਾ ਕਰਨਾ ਹੈ, ਅਤੇ ਉਨ੍ਹਾਂ ਨੂੰ ਆਯੁਰਵੇਦ ਅਤੇ ਯੋਗਾ ਰਾਹੀਂ ਸਿਹਤਮੰਦ ਅਤੇ ਰੋਗ ਮੁਕਤ ਜੀਵਨ ਜਿਉਣ ਲਈ ਪ੍ਰੇਰਿਤ ਕਰਨਾ ਹੈ। ਵਿਭਾਗ ਅਜਿਹੇ ਸਿਹਤ ਅਤੇ ਯੋਗਾ ਕੈਂਪਾਂ ਦਾ ਆਯੋਜਨ ਜਾਰੀ ਰੱਖੇਗਾ ਤਾਂ ਜੋ ਆਮ ਜਨਤਾ ਕੁਦਰਤੀ ਇਲਾਜ ਵਿਧੀਆਂ ਤੋਂ ਲਾਭ ਉਠਾ ਸਕੇ। ਆਯੁਰਵੇਦ, ਹਰਿਆਣਾ ਦੇ ਡਾਇਰੈਕਟਰ ਜਨਰਲ ਦੇ ਨਿਰਦੇਸ਼ਾਂ ਅਨੁਸਾਰ, ਹਰਿਆਣਾ ਯੋਗ ਕਮਿਸ਼ਨ ਦੇ ਤਾਲਮੇਲ ਨਾਲ, ਅਤੇ ਜ਼ਿਲ੍ਹਾ ਆਯੁਰਵੇਦਿਕ ਅਧਿਕਾਰੀ ਡਾ. ਮੰਜੂ ਸ਼ਰਮਾ ਦੀ ਅਗਵਾਈ ਹੇਠ, ਜ਼ਿਲ੍ਹੇ ਵਿੱਚ ਨਿਯਮਿਤ ਤੌਰ 'ਤੇ ਸਿਹਤ ਅਤੇ ਯੋਗਾ ਕੈਂਪ ਲਗਾਏ ਜਾ ਰਹੇ ਹਨ। ਇਸ ਸਬੰਧ ਵਿੱਚ, ਆਯੁਰਵੇਦ ਵਿਭਾਗ ਵੱਲੋਂ ਪਿੰਡ ਜਲਾਲੂਦੀਨ ਮਾਜਰਾ ਦੇ ਆਂਗਣਵਾੜੀ ਕੇਂਦਰ ਵਿਖੇ ਇੱਕ ਮੁਫਤ ਸਿਹਤ ਕੈਂਪ ਲਗਾਇਆ ਗਿਆ। ਕੈਂਪ ਦੌਰਾਨ, ਕੁੱਲ 147 ਮਰੀਜ਼ਾਂ ਦਾ ਬਾਹਰੀ ਮਰੀਜ਼ਾਂ ਦੀ ਦੇਖਭਾਲ ਨਾਲ ਇਲਾਜ ਕੀਤਾ ਗਿਆ ਅਤੇ ਉਨ੍ਹਾਂ ਨੂੰ ਆਯੁਰਵੈਦਿਕ ਦਵਾਈਆਂ ਅਤੇ ਸਿਹਤ ਸੰਬੰਧੀ ਸਲਾਹ ਦਿੱਤੀ ਗਈ। ਡਾ. ਮੀਨਾ ਨੇ ਰੋਜ਼ਾਨਾ ਰੁਟੀਨ, ਮੌਸਮੀ ਰੁਟੀਨ ਅਤੇ ਆਯੁਰਵੈਦ 'ਤੇ ਅਧਾਰਤ ਸਿਹਤਮੰਦ ਜੀਵਨ ਸ਼ੈਲੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ। ਫਾਰਮਾਸਿਸਟ ਸਿੰਮੀ ਨੇ ਮਰੀਜ਼ਾਂ ਨੂੰ ਮੁਫਤ ਆਯੁਰਵੈਦਿਕ ਦਵਾਈਆਂ ਵੰਡੀਆਂ। ਯੋਗਾ ਫੈਸੀਲੀਟੇਟਰ ਨਰਿੰਦਰ ਕੁਮਾਰ ਅਤੇ ਯੋਗਾ ਇੰਸਟ੍ਰਕਟਰ ਸੰਜੇ ਕੁਮਾਰ ਨੇ ਵੱਖ-ਵੱਖ ਯੋਗਾ ਆਸਣਾਂ, ਪ੍ਰਾਣਾਯਾਮ ਅਤੇ ਯੋਗਾ ਅਭਿਆਸਾਂ ਵਿੱਚ ਭਾਗੀਦਾਰਾਂ ਦੀ ਅਗਵਾਈ ਕੀਤੀ। ਇਸ ਤੋਂ ਇਲਾਵਾ, ਪ੍ਰੇਰਨਾ ਵ੍ਰਿਧਾ ਆਸ਼ਰਮ ਵਿਖੇ ਬਜ਼ੁਰਗਾਂ ਲਈ ਇੱਕ ਵਿਸ਼ੇਸ਼ ਯੋਗਾ ਅਤੇ ਸਿਹਤ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ। ਕੈਂਪ ਦਾ ਉਦੇਸ਼ ਬਜ਼ੁਰਗ ਨਾਗਰਿਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣਾ ਹੈ। ਯੋਗਾ ਫੈਸੀਲੀਟੇਟਰ ਡਿੰਪਲ ਰਾਣੀ ਅਤੇ ਹਰਦੀਪ ਸਿੰਘ ਨੇ ਬਜ਼ੁਰਗਾਂ ਨੂੰ ਸੂਖਮ-ਅਭਿਆਸਾਂ, ਪ੍ਰਾਣਾਯਾਮ ਅਤੇ ਵੱਖ-ਵੱਖ ਯੋਗਾ ਅਭਿਆਸਾਂ ਵਿੱਚ ਅਗਵਾਈ ਕੀਤੀ। ਕੈਂਪ ਵਿੱਚ, ਬਜ਼ੁਰਗਾਂ ਨੂੰ ਜੋੜਾਂ ਦੇ ਦਰਦ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਹੋਰ ਉਮਰ-ਸੰਬੰਧੀ ਸਮੱਸਿਆਵਾਂ ਨੂੰ ਦੂਰ ਕਰਨ ਲਈ ਸਧਾਰਨ ਯੋਗਾ ਅਭਿਆਸ ਸਿਖਾਏ ਗਏ। ਉਨ੍ਹਾਂ ਨੂੰ ਸਕਾਰਾਤਮਕ ਜੀਵਨ ਸ਼ੈਲੀ ਅਪਣਾਉਣ, ਨਿਯਮਤ ਰੁਟੀਨ ਬਣਾਈ ਰੱਖਣ ਅਤੇ ਮਾਨਸਿਕ ਤਣਾਅ ਤੋਂ ਦੂਰ ਰਹਿਣ ਲਈ ਵੀ ਉਤਸ਼ਾਹਿਤ ਕੀਤਾ ਗਿਆ।

# ਕੱਲ੍ਹ ਤੱਕ ਜ਼ਿਲ੍ਹੇ ਵਿੱਚ 542,293 ਮੀਟ੍ਰਿਕ ਟਨ ਕਣਕ ਖਰੀਦੀ ਗਈ: ਡੀਸੀ ਅਪਰਾਜਿਤਾ

## ਕਿਸਾਨਾਂ ਨੂੰ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ




ਕੈਥਲ, 21 ਅਪ੍ਰੈਲ (ਪ.ਪ.):: ਡੀਸੀ ਅਪਰਾਜਿਤਾ ਨੇ ਦੱਸਿਆ ਕਿ ਐਤਵਾਰ ਤੱਕ ਜ਼ਿਲ੍ਹੇ ਵਿੱਚ ਵੱਖ-ਵੱਖ ਏਜੰਸੀਆਂ ਦੁਆਰਾ 542,293 ਮੀਟ੍ਰਿਕ ਟਨ ਕਣਕ ਖਰੀਦੀ ਗਈ ਹੈ। ਜ਼ਿਲ੍ਹੇ ਵਿੱਚ ਕੁੱਲ ਕਣਕ ਦੀ ਆਮਦ ਵਿੱਚੋਂ, 188,510 ਮੀਟ੍ਰਿਕ ਟਨ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੁਆਰਾ, 227,321 ਹੈਫੇਡ ਦੁਆਰਾ ਅਤੇ 126,462 ਮੀਟ੍ਰਿਕ ਟਨ ਹਰਿਆਣਾ ਵੇਅਰਹਾਊਸਿੰਗ ਕਾਰਪੋਰੇਸ਼ਨ ਦੁਆਰਾ ਖਰੀਦੀ ਗਈ। ਉਨ੍ਹਾਂ ਦੱਸਿਆ ਕਿ ਅਗੌਂਧ ਮੰਡੀ ਵਿੱਚ 6241 ਮੀਟ੍ਰਿਕ ਟਨ, ਅਰਨੌਲੀ ਮੰਡੀ ਵਿੱਚ 5095 ਮੀਟ੍ਰਿਕ ਟਨ, ਬਾਬਾ ਲਡਾਣਾ ਵਿੱਚ 18136 ਮੀਟ੍ਰਿਕ ਟਨ, ਬਦਸਿਕਰੀ ਖੁਰਦ ਵਿੱਚ 10033 ਮੀਟ੍ਰਿਕ ਟਨ, ਬਲਬੇਹਰਾ ਮੰਡੀ ਵਿੱਚ 3049 ਮੀਟ੍ਰਿਕ ਟਨ, ਬਾਲੂ ਮੰਡੀ ਵਿੱਚ 10502 ਮੀਟ੍ਰਿਕ ਟਨ, ਬਰਤਾ ਮੰਡੀ ਵਿੱਚ 8150 ਮੀਟ੍ਰਿਕ ਟਨ, ਬਾਊਪੁਰ ਵਿੱਚ 1199 ਮੀਟ੍ਰਿਕ ਟਨ, ਭਾਗਲ ਵਿੱਚ 5650 ਮੀਟ੍ਰਿਕ ਟਨ, ਭੂਸਲਾ ਵਿੱਚ 4945 ਮੀਟ੍ਰਿਕ ਟਨ, ਚੀਕਾ ਮੰਡੀ ਵਿੱਚ 37078 ਮੀਟ੍ਰਿਕ ਟਨ, ਚੀਕਾ ਵਾਧੂ ਮੰਡੀ ਵਿੱਚ 54091 ਮੀਟ੍ਰਿਕ ਟਨ, ਡੀਗ ਮੰਡੀ ਵਿੱਚ 2909 ਮੀਟ੍ਰਿਕ ਟਨ, ਧਨੌਰੀ ਵਿੱਚ 6777 ਮੀਟ੍ਰਿਕ ਟਨ, ਫਰਸ਼ ਮਾਜਰਾ ਵਿੱਚ 3000 ਮੀਟ੍ਰਿਕ ਟਨ, ਗੋਹਾਰਾ ਵਿੱਚ 7003 ਮੀਟ੍ਰਿਕ ਟਨ, ਗੁਹਾਨਾ ਵਿੱਚ 1977 ਮੀਟ੍ਰਿਕ ਟਨ, ਹਬੜੀ ਮੰਡੀ ਵਿੱਚ 6241 ਮੀਟ੍ਰਿਕ ਟਨ, 7335 ਮੀਟ੍ਰਿਕ ਟਨ। ਜਾਖੋਲੀ ਮੰਡੀ ਵਿੱਚ 4625 ਮੀਟ੍ਰਿਕ ਟਨ, ਕੈਥਲ ਪੁਰਾਣੀ ਮੰਡੀ ਵਿੱਚ 6751 ਮੀਟ੍ਰਿਕ ਟਨ ਕਣਕ ਖਰੀਦੀ ਗਈ। ਇਸੇ ਤਰ੍ਹਾਂ ਕੈਥਲ ਨਵੀਂ ਅਨਾਜ ਮੰਡੀ ਵਿੱਚ 47129 ਮੀਟ੍ਰਿਕ ਟਨ, ਕੈਥਲ ਵਾਧੂ ਨਵੀਂ ਅਨਾਜ ਮੰਡੀ ਵਿੱਚ 56340 ਮੀਟ੍ਰਿਕ ਟਨ, ਕਲਾਇਤ ਅਨਾਜ ਮੰਡੀ ਵਿੱਚ 45657 ਮੀਟ੍ਰਿਕ ਟਨ, ਕਾਮਹੇੜੀ ਵਿੱਚ 1325 ਮੀਟ੍ਰਿਕ ਟਨ, ਕੰਗਥਲੀ ਵਿੱਚ 6766 ਮੀਟ੍ਰਿਕ ਟਨ, ਕਰੋਰਾ ਵਿੱਚ 9346 ਮੀਟ੍ਰਿਕ ਟਨ, ਕਿਓਡਕ ਮੰਡੀ ਵਿੱਚ 6138 ਮੀਟ੍ਰਿਕ ਟਨ, ਕਿਥਾਨਾ ਵਿੱਚ 20787 ਮੀਟ੍ਰਿਕ ਟਨ, ਪਡਲਾ ਵਿੱਚ 5613 ਮੀਟ੍ਰਿਕ ਟਨ, ਪਾਈ ਵਿੱਚ 14457 ਮੀਟ੍ਰਿਕ ਟਨ, ਪੁੰਡਰੀ ਮੰਡੀ ਵਿੱਚ 10961 ਮੀਟ੍ਰਿਕ ਟਨ, ਰਾਜੌਂਡ ਅਨਾਜ ਮੰਡੀ ਵਿੱਚ 17925 ਮੀਟ੍ਰਿਕ ਟਨ, ਰਾਮਥਲੀ ਮੰਡੀ ਵਿੱਚ 17116 ਮੀਟ੍ਰਿਕ ਟਨ, ਰਸੀਨਾ ਵਿੱਚ 6044 ਮੀਟ੍ਰਿਕ ਟਨ, ਸਜੂਮਾ ਮੰਡੀ ਵਿੱਚ 2308 ਮੀਟ੍ਰਿਕ ਟਨ, ਸੰਗਾਨ ਵਿੱਚ 5600 ਮੀਟ੍ਰਿਕ ਟਨ, ਸੇਰਧਾ ਵਿੱਚ 5456 ਮੀਟ੍ਰਿਕ ਟਨ, ਸਿਵਾਨ ਵਿੱਚ 16779 ਮੀਟ੍ਰਿਕ ਟਨ, ਸੋਲੂ ਮਾਜਰਾ ਸਿਲੋ ਵਿੱਚ 35,759 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ। ਡੀਸੀ ਅਪਰਾਜਿਤਾ ਨੇ ਕਿਸਾਨਾਂ ਨੂੰ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ, ਕਿਉਂਕਿ ਇਸ ਨਾਲ ਜਾਨ-ਮਾਲ ਦਾ ਕਾਫ਼ੀ ਨੁਕਸਾਨ ਹੋ ਸਕਦਾ ਹੈ। ਇਸ ਤੋਂ ਇਲਾਵਾ, ਇਹ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ।



# ਕਿਸਾਨਾਂ ਨੇ ਘਰੌਂਦਾ ਮੰਡੀ ਵਿਖੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ

ਘਰੌਂਦਾ, 21 ਅਪ੍ਰੈਲ (ਪ.ਪ.): ਹਰਿਆਣਾ ਦੀਆਂ ਮੰਡੀਆਂ ਵਿੱਚ ਲਾਗੂ ਕੀਤੇ ਗਏ ਬਾਇਓਮੈਟ੍ਰਿਕ ਤਸਦੀਕ ਅਤੇ ਨਵੇਂ ਖਰੀਦ ਨਿਯਮਾਂ ਦੇ ਵਿਰੋਧ ਵਿੱਚ ਸੋਮਵਾਰ ਨੂੰ ਘਰੌਂਦਾ ਅਨਾਜ ਮੰਡੀ ਵਿੱਚ ਕਿਸਾਨਾਂ ਦਾ ਗੁੱਸਾ ਸਪੱਸ਼ਟ ਸੀ। ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤੋਂ ਬਾਅਦ, ਵੱਡੀ ਗਿਣਤੀ ਵਿੱਚ ਕਿਸਾਨ ਮਾਰਕੀਟ ਕਮੇਟੀ ਦਫ਼ਤਰ ਪਹੁੰਚੇ ਅਤੇ ਗੇਟਾਂ ਨੂੰ ਰੋਕ ਕੇ ਧਰਨਾ ਦਿੱਤਾ। ਸਵੇਰੇ 11 ਵਜੇ ਦੇ ਕਰੀਬ ਸ਼ੁਰੂ ਹੋਇਆ ਇਹ ਵਿਰੋਧ ਪ੍ਰਦਰਸ਼ਨ ਦੁਪਹਿਰ 2 ਵਜੇ ਤੱਕ ਜਾਰੀ ਰਿਹਾ। ਵਿਰੋਧ ਪ੍ਰਦਰਸ਼ਨ ਦੌਰਾਨ, ਕਿਸਾਨਾਂ ਨੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਪੁਰਾਣੀ ਖਰੀਦ ਪ੍ਰਣਾਲੀ ਨੂੰ ਬਹਾਲ ਕਰਨ ਦੀ ਮੰਗ ਕੀਤੀ। ਕਿਸਾਨਾਂ ਦਾ ਕਹਿਣਾ ਹੈ ਕਿ ਨਵੀਂ ਪ੍ਰਕਿਰਿਆ ਕਾਰਨ ਉਨ੍ਹਾਂ ਨੂੰ ਆਪਣੀ ਉਪਜ ਵੇਚਣ ਵਿੱਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਇਓਮੈਟ੍ਰਿਕ ਤਸਦੀਕ ਅਤੇ ਹੋਰ ਰਸਮੀ ਕਾਰਵਾਈਆਂ ਸਮਾਂ ਲੈਣ ਵਾਲੀਆਂ ਹਨ, ਜਿਸ ਨਾਲ ਮੰਡੀਆਂ ਵਿੱਚ ਕੰਮਕਾਜ ਵਿੱਚ ਵਿਘਨ ਪੈ ਰਿਹਾ ਹੈ। ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਕਿਸਾਨ ਆਗੂਆਂ ਨੇ ਦੱਸਿਆ ਕਿ ਕਿਸਾਨਾਂ ਨੇ ਪਹਿਲਾਂ 11 ਅਪ੍ਰੈਲ ਨੂੰ ਆਪਣੀਆਂ ਮੰਗਾਂ ਲਈ ਦਬਾਅ ਪਾਉਣ ਲਈ ਸੜਕਾਂ ਜਾਮ ਕੀਤੀਆਂ ਸਨ, ਪਰ ਸਰਕਾਰ ਅਤੇ ਪ੍ਰਸ਼ਾਸਨ ਨੇ ਕੋਈ ਠੋਸ ਕਾਰਵਾਈ ਨਹੀਂ ਕੀਤੀ। ਭਾਰਤੀ ਕਿਸਾਨ ਯੂਨੀਅਨ ਨਾਲ ਜੁੜੇ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਜਲਦੀ ਹੀ ਕੋਈ ਹੱਲ ਨਾ ਲੱਭਿਆ ਗਿਆ ਤਾਂ ਅੰਦੋਲਨ ਤੇਜ਼ ਹੋ ਜਾਵੇਗਾ। ਪ੍ਰਦਰਸ਼ਨਕਾਰੀ ਕਿਸਾਨਾਂ ਨੇ ਮੰਗ ਕੀਤੀ ਕਿ ਫਸਲਾਂ ਦੀ ਖਰੀਦ ਪਹਿਲਾਂ ਵਾਂਗ ਇੱਕ ਸਰਲ ਪ੍ਰਕਿਰਿਆ ਅਧੀਨ ਕੀਤੀ ਜਾਵੇ, ਤਾਂ ਜੋ ਕਿਸਾਨ ਆਪਣੀ ਉਪਜ ਬਿਨਾਂ ਕਿਸੇ ਪਰੇਸ਼ਾਨੀ ਦੇ ਵੇਚ ਸਕਣ। ਉਨ੍ਹਾਂ ਕਿਹਾ ਕਿ ਪਹਿਲਾਂ, ਮਾਰਕੀਟ ਪ੍ਰਣਾਲੀ ਸੁਚਾਰੂ ਸੀ ਅਤੇ ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਈ, ਪਰ ਇਸ ਵਾਰ, ਉਨ੍ਹਾਂ ਨੂੰ ਕਣਕ ਵੇਚਣ ਵਿੱਚ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਘਰੌਂਦਾ ਮੰਡੀ ਵਿੱਚ ਹੋਏ ਇਸ ਵਿਰੋਧ ਪ੍ਰਦਰਸ਼ਨ ਦਾ ਪ੍ਰਭਾਵ ਆਲੇ ਦੁਆਲੇ ਦੀਆਂ ਮੰਡੀਆਂ ਵਿੱਚ ਵੀ ਮਹਿਸੂਸ ਕੀਤਾ ਗਿਆ। ਕਿਸਾਨਾਂ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਅੰਦੋਲਨ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੋਣ ਤੱਕ ਜਾਰੀ ਰਹੇਗਾ।

# ਨਾਈਸਿੰਗ ਦੇ ਕਿਸਾਨ ਨਵੇਂ ਬਾਜ਼ਾਰ ਹਾਲਾਤਾਂ ਦੇ ਖਿਲਾਫ ਸਖ਼ਤ ਵਿਰੋਧ ਅਤੇ ਸਰਕਾਰ 'ਤੇ ਗੰਭੀਰ ਦੋਸ਼ਾਂ ਦੇ ਨਾਲ ਪਰੇਸ਼ਾਨ ਹਨ



ਨਾਈਸਿੰਗ, 21 ਅਪ੍ਰੈਲ (ਪ.ਪ.): ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੇਠ, ਨਾਈਸਿੰਗ ਮਾਰਕੀਟ ਕਮੇਟੀ ਦਾ ਅਹਾਤਾ ਕਿਸਾਨਾਂ ਦੇ ਗੁੱਸੇ ਦਾ ਕੇਂਦਰ ਬਣ ਗਿਆ। ਸੈਂਕੜੇ ਕਿਸਾਨਾਂ ਨੇ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਚੱਲੇ ਵਿਰੋਧ ਪ੍ਰਦਰਸ਼ਨ ਵਿੱਚ ਇੱਕਜੁੱਟ ਹੋ ਕੇ ਹਰਿਆਣਾ ਸਰਕਾਰ ਦੀਆਂ ਬਾਜ਼ਾਰ ਨੀਤੀਆਂ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕੀਤੀ। ਪ੍ਰਦਰਸ਼ਨ ਦੀ ਪ੍ਰਧਾਨਗੀ ਸਰਦਾਰ ਸੇਵਾ ਸਿੰਘ ਮਹਿਮਲ ਨੇ ਕੀਤੀ। ਇਸ ਵਿਰੋਧ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਆਗੂਆਂ ਅਤੇ ਪਿੰਡ ਵਾਸੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਜ਼ਿਲ੍ਹਾ ਪ੍ਰਧਾਨ ਸਰਦਾਰ ਗੁਲਜ਼ਾਰ ਸਿੰਘ ਵਿਰਕ, ਕੁਲਦੀਪ ਸਿੰਘ ਬੱਬਰ, ਬਲਾਕ ਪ੍ਰਧਾਨ ਨਰੇਸ਼ ਰਾਣਾ, ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜਗਮਲ ਸਿੰਘ ਗੁੱਲਰਪੁਰ, ਸਰਦਾਰ ਸੁਰਿੰਦਰ ਸਿੰਘ ਮੰਚੂਰੀ, ਰਾਜਪਾਲ, ਰਵੀ, ਗੁਰਪ੍ਰੀਤ ਸਿੰਘ ਮੱਲੀ ਅਤੇ ਸਾਬਕਾ ਪ੍ਰਧਾਨ ਸਰਦਾਰ ਹਰਦੀਪ ਸਿੰਘ ਸ਼ਾਮਲ ਸਨ। ਕਿਸਾਨਾਂ ਨੇ ਸਰਕਾਰ ਵੱਲੋਂ ਮੰਡੀਆਂ ਵਿੱਚ ਲਗਾਈਆਂ ਜਾ ਰਹੀਆਂ ਨਵੀਆਂ ਸ਼ਰਤਾਂ ਦਾ ਸਖ਼ਤ ਵਿਰੋਧ ਕੀਤਾ, ਉਨ੍ਹਾਂ ਨੂੰ 'ਕਿਸਾਨ ਵਿਰੋਧੀ÷ ਅਤੇ ÷ਜ਼ਮੀਨੀ ਹਕੀਕਤਾਂ ਤੋਂ ਟੁੱਟਿਆ' ਕਿਹਾ। ਬੁਲਾਰਿਆਂ ਨੇ ਝੋਨੇ ਦੀ ਖਰੀਦ ਵਿੱਚ ਬੇਨਿਯਮੀਆਂ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਤਿੱਖਾ ਦੋਸ਼ ਲਗਾਇਆ।

ਸਰਕਾਰ ਨੇ ਝੋਨੇ ਦਾ ਘੁਟਾਲਾ ਕੀਤਾ ਅਤੇ ਕਿਸਾਨ ਨੂੰ ਚੋਰ ਬਣਾਇਆ

ਪ੍ਰਦਰਸ਼ਨ ਦੌਰਾਨ ਕਿਸਾਨਾਂ ਨੇ ਬਾਇਓਮੈਟ੍ਰਿਕ ਸਿਸਟਮ, ਟਰੈਕਟਰ ਨੰਬਰ ਪਲੇਟਾਂ ਦੀ ਜ਼ਰੂਰਤ ਅਤੇ ਹੋਰ ਨਿਯਮਾਂ ਨੂੰ ਅਵਿਵਹਾਰਕ ਅਤੇ ਸ਼ੋਸ਼ਣਕਾਰੀ ਦੱਸਿਆ। ਕਿਸਾਨਾਂ ਦਾ ਕਹਿਣਾ ਹੈ ਕਿ ਇਹ ਸ਼ਰਤਾਂ ਖੇਤੀ ਨੂੰ ਆਸਾਨ ਬਣਾਉਣ ਦੀ ਬਜਾਏ ਇਸਨੂੰ ਹੋਰ ਗੁੰਝਲਦਾਰ ਅਤੇ ਮਹਿੰਗਾ ਬਣਾ ਰਹੀਆਂ ਹਨ। ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਜਲਦੀ ਹੀ ਇਨ੍ਹਾਂ ਫੈਸਲਿਆਂ ਨੂੰ ਵਾਪਸ ਨਹੀਂ ਲਿਆ, ਤਾਂ ਅੰਦੋਲਨ ਹੋਰ ਵਿਆਪਕ ਅਤੇ ਹਮਲਾਵਰ ਹੋ ਜਾਵੇਗਾ। ਇਹ ਸਿਰਫ਼ ਸ਼ੁਰੂਆਤ ਹੈ। ÷ਜੇਕਰ ਸਰਕਾਰ ਸਾਡੀਆਂ ਆਵਾਜ਼ਾਂ ਨਹੀਂ ਸੁਣਦੀ, ਤਾਂ ਸੜਕਾਂ ਤੋਂ ਲੈ ਕੇ ਮੰਡੀਆਂ ਤੱਕ ਇੱਕ ਵਿਸ਼ਾਲ ਅੰਦੋਲਨ ਸ਼ੁਰੂ ਕੀਤਾ ਜਾਵੇਗਾ,÷ ਕਿਸਾਨਾਂ ਨੇ ਸਪੱਸ਼ਟ ਤੌਰ 'ਤੇ ਕਿਹਾ। ਵਿਰੋਧ ਪ੍ਰਦਰਸ਼ਨ ਦੇ ਅੰਤ ਵਿੱਚ, ਕਿਸਾਨਾਂ ਨੇ ਏਕਤਾ ਦਾ ਵਾਅਦਾ ਕੀਤਾ ਅਤੇ ਸਰਕਾਰ ਨੂੰ ਸਪੱਸ਼ਟ ਸੰਦੇਸ਼ ਦਿੱਤਾ ਕਿ ਉਹ ਹਰ ਪੱਧਰ 'ਤੇ ਆਪਣੇ ਹੱਕਾਂ ਲਈ ਲੜਦੇ ਰਹਿਣਗੇ ਅਤੇ ਕਿਸੇ ਵੀ ਦਬਾਅ ਅੱਗੇ ਨਹੀਂ ਝੁਕਣਗੇ।

# ਸੇਂਟ ਵਿਵੇਕਾਨੰਦ ਮਿਲੇਨੀਅਮ ਸਕੂਲ ਨੂੰ ਰਾਸ਼ਟਰੀ ਸਥਿਰਤਾ ਪੁਰਸਕਾਰ 2026 ਨਾਲ ਸਨਮਾਨਿਤ ਕੀਤਾ



ਪਿੰਜੌਰ, 21 ਅਪ੍ਰੈਲ (ਪ.ਪ.):: ਵਾਤਾਵਰਣ ਜਾਗਰੂਕਤਾ ਵਿੱਚ ਉੱਤਮਤਾ ਦਾ ਪ੍ਰਤੀਕ ਅਤੇ ਟਿਕਾਊ ਵਿਕਾਸ ਵਿੱਚ ਮੋਹਰੀ ਸੇਂਟ ਵਿਵੇਕਾਨੰਦ ਮਿਲੇਨੀਅਮ ਸਕੂਲ ਨੂੰ 18 ਅਪ੍ਰੈਲ, 2026 ਨੂੰ ਗੀਤਾ ਯੂਨੀਵਰਸਿਟੀ, ਪਾਣੀਪਤ ਵਿਖੇ ਆਯੋਜਿਤ ਰਾਸ਼ਟਰੀ ਸਥਿਰਤਾ ਸੰਮੇਲਨ ਅਤੇ ਪੁਰਸਕਾਰ ਸਮਾਰੋਹ ਵਿੱਚ ਵੱਕਾਰੀ ਰਾਸ਼ਟਰੀ ਸਥਿਰਤਾ ਪੁਰਸਕਾਰ 2026 ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਵਿੰਦਰ ਕਲਿਆਣ ਦੁਆਰਾ ਪੇਸ਼ ਕੀਤਾ ਗਿਆ। ਇਹ ਵੱਕਾਰੀ ਪ੍ਰਾਪਤੀ ਸਕੂਲ ਦੀ ਵਾਤਾਵਰਣ ਸੁਰੱਖਿਆ ਪ੍ਰਤੀ ਵਚਨਬੱਧਤਾ, ਇਸਦੇ ਨਿਰੰਤਰ ਵਿਕਾਸ ਯਤਨਾਂ ਅਤੇ ਸਮਾਜ ਵਿੱਚ ਸਕਾਰਾਤਮਕ ਵਾਤਾਵਰਣ ਤਬਦੀਲੀ ਲਿਆਉਣ ਲਈ ਇਸਦੇ ਸ਼ਲਾਘਾਯੋਗ ਕੰਮ ਦਾ ਪ੍ਰਮਾਣ ਹੈ। ਸਕੂਲ ਦੀਆਂ ਵੱਖ-ਵੱਖ ਹਰੀਆਂ ਪਹਿਲਕਦਮੀਆਂ, ਜਾਗਰੂਕਤਾ ਮੁਹਿੰਮਾਂ ਅਤੇ ਵਿਦਿਆਰਥੀ-ਅਗਵਾਈ ਵਾਲੀਆਂ ਗਤੀਵਿਧੀਆਂ ਨੇ ਨਾ ਸਿਰਫ ਵਾਤਾਵਰਣ ਸੁਰੱਖਿਆ ਨੂੰ ਉਤਸ਼ਾਹਿਤ ਕੀਤਾ ਹੈ ਬਲਕਿ ਵਿਦਿਆਰਥੀਆਂ ਵਿੱਚ ਜ਼ਿੰਮੇਵਾਰ ਨਾਗਰਿਕਤਾ ਦੀ ਭਾਵਨਾ ਵੀ ਪੈਦਾ ਕੀਤੀ ਹੈ। ਇਸ ਮਾਣਮੱਤੇ ਮੌਕੇ 'ਤੇ ਆਪਣੀ ਖੁਸ਼ੀ ਪ੍ਰਗਟ ਕਰਦੇ ਹੋਏ, ਪ੍ਰਿੰਸੀਪਲ ਡਾ. ਪਿਯੂਸ਼ ਪੁੰਜ ਨੇ ਕਿਹਾ ਕਿ ਇਹ ਸਨਮਾਨ ਸਕੂਲ ਪਰਿਵਾਰ ਦੇ ਸਮੂਹਿਕ ਯਤਨਾਂ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਇਹ ਪੁਰਸਕਾਰ ਸਿਰਫ਼ ਇੱਕ ਪ੍ਰਾਪਤੀ ਨਹੀਂ ਹੈ, ਸਗੋਂ ਸਿੱਖਿਆ ਸਮੇਤ ਜੀਵਨ ਦੇ ਹਰ ਪਹਿਲੂ ਵਿੱਚ ਸਥਿਰਤਾ ਨੂੰ ਅਪਣਾਉਣ ਦੀ ਸਾਡੀ ਵਚਨਬੱਧਤਾ ਦੀ ਪੁਸ਼ਟੀ ਹੈ। ਇਹ ਮਾਨਤਾ ਸਕੂਲ ਨੂੰ ਇੱਕ ਸਾਫ਼, ਹਰਾ ਅਤੇ ਚੇਤੰਨ ਸਮਾਜ ਬਣਾਉਣ ਲਈ ਹੋਰ ਪ੍ਰੇਰਿਤ ਕਰਦੀ ਹੈ ਅਤੇ ਦੇਸ਼ ਭਰ ਦੇ ਹੋਰ ਵਿਦਿਅਕ ਅਦਾਰਿਆਂ ਲਈ ਇੱਕ ਮਿਸਾਲ ਕਾਇਮ ਕਰਦੀ ਹੈ।

# ਕਾਂਗਰਸ ਨੇ ਹਮੇਸ਼ਾ ਔਰਤਾਂ ਦੇ ਸਤਿਕਾਰ ਅਤੇ ਅਧਿਕਾਰਾਂ ਨੂੰ ਤਰਜੀਹ ਦਿੱਤੀ ਹੈ: ਪਰਾਗ ਗਾਬਾ

ਕਰਨਾਲ, 21 ਅਪ੍ਰੈਲ (ਪ.ਪ.):: ਜ਼ਿਲ੍ਹਾ ਕਾਂਗਰਸ ਕਮੇਟੀ ਨੇ ਸੋਮਵਾਰ ਨੂੰ ਮਹਿਲਾ ਰਾਖਵਾਂਕਰਨ ਬਿੱਲ ਸਬੰਧੀ ਇੱਕ ਪ੍ਰੈਸ ਕਾਨਫਰੰਸ ਕੀਤੀ। ਇਸ ਦੀ ਪ੍ਰਧਾਨਗੀ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਪਰਾਗ ਗਾਬਾ ਨੇ ਕੀਤੀ। ਨਵਜੋਤ ਕਸ਼ਯਪ, ਸਪਨਾ ਰਾਣਾ, ਮਧੁਰਾਈ ਕਾਲੜਾ, ਲੀਨਾ ਰਾਏ ਕਾਲੜਾ, ਅਵਿਨਾਸ਼ ਯਾਦਵ ਅਤੇ ਜੋਗਿੰਦਰ ਵਾਲਮੀਕੀ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਰਾਗ ਗਾਬਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਔਰਤਾਂ ਦੇ ਸਤਿਕਾਰ ਅਤੇ ਅਧਿਕਾਰਾਂ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਭਾਜਪਾ 'ਤੇ ਝੂਠਾ ਪ੍ਰਚਾਰ ਫੈਲਾਉਣ ਦਾ ਦੋਸ਼ ਲਗਾਇਆ ਕਿ ਕਾਂਗਰਸ ਮਹਿਲਾ ਰਾਖਵਾਂਕਰਨ ਬਿੱਲ ਦਾ ਵਿਰੋਧ ਕਰ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਂਗਰਸ ਮਹਿਲਾ ਰਾਖਵਾਂਕਰਨ ਬਿੱਲ ਦੇ ਵਿਰੁੱਧ ਨਹੀਂ ਹੈ, ਸਗੋਂ ਪਾਰਟੀ ਦਾ ਵਿਰੋਧ ਸਿਰਫ ਹੱਦਬੰਦੀ ਦਾ ਹੈ। ਉਨ੍ਹਾਂ ਕਿਹਾ ਕਿ ਰਾਖਵਾਂਕਰਨ ਜਨਗਣਨਾ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਾਂਗਰਸ ਨੇ 2023 ਵਿੱਚ ਇਸ ਬਿੱਲ ਦਾ ਸਮਰਥਨ ਕੀਤਾ ਸੀ ਅਤੇ ਜੇਕਰ ਸਾਰੀਆਂ 543 ਲੋਕ ਸਭਾ ਸੀਟਾਂ ਲਈ ਰਾਖਵਾਂਕਰਨ ਲਾਗੂ ਕੀਤਾ ਜਾਂਦਾ ਹੈ ਤਾਂ ਪਾਰਟੀ ਇਸਦਾ ਸਮਰਥਨ ਕਰੇਗੀ। ਇਸ ਮੌਕੇ ਬੋਲਦਿਆਂ ਕਾਂਗਰਸ ਨੇਤਾ ਮੋਨਿਕਾ ਡੁਮਰਾ ਨੇ ਕਿਹਾ ਕਿ ਕਾਂਗਰਸ ਦੇ ਸ਼ਾਸਨ ਦੌਰਾਨ ਔਰਤਾਂ ਨੂੰ ਪੂਰਾ ਸਨਮਾਨ ਮਿਲਿਆ ਹੈ ਅਤੇ ਪਾਰਟੀ ਨੇ ਕਦੇ ਵੀ ਔਰਤਾਂ ਦੇ ਰਾਖਵੇਂਕਰਨ ਦਾ ਵਿਰੋਧ ਨਹੀਂ ਕੀਤਾ। ਭਾਜਪਾ ਜਨਤਾ ਵਿੱਚ ਝੂਠ ਅਤੇ ਗਲਤ ਜਾਣਕਾਰੀ ਫੈਲਾ ਰਹੀ ਹੈ, ਇਹ ਦਾਅਵਾ ਕਰਦੇ ਹੋਏ ਕਿ ਕਾਂਗਰਸ ਔਰਤਾਂ ਦੇ ਰਾਖਵੇਂਕਰਨ ਦੇ ਵਿਰੁੱਧ ਹੈ।



# ਬੱਚਿਆਂ ਨੂੰ ਚੰਗੇ ਛੂਹਣ-ਮਾੜੇ ਛੂਹਣ ਅਤੇ ਪੋਕਸੋ ਐਕਟ ਬਾਰੇ ਜਾਗਰੂਕ ਕੀਤਾ

ਕਰਨਾਲ, 21 ਅਪ੍ਰੈਲ (ਪ.ਪ.): ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ, ਬਾਲ ਵਿਕਾਸ ਪ੍ਰੋਜੈਕਟ ਅਧਿਕਾਰੀ (ਸੀਡੀਪੀਓ) ਇੰਦਰੀ ਅਤੇ ਬਲਾਕ ਸਿੱਖਿਆ ਅਧਿਕਾਰੀ ਇੰਦਰੀ ਨੇ ਸਾਂਝੇ ਤੌਰ 'ਤੇ ਸੋਮਵਾਰ ਨੂੰ ਗੀਤਾ ਪਲੇ ਸਕੂਲ ਗੁਮਟ ਦਾ ਨਿਰੀਖਣ ਕੀਤਾ। ਨਿਰੀਖਣ ਦੌਰਾਨ, ਪਲੇ ਸਕੂਲ ਦੀਆਂ ਸਹੂਲਤਾਂ, ਸੁਰੱਖਿਆ ਮਾਪਦੰਡ, ਸਫਾਈ, ਬੈਠਣ ਦੀ ਵਿਵਸਥਾ ਅਤੇ ਸਿੱਖਿਆ ਸਮੱਗਰੀ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ। ਅਧਿਕਾਰੀਆਂ ਨੇ ਬੱਚਿਆਂ ਦੀ ਸੁਰੱਖਿਆ ਅਤੇ ਸਮੁੱਚੇ ਵਿਕਾਸ ਲਈ ਪਲੇ ਸਕੂਲ ਪ੍ਰਬੰਧਨ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਵੀ ਪ੍ਰਦਾਨ ਕੀਤੇ। ਇਸ ਤੋਂ ਬਾਅਦ, ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਰੀਨਾ ਰਾਣੀ ਨੇ ਸੀਨੀਅਰ ਸੈਕੰਡਰੀ ਸਕੂਲ ਅਤੇ ਪਲੇ ਸਕੂਲ ਦੇ ਬੱਚਿਆਂ ਅਤੇ ਅਧਿਆਪਕਾਂ ਲਈ ਸਕੂਲ ਦੇ ਵਿਹੜੇ ਵਿੱਚ ਇੱਕ ਜਾਗਰੂਕਤਾ ਸੈਸ਼ਨ ਦਾ ਆਯੋਜਨ ਕੀਤਾ। ਉਸਨੇ ਪੋਕਸੋ ਐਕਟ, 2012 ਦੇ ਮੁੱਖ ਉਪਬੰਧਾਂ ਨੂੰ ਸਰਲ ਭਾਸ਼ਾ ਵਿੱਚ ਸਮਝਾਇਆ। ਉਸਨੇ ਦ੍ਰਿਸ਼ਟਾਂਤਾਂ ਅਤੇ ਉਦਾਹਰਣਾਂ ਰਾਹੀਂ ਚੰਗੇ ਛੋਹ ਅਤੇ ਮਾੜੇ ਛੋਹ ਦੇ ਸੰਕਲਪਾਂ ਨੂੰ ਸਮਝਾਇਆ, ਅਤੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਕਿਸੇ ਵੀ ਅਸੁਵਿਧਾਜਨਕ ਸਥਿਤੀ ਦੀ ਸੂਰਤ ਵਿੱਚ ਆਪਣੇ ਮਾਪਿਆਂ, ਅਧਿਆਪਕਾਂ ਜਾਂ ਭਰੋਸੇਯੋਗ ਵਿਅਕਤੀਆਂ ਨੂੰ ਤੁਰੰਤ ਸੂਚਿਤ ਕਰਨ। ਅਧਿਆਪਕਾਂ ਨੂੰ ਇਹ ਵੀ ਹਦਾਇਤ ਕੀਤੀ ਗਈ ਕਿ ਉਹ ਕਲਾਸ ਵਿੱਚ ਬੱਚਿਆਂ ਨਾਲ ਨਿਯਮਤ ਸੰਚਾਰ ਬਣਾਈ ਰੱਖਣ ਅਤੇ ਪੋਕਸੋ ਐਕਟ ਪ੍ਰਤੀ ਸੰਵੇਦਨਸ਼ੀਲ ਰਹਿਣ।

# ਡਿਪਟੀ ਕਮਿਸ਼ਨਰ ਨੇ ਜਨਗਣਨਾ 2027 ਦੀਆਂ ਤਿਆਰੀਆਂ ਦੀ ਸਮੀਖਿਆ, ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ

ਸੋਨੀਪਤ, 21 ਅਪ੍ਰੈਲ (ਪ.ਪ.): ਜਨਗਣਨਾ 2027 ਦੇ ਸਫਲ ਅਤੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ, ਡਿਪਟੀ ਕਮਿਸ਼ਨਰ ਅਤੇ ਪ੍ਰਿੰਸੀਪਲ ਜਨਗਣਨਾ ਅਧਿਕਾਰੀ, ਸੋਨੀਪਤ, ਨੇਹਾ ਸਿੰਘ ਨੇ ਸੋਮਵਾਰ ਨੂੰ ਇੰਚਾਰਜ ਜਨਗਣਨਾ ਅਧਿਕਾਰੀ ਅਤੇ ਸਾਰੇ ਸਬੰਧਤ ਅਧਿਕਾਰੀਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ, ਜਿਸ ਵਿੱਚ ਹੁਣ ਤੱਕ ਕੀਤੇ ਗਏ ਕੰਮ ਦੀ ਵਿਸਤ੍ਰਿਤ ਸਮੀਖਿਆ ਕੀਤੀ ਗਈ। ਮੀਟਿੰਗ ਦੌਰਾਨ, ਇੰਚਾਰਜ ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਕੋਲ ਸਟਾਫ ਦੀ ਘਾਟ ਦਾ ਮੁੱਦਾ ਉਠਾਇਆ। ਡਿਪਟੀ ਕਮਿਸ਼ਨਰ ਨੇ ਜਨਗਣਨਾ ਤਾਲਮੇਲ ਅਧਿਕਾਰੀ, ਗੌਰਵ ਕੁਮਾਰ ਨੂੰ ਜ਼ਿਲ੍ਹਾ ਸਿੱਖਿਆ ਅਧਿਕਾਰੀ ਨਾਲ ਤਾਲਮੇਲ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਸਾਰੇ ਇੰਚਾਰਜ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਲੋੜੀਂਦਾ ਸਟਾਫ ਮਿਲੇ। ਮੀਟਿੰਗ ਦੌਰਾਨ, ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ (ਡੀ.ਈ.ਓ.) ਨੂੰ ਇਹ ਵੀ ਹਦਾਇਤ ਕੀਤੀ ਕਿ ਨਗਰ ਨਿਗਮ ਚੋਣਾਂ ਲਈ ਜਨਗਣਨਾ ਫੀਲਡ ਟ੍ਰੇਨਰਾਂ ਵਜੋਂ ਨਿਯੁਕਤ ਕੀਤੇ ਗਏ ਅਧਿਕਾਰੀਆਂ/ਕਰਮਚਾਰੀਆਂ ਨੂੰ ਤਾਇਨਾਤ ਨਾ ਕੀਤਾ ਜਾਵੇ, ਤਾਂ ਜੋ ਜਨਗਣਨਾ ਦਾ ਕੰਮ ਪ੍ਰਭਾਵਿਤ ਨਾ ਹੋਵੇ। ਉਨ੍ਹਾਂ ਦੱਸਿਆ ਕਿ ਜਨਗਣਨਾ ਸਿਖਲਾਈ ਇਸ ਵੇਲੇ ਚੱਲ ਰਹੀ ਹੈ, ਅਤੇ ਚੌਥਾ ਬੈਚ ਅੱਜ ਤੋਂ ਸ਼ੁਰੂ ਹੋ ਗਿਆ ਹੈ। ਇਹ ਸਿਖਲਾਈ ਬੈਚ 20 ਅਪ੍ਰੈਲ ਤੋਂ 22 ਅਪ੍ਰੈਲ ਤੱਕ ਚੱਲੇਗਾ, ਜਿਸ ਵਿੱਚ 1 ਮਈ ਤੋਂ ਸ਼ੁਰੂ ਹੋਣ ਵਾਲੇ ਪਹਿਲੇ ਪੜਾਅ ਲਈ ਸਾਰੇ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਨਗਣਨਾ ਦੇਸ਼ ਦੀਆਂ ਸਭ ਤੋਂ ਮਹੱਤਵਪੂਰਨ ਪ੍ਰਸ਼ਾਸਕੀ ਪ੍ਰਕਿਰਿਆਵਾਂ ਵਿੱਚੋਂ ਇੱਕ ਹੈ, ਜਿਸ ਵਿੱਚ ਸਹੀ ਆਬਾਦੀ ਡੇਟਾ ਇਕੱਠਾ ਕੀਤਾ ਜਾਂਦਾ ਹੈ। ਉਨ੍ਹਾਂ ਅੱਗੇ ਸਲਾਹ ਦਿੱਤੀ ਕਿ ਸਾਰੇ ਜ਼ਿਲ੍ਹਾ ਨਿਵਾਸੀਆਂ ਨੂੰ ਸਵੈ-ਗਣਨਾ ਪੋਰਟਲ 'ਤੇ ਪੁੱਛੇ ਗਏ ਸਵਾਲਾਂ ਦੇ ਸਹੀ ਜਵਾਬ ਦੇਣੇ ਚਾਹੀਦੇ ਹਨ, ਜੋ ਕਿ 16 ਅਪ੍ਰੈਲ ਤੋਂ ਸ਼ੁਰੂ ਹੋਇਆ ਸੀ। ਸਵੈ-ਗਣਨਾ ਸ਼ੁਰੂ ਕਰਨ ਤੋਂ ਬਾਅਦ, ਉਨ੍ਹਾਂ ਨੂੰ ਇਸਨੂੰ ਪੂਰਾ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਨਿਵਾਸੀ 30 ਅਪ੍ਰੈਲ ਤੱਕ ਪੋਰਟਲ 'ਤੇ ਸਵੈ-ਗਣਨਾ ਕਰ ਸਕਦੇ ਹਨ। ਜਨਗਣਨਾ ਦਾ ਪਹਿਲਾ ਪੜਾਅ 1 ਮਈ ਤੋਂ 30 ਮਈ ਤੱਕ ਕੀਤਾ ਜਾਵੇਗਾ, ਅਤੇ ਦੂਜਾ ਪੜਾਅ 9 ਫਰਵਰੀ ਤੋਂ 28 ਫਰਵਰੀ, 2027 ਤੱਕ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜਨਗਣਨਾ ਦੇ ਸਫਲਤਾਪੂਰਵਕ ਸੰਪੂਰਨਤਾ ਨੂੰ ਯਕੀਨੀ ਬਣਾਉਂਦੇ ਹੋਏ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਗੰਭੀਰਤਾ ਅਤੇ ਸਮੇਂ ਸਿਰ ਨਿਭਾਉਣ।

# ਜੋਕੋਵਿਚ ਸੱਟ ਕਾਰਨ ਮੈਡ੍ਰਿਡ ਓਪਨ ਤੋਂ ਹਟਿਆ

ਮੈਡ੍ਰਿਡ, 21 ਅਪ੍ਰੈਲ (ਪ.ਪ) : ਵਿਸ਼ਵ ਦੇ ਚੌਥੇ ਨੰਬਰ ਦੇ ਖਿਡਾਰੀ ਨੋਵਾਕ ਜੋਕੋਵਿਚ ਨੇ ਲੰਬੇ ਸਮੇਂ ਤੋਂ ਚਲੀ ਆ ਰਹੀ ਸੱਟ ਕਾਰਨ ਮੈਡ੍ਰਿਡ ਓਪਨ ਤੋਂ ਨਾਂ ਵਾਪਸ ਲੈ ਲਿਆ ਹੈ। ਜੋਕੋਵਿਚ ਨੇ ਇੰਡੀਅਨ ਵੇਲਸ 'ਚ ਆਯੋਜਿਤ ਬੀ. ਐੱਨ. ਪੀ. ਪਰੀਬਸ ਓਪਨ ਤੋਂ ਬਾਅਦ ਕੋਈ ਪ੍ਰਤੀਯੋਗਿਤਾ ਨਹੀਂ ਖੇਡੀ ਹੈ। ਉਹ ਸੱਜੇ ਮੋਢੇ ਦੀ ਸੱਟ ਕਾਰਨ ਮਿਆਮੀ ਓਪਨ ਤੋਂ ਬਾਹਰ ਰਿਹਾ ਸੀ ਅਤੇ ਮੋਂਟੇ ਕਾਰਲੋ ਮਾਸਟਰਜ਼ 'ਚ ਵੀ ਹਿੱਸਾ ਨਹੀਂ ਲਿਆ।ਜੋਕੋਵਿਚ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ, "ਬਦਕਿਸਮਤੀ ਨਾਲ, ਮੈਂ ਇਸ ਸਾਲ ਮੈਡ੍ਰਿਡ ਓਪਨ 'ਚ ਹਿੱਸਾ ਨਹੀਂ ਲੈ ਸਕਾਂਗਾ। ਮੈਂ ਜਲਦ ਵਾਪਸੀ ਲਈ ਆਪਣੀ ਰਿਕਵਰੀ ਜਾਰੀ ਰੱਖ ਰਿਹਾ ਹਾਂ। ਹਸਤਾ ਪ੍ਰੋਂਤੋ (ਜਲਦ ਹੀ ਫਿਰ ਮਿਲਾਂਗੇ)।"ਜੋਕੋਵਿਚ ਮੈਡ੍ਰਿਡ 'ਚ 3 ਵਾਰ ਦਾ ਚੈਂਪੀਅਨ ਰਹਿ ਚੁੱਕਾ ਹੈ। ਟੂਰਨਾਮੈਂਟ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ, "ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਜਲਦ ਹੀ ਇਥੇ ਵਾਪਸੀ ਕਰੋਗੇ, ਤਾਂ ਜੋ ਅਸੀਂ ਕਾਜਾ ਮਾਗਿਕਾ (ਮੈਡ੍ਰਿਡ ਓਪਨ ਦੀ ਮੇਜ਼ਬਾਨੀ ਕਰਨ ਵਾਲੇ ਸਟੇਡੀਅਮ) 'ਚ ਇਕ ਵਾਰ ਫਿਰ ਤੁਹਾਡੀ ਖੇਡ ਦਾ ਆਨੰਦ ਲੈ ਸਕੀਏ। ਜਿਵੇਂ ਕਿ ਅਸੀਂ ਪਹਿਲਾਂ ਕਈ ਵਾਰ ਕੀਤਾ ਹੈ।

# ਤ੍ਰਿਸਾ ਦੀ ਸੱਟ ਕਾਰਨ ਮਹਿਲਾ ਡਬਲਜ਼ ਜੋੜੀ ਉਬੇਰ ਕੱਪ ਫਾਈਨਲ ਤੋਂ ਹਟੀ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਭਾਰਤ ਦੀ ਤ੍ਰਿਸਾ ਜੌਲੀ ਦੀ ਗਿੱਟੇ ਦੀ ਸੱਟ ਕਾਰਨ ਉਸ ਦੀ ਅਤੇ ਗਾਇਤਰੀ ਗੋਪੀਚੰਦ ਦੀ ਮਹਿਲਾ ਡਬਲਜ਼ ਜੋੜੀ ਨੇ ਅਗਲੇ ਉਬੇਰ ਕੱਪ ਫਾਈਨਲਜ਼ ਤੋਂ ਹਟਣ ਦਾ ਫੈਸਲਾ ਕੀਤਾ। ਇਸ ਨਾਲ ਡੈਨਮਾਰਕ 'ਚ ਭਾਰਤ ਦੀ ਮੁਹਿੰਮ ਨੂੰ ਕਰਾਰਾ ਝਟਕਾ ਲੱਗਾ। ਭਾਰਤ 24 ਅਪ੍ਰੈਲ ਤੋਂ 3 ਮਈ ਤੱਕ ਡੈਨਮਾਰਕ ਦੇ ਹੋਰਸੇਂਸ 'ਚ ਹੋਣ ਵਾਲੇ ਥਾਮਸ ਅਤੇ ਉਬੇਰ ਕੱਪ ਫਾਈਨਲਜ਼ 'ਚ ਹਿੱਸਾ ਲਵੇਗਾ।ਭਾਰਤੀ ਡਬਲਜ਼ ਕੋਚ ਬੀ ਸੁਮਿਤ ਰੈੱਡੀ ਨੇ ਪੀ. ਟੀ. ਆਈ. ਨੂੰ ਕਿਹਾ, "ਦੁਖਦਾਈ ਹੈ ਕਿ ਬੈਡਮਿੰਟਨ ਏਸ਼ੀਆ ਚੈਂਪੀਅਨਸ਼ਿਪ ਲਈ ਰਵਾਨਾ ਹੋਣ ਤੋਂ ਸਿਰਫ 2-3 ਦਿਨ ਪਹਿਲਾਂ ਤ੍ਰਿਸਾ ਦਾ ਗਿੱਟਾ ਮੁੜ ਗਿਆ। ਟ੍ਰੇਨਿੰਗ ਦੌਰਾਨ ਇਹ ਹਾਦਸਾ ਹੋਇਆ, ਜਦੋਂ ਉਸ ਦਾ ਪੈਰ ਆਪਣੀ ਜੋੜੀਦਾਰ ਦੇ ਪੈਰ 'ਤੇ ਪੈ ਗਿਆ। ਉਹ ਹੁਣ ਆਰਾਮ ਕਰ ਰਹੀ ਹੈ ਅਤੇ 'ਰੀਹੈਬਲੀਟੇਸ਼ਨ' ਕਰੇਗੀ। ਇਹ ਵੱਡੀ ਸੱਟ ਨਹੀਂ ਹੈ, 4 ਹਫਤਿਆਂ 'ਚ ਇਹ ਠੀਕ ਹੋ ਜਾਣੀ ਚਾਹੀਦੀ ਹੈ। ਉਹ ਮਈ ਦੇ ਅਖੀਰ 'ਚ ਹੋਣ ਵਾਲੇ ਸਿੰਗਾਪੁਰ ਓਪਨ 'ਚ ਵਾਪਸੀ ਦੀ ਕੋਸ਼ਿਸ਼ ਕਰੇਗੀ।

# ਕੈਨੇਡਾ 'ਚ ਹਾਕੀ ਦਾ ਜਨੂੰਨ: ਸਟੈਨਲੀ ਕੱਪ ਦੀ ਦੌੜ 'ਚ ਕੈਨੇਡੀਅਨ ਟੀਮਾਂ ਵਿਚਾਲੇ ਹੋਵੇਗੀ ਜ਼ਬਰਦਸਤ ਟੱਕਰ

ਵੈਨਕੂਵਰ , 21 ਅਪ੍ਰੈਲ (ਪ.ਪ) : ਨੈਸ਼ਨਲ ਹਾਕੀ ਲੀਗ (ਐਨਐਚਐਲ) ਦੇ ਸਭ ਤੋਂ ਵੱਡੇ ਟੂਰਨਾਮੈਂਟ ਸਟੈਨਲੀ ਕੱਪ ਦੀ ਸ਼ੁਰੂਆਤ ਹੋ ਚੁੱਕੀ ਹੈ, ਜਿਸ ਵਿੱਚ ਇਸ ਵਾਰ ਤਿੰਨ ਕੈਨੇਡੀਅਨ ਟੀਮਾਂ ਖਿਤਾਬ ਦੀ ਦੌੜ ਵਿੱਚ ਸ਼ਾਮਲ ਹਨ। ਇਹ ਹਾਕੀ ਮੁਕਾਬਲੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਰਵਾਏ ਜਾਣਗੇ। ਪ੍ਰਾਪਤ ਵੇਰਵਿਆਂ ਮੁਤਾਬਕ ਇਹਨਾਂ ਹਾਕੀ ਮੁਕਾਬਲਿਆਂ ਦੇ ਪਹਿਲੇ ਰਾਊਂਡ ਵਿੱਚ ਹਰ ਸੀਰੀਜ਼ ਬਹੁਤ ਹੀ ਰੋਮਾਂਚਕ ਹੋਣ ਦੀ ਉਮੀਦ ਹੈ। ਟੀਮਾਂ ਆਪਣੀ ਪੂਰੀ ਤਾਕਤ ਨਾਲ ਮੈਦਾਨ ਵਿੱਚ ਉਤਰ ਰਹੀਆਂ ਹਨ ਅਤੇ ਪ੍ਰਸ਼ੰਸਕਾਂ ਲਈ ਕਾਫ਼ੀ ਤਗੜੇ ਮੁਕਾਬਲੇ ਵੇਖਣ ਨੂੰ ਮਿਲਣਗੇ।ਕੈਨੇਡਾ ਦੀਆਂ ਟੀਮਾਂ ਵੱਲੋਂ ਖਾਸ ਤੌਰ 'ਤੇ ਵਧੀਆ ਪ੍ਰਦਰਸ਼ਨ ਦੀ ਉਮੀਦ ਕੀਤੀ ਜਾ ਰਹੀ ਹੈ, ਕਿਉਂਕਿ ਉਹ ਲੰਬੇ ਸਮੇਂ ਬਾਅਦ ਸਟੈਨਲੀ ਕੱਪ ਨੂੰ ਮੁੜ ਕੈਨੇਡਾ ਲਿਆਉਣ ਲਈ ਸੰਘਰਸ਼ ਕਰ ਰਹੀਆਂ ਹਨ। ਹਰ ਸੀਰੀਜ਼ ਵਿੱਚ ਟੀਮਾਂ ਦੀ ਰਣਨੀਤੀ, ਖਿਡਾਰੀਆਂ ਦੀ ਫਾਰਮ ਅਤੇ ਗੋਲਕੀਪਿੰਗ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਇਹਨਾਂ ਮੁਕਾਬਲਿਆਂ ਦੇ ਪਹਿਲੇ ਰਾਊਂਡ ਵਿੱਚ ਟੀਮਾਂ ਵਿਚਕਾਰ ਕੜੀ ਟੱਕਰ ਹੋਵੇਗੀ, ਜਿਸ ਨਾਲ ਅਗਲੇ ਰਾਊਂਡ ਲਈ ਦਾਅਵੇਦਾਰ ਟੀਮਾਂ ਦੀ ਤਸਵੀਰ ਸਾਫ਼ ਹੋਵੇਗੀ।

# ਯੂਰੇਨੀਅਮ ਨੂੰ ਲੈ ਕੇ ਟਰੰਪ ਦੀ ਈਰਾਨ ਨੂੰ ਚਿਤਾਵਨੀ, ਡੀਲ ਨਹੀਂ ਹੋਈ ਤਾਂ ਵਰਤਿਆ ਜਾਵੇਗਾ ਸਖ਼ਤ ਤਰੀਕਾ: ਟਰੰਪ

ਵਾਸ਼ਿੰਗਟਨ, 21 ਅਪ੍ਰੈਲ (ਪ.ਪ) : ਈਰਾਨ ਅਤੇ ਅਮਰੀਕਾ ਵਿਚਕਾਰ ਚੱਲ ਰਹੀ ਪ੍ਰਮਾਣੂ ਗੱਲਬਾਤ ਨੇ ਇੱਕ ਵਾਰ ਫਿਰ ਤਲਵਾਰ ਖਿੱਚ ਲਈ ਹੈ। ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਈਰਾਨ ਆਪਣੇ ਪ੍ਰਮਾਣੂ ਭੰਡਾਰ ਨੂੰ ਅਮਰੀਕਾ ਨੂੰ ਸੌਂਪਣ ਲਈ ਸਹਿਮਤ ਹੋ ਗਿਆ ਹੈ, ਪਰ ਈਰਾਨ ਨੇ ਇਸ ਦਾਅਵੇ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਹੈ। ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਉਸਦਾ ਯੂਰੇਨੀਅਮ ਉਸਦੇ ਖੇਤਰ ਤੋਂ ਬਾਹਰ ਨਹੀਂ ਲਿਜਾਇਆ ਜਾਵੇਗਾ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਦੇ ਵਿਚਕਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਚੱਲ ਰਹੀ ਜੰਗਬੰਦੀ ਦੇ ਸਬੰਧ ਵਿੱਚ ਇੱਕ ਵੱਡਾ ਸੰਕੇਤ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਜੰਗਬੰਦੀ ਨੂੰ ਸਥਿਤੀ ਦੇ ਆਧਾਰ 'ਤੇ ਵਧਾਇਆ ਜਾ ਸਕਦਾ ਹੈ ਜਾਂ ਨਹੀਂ ਵਧਾਇਆ ਜਾ ਸਕਦਾ ਹੈ।ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਟਰੰਪ ਨੇ ਕਿਹਾ ਕਿ ਜੇਕਰ ਸਹਿਮਤੀ ਵਾਲੀ ਸਮਾਂ ਸੀਮਾ ਤੱਕ ਕੋਈ ਸਮਝੌਤਾ ਨਹੀਂ ਹੁੰਦਾ ਹੈ, ਤਾਂ ਜੰਗਬੰਦੀ ਨੂੰ ਵਧਾਉਣ ਦੀ ਸੰਭਾਵਨਾ ਘੱਟ ਹੋ ਸਕਦੀ ਹੈ। ਉਨ੍ਹਾਂ ਦਾ ਬਿਆਨ ਖੇਤਰ ਵਿੱਚ ਤਣਾਅ ਵਧਣ ਦੇ ਡਰ ਨੂੰ ਹੋਰ ਵਧਾਉਂਦਾ ਹੈ।

# ਹੁਣ ਸਖ਼ਤ ਫ਼ੈਸਲੇ ਕਰਨ ਦਾ ਵੇਲ਼ਾ: ਹਾਰਦਿਕ ਪੰਡਿਆ

ਮੁੰਬਈ, 21 ਅਪ੍ਰੈਲ (ਪ.ਪ) : ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐੱਲ) ਵਿੱਚ ਮੁੰਬਈ ਇੰਡੀਅਨਜ਼ ਦੀ ਲਗਾਤਾਰ ਚੌਥੀ ਹਾਰ ਤੋਂ ਬਾਅਦ ਕਪਤਾਨ ਹਾਰਦਿਕ ਪੰਡਿਆ ਨੇ ਸਖ਼ਤ ਰੁਖ਼ ਅਖ਼ਤਿਆਰ ਕੀਤਾ ਹੈ। ਬੀਤੀ ਰਾਤ ਪੰਜਾਬ ਕਿੰਗਜ਼ ਹੱਥੋਂ ਮਿਲੀ ਸੱਤ ਵਿਕਟਾਂ ਦੀ ਕਰਾਰੀ ਹਾਰ ਮਗਰੋਂ ਪੰਡਿਆ ਨੇ ਸਾਫ਼ ਕੀਤਾ ਕਿ ਹੁਣ ਟੀਮ ਵਿੱਚ ਕੁਝ ਸਖ਼ਤ ਫ਼ੈਸਲੇ ਲੈਣ ਦਾ ਵੇਲ਼ਾ ਆ ਗਿਆ ਹੈ। ਮੌਜੂਦਾ ਸੀਜ਼ਨ ਵਿੱਚ ਮੁੰਬਈ ਦੀ ਟੀਮ ਪੰਜ ਮੈਚਾਂ 'ਚੋਂ ਸਿਰਫ ਇੱਕ ਜਿੱਤ ਦਰਜ ਕਰ ਕੇ ਦੋ ਅੰਕਾਂ ਨਾਲ ਸੂਚੀ 'ਚ ਨੌਵੇਂ ਸਥਾਨ 'ਤੇ ਹੈ। ਮੈਚ ਤੋਂ ਬਾਅਦ ਉਸ ਨੇ ਕਿਹਾ, "ਸਾਨੂੰ ਬੈਠ ਕੇ ਵਿਚਾਰ ਕਰਨ ਦੀ ਲੋੜ ਹੈ ਕਿ ਅਸੀਂ ਕਿੱਥੇ ਪੱਛੜ ਰਹੇ ਹਾਂ।" ਉਸ ਨੇ ਅਸਿੱਧੇ ਤੌਰ 'ਤੇ ਟੀਮ ਦੇ ਸੀਨੀਅਰ ਖਿਡਾਰੀਆਂ ਦੇ ਖ਼ਰਾਬ ਪ੍ਰਦਰਸ਼ਨ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਹਰੇਕ ਖਿਡਾਰੀ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ। ਜ਼ਿਕਰਯੋਗ ਹੈ ਕਿ ਸੂਰਿਆਕੁਮਾਰ ਯਾਦਵ ਨੇ ਹੁਣ ਤੱਕ ਪੰਜ ਮੈਚਾਂ ਵਿੱਚ ਸਿਰਫ਼ ਇੱਕ ਨੀਮ ਸੈਂਕੜਾ ਜੜਿਆ ਹੈ।

# ਰੂਸ ਵੱਲੋਂ ਖਾਰਕੀਵ ਦੇ ਪਿੰਡ 'ਤੇ ਕਬਜ਼ੇ ਦਾ ਦਾਅਵਾ

ਮਾਸਕੋ, 21 ਅਪ੍ਰੈਲ (ਪ.ਪ) : ਰੂਸ ਦੇ ਰੱਖਿਆ ਮੰਤਰਾਲੇ ਨੇ ਅੱਜ ਦਾਅਵਾ ਕੀਤਾ ਕਿ ਉਸ ਦੀਆਂ ਫ਼ੌਜਾਂ ਨੇ ਯੂਕਰੇਨ ਦੇ ਖਾਰਕੀਵ ਇਲਾਕੇ ਵਿੱਚ ਸਥਿਤ ਜ਼ਾਇਬੀਨੇ ਪਿੰਡ 'ਤੇ ਕਬਜ਼ਾ ਕਰ ਲਿਆ ਹੈ। ਇਹ ਜਾਣਕਾਰੀ ਰੂਸ ਦੀ ਸਰਕਾਰੀ ਖ਼ਬਰ ਏਜੰਸੀ 'ਤਾਸ' ਵੱਲੋਂ ਦਿੱਤੀ ਗਈ ਹੈ। ਰਾਇਟਰਜ਼ ਆਜ਼ਾਦਾਨਾ ਤੌਰ 'ਤੇ ਜੰਗ ਦੇ ਮੈਦਾਨ ਦੀ ਇਸ ਰਿਪੋਰਟ ਦੀ ਪੁਸ਼ਟੀ ਨਹੀਂ ਕਰ ਸਕਿਆ। ਇਸੇ ਦੌਰਾਨ ਖੇਤਰੀ ਗਵਰਨਰ ਨੇ ਦੱਸਿਆ ਕਿ ਰਾਤ ਭਰ ਹੋਏ ਰੂਸੀ ਡਰੋਨ ਹਮਲਿਆਂ ਨੇ ਯੂਕਰੇਨ ਦੇ ਓਡੇਸਾ ਖੇਤਰ 'ਚ ਬੰਦਰਗਾਹ, ਆਵਾਜਾਈ ਅਤੇ ਰਿਹਾਇਸ਼ੀ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਹੈ। ਹਾਲਾਂਕਿ, ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਉੱਧਰ, ਖਾਦ ਉਤਪਾਦਕ ਕੰਪਨੀ 'ਯੂਰੋਕੈਮ' ਦੇ ਬਾਨੀ ਅਤੇ ਅਰਬਪਤੀ ਆਂਦਰੇਈ ਮੈਲਨੀਚੈਂਕੋ ਨੇ ਅੱਜ ਪੱਤਰਕਾਰਾਂ ਨੂੰ ਦੱਸਿਆ ਕਿ ਪਿਛਲੇ ਮਹੀਨਿਆਂ ਦੌਰਾਨ ਹੋਏ ਯੂਕਰੇਨੀ ਡਰੋਨ ਹਮਲਿਆਂ ਦਾ ਰੂਸ ਦੇ ਖਾਦ ਉਦਯੋਗ 'ਤੇ ਕਾਫ਼ੀ ਡੂੰਘਾ ਅਸਰ ਪੈ ਰਿਹਾ ਹੈ।

# ਹਿੰਮਤ ਤੇ ਦ੍ਰਿੜਤਾ ਅੱਗੇ ਭੱਜਦੀਆਂ ਨੇ ਮੁਸ਼ਕਿਲਾਂ

ਜ਼ਿੰਦਗੀ ਸੰਘਰਸ਼ ਦਾ ਨਾਂ ਹੈ। ਇਨਸਾਨ ਜਨਮ ਤੋਂ ਲੈ ਕੇ ਮੌਤ ਤਕ ਜ਼ਿੰਦਗੀ ਦੀਆਂ ਸਮੱਸਿਆਵਾਂ ਨਾਲ ਜੂਝਦਾ ਰਹਿੰਦਾ ਹੈ। ਕਦੇ ਜਿੱਤਦਾ ਹੈ, ਕਦੇ ਹਾਰ ਜਾਂਦਾ ਹੈ। ਸਮਾਂ ਆਪਣੀ ਰਫ਼ਤਾਰ ਨਾਲ ਚਲਦਾ ਰਹਿੰਦਾ ਹੈ। ਕਈ ਲੋਕ ਆਪਣੀ ਜ਼ਿੰਦਗੀ ਵਿਚ ਕੁਝ ਪ੍ਰਾਪਤ ਕਰਨ ਦਾ ਨਿਸ਼ਾਨਾ ਮਿੱਥ ਲੈਂਦੇ ਹਨ ਤੇ ਸਫਲਤਾ ਨਾਲ ਅੱਗੇ ਵਧਦੇ ਹਨ, ਪ੍ਰੰਤੂ ਕਈ ਇਨਸਾਨ ਆਪਣੇ ਨਿਸ਼ਾਨੇ ਪ੍ਰਤੀ ਲਾਪਰਵਾਹ ਹੁੰਦੇ ਹਨ। ਅਜਿਹੇ ਆਦਮੀ ਕਦੇ ਸਫਲ ਨਹੀਂ ਹੋ ਸਕਦੇ। ਇਨਸਾਨ ਨੂੰ ਕੁਝ ਪ੍ਰਾਪਤ ਕਰਨ ਦਾ ਪੱਕਾ ਇਰਾਦਾ ਕਰਨਾ ਚਾਹੀਦਾ ਹੈ। ਪ੍ਰਸਿੱਧ ਵਿਦਵਾਨ ਜੈਰੇਸੀ ਕੋਲੀਅਰ ਮੁਤਾਬਕ "ਦ੍ਰਿੜ ਵਿਸ਼ਵਾਸ ਤੇ ਕੋਸ਼ਿਸ਼ਾਂ ਕਰਨ ਤੇ ਅਖੀਰ ਮੁਸ਼ਕਲਾਂ ਵੀ ਸ਼ਰਮਾ ਜਾਂਦੀਆਂ ਹਨ।" ਵਿਸ਼ਵ ਪ੍ਰਸਿੱਧ ਫਿਲਾਸਫਰ ਵਿਲੀਅਮ ਵਾਲਫੇਅਰ ਲਿਖਦਾ ਹੈ, 'ਆਦਮੀ ਦੇ ਚਰਿੱਤਰ ਦੀ ਦੁਰਬਲਤਾ ਦਾ ਕਾਰਨ ਤੁਰੰਤ ਕੋਈ ਇਕ ਫ਼ੈਸਲਾ ਨਾ ਲੈਣਾ ਹੈ। ਆਦਮੀ ਨੂੰ ਹਰ ਕੰਮ ਪੱਕੀ ਧੁਨ ਨਾਲ ਕਰਨਾ ਚਾਹੀਦਾ ਹੈ।' ਟੌਮ ਵਾਟਸਨ ਲਿਖਦੇ ਹਨ, 'ਜੇ ਤੁਸੀਂ ਸਫਲ ਹੋਣਾ ਚਾਹੁੰਦੇ ਹੋ ਤਾਂ ਆਪਣੀਆਂ ਹਾਰਨ ਦੀਆਂ ਗਿਣਤੀਆਂ ਨੂੰ ਦੁੱਗਣਾ ਕਰਕੇ ਗਿਣੋ। ਇਨਸਾਨ ਨੂੰ ਆਪਣੀ ਸੋਚ ਉੱਚੀ ਰੱਖਣੀ ਚਾਹੀਦੀ ਹੈ। ਪਾਜ਼ੇਟਿਵ ਸੋਚ ਰੱਖਣ ਵਾਲਾ ਆਦਮੀ ਹੀ ਸਫਲਤਾ ਪ੍ਰਾਪਤ ਕਰ ਸਕਦਾ ਹੈ।' ਪ੍ਰਸਿੱਧ ਮਨੋਵਿਗਿਆਨੀ ਯੰਗ ਮੁਤਾਬਕ ਬੌਣੇ (ਛੋਟੀ ਸੋਚ ਵਾਲੇ) ਨੂੰ ਚਾਹੇ ਪਹਾੜ ਦੀ ਟੀਸੀ 'ਤੇ ਬਿਠਾ ਦੇਵੋ ਉਹ ਬੌਣਾ ਹੀ ਰਹੇਗਾ, ਮੀਨਾਰ ਨੂੰ ਚਾਹੇ ਘਾਟੀ ਵਿਚ ਥੱਲੇ ਉਤਾਰ ਦਿਉ, ਉਹ ਮੀਨਾਰ ਹੀ ਰਹੇਗਾ। ਇਤਿਹਾਸ ਦੀਆਂ ਘਟਨਾਵਾਂ ਗਵਾਹ ਹਨ, ਇੱਥੇ ਆਦਮੀਆਂ ਨੇ ਆਪਣੇ ਇਰਾਦੇ ਕਾਰਨ ਵੱਡੇ ਤੋਂ ਵੱਡੇ ਮੈਦਾਨ ਫ਼ਤਹਿ ਕੀਤੇ ਹਨ ਤੇ ਮੁਸ਼ਕਲਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਫਰਾਂਸ ਦੇ ਮਹਾਨ ਜਰਨੈਲ਼ ਨੈਪੋਲੀਅਨ ਬੋਨਾਪਾਰਟ ਨੇ ਆਪਣੇ ਬਚਪਨ ਵਿਚ ਹੀ ਵੱਡਾ ਆਦਮੀ ਬਣਨ ਦਾ ਸੁਪਨਾ ਲਿਆ ਸੀ। ਫ਼ੌਜ ਵਿਚ ਆਮ ਸੈਨਿਕ ਤੋਂ ਤਰੱਕੀ ਕਰਦਾ-ਕਰਦਾ ਉਹ ਫਰਾਂਸ ਦਾ ਬਾਦਸ਼ਾਹ ਬਣ ਗਿਆ ਸੀ। ਨੈਪੋਲੀਅਨ ਕਿਹਾ ਕਰਦਾ ਸੀ, ਮੁਸ਼ਕਲ ਸ਼ਬਦ ਬੇਵਕੂਫਾਂ ਦੀ ਡਿਕਸ਼ਨਰੀ ਵਿਚ ਹੁੰਦਾ ਹੈ। ਆਪਣੀ ਧੁਨ ਕਾਰਨ ਹੀ ਉਸ ਨੇ ਵੱਡੀਆਂ-ਵੱਡੀਆਂ ਜੰਗਾਂ ਜਿੱਤੀਆਂ ਤੇ ਕਈ ਦੇਸ਼ਾਂ ਨੂੰ ਹਾਰ ਦਿੱਤੀ। ਜਿਸ ਇਨਸਾਨ ਦਾ ਆਪਣੀ ਜ਼ਿੰਦਗੀ ਪ੍ਰਤੀ ਕੋਈ ਪੱਕਾ ਨਿਸ਼ਾਨਾ ਨਹੀਂ ਹੁੰਦਾ, ਉਹ ਜ਼ਿੰਦਗੀ ਭਰ ਡਿਕੇਡੋਲੇ ਹੀ ਖਾਂਦਾ ਰਹਿੰਦਾ ਹੈ, ਕਦੇ ਇਕ ਕੰਮ ਛੱਡ, ਦੂਜਾ ਸ਼ੁਰੂ ਕਰ ਦਿੰਦਾ ਹੈ, ਉਸ ਦੀ ਜ਼ਿੰਦਗੀ ਬਗ਼ੈਰ ਮਲਾਹ ਤੋਂ ਬੇੜੀ ਵਾਂਗ ਹੁੰਦੀ ਹੈ, ਜੋ ਲਹਿਰਾਂ ਦੇ ਬਹਾਅ ਨਾਲ ਕਦੇ ਇੱਧਰ ਕਦੇ ਉੱਧਰ ਹੁੰਦੀ ਹੈ, ਤੇ ਅਖੀਰ ਘੁੰਮਣਘੇਰੀ ਵਿਚ ਫੱਸ ਡੁੱਬ ਜਾਂਦੀ ਹੈ। ਇਸੇ ਤਰ੍ਹਾਂ ਆਦਮੀ ਬਗ਼ੈਰ ਨਿਸ਼ਾਨੇ ਤੋਂ ਜ਼ਿੰਦਗੀ ਵਿਚ ਸਫ਼ਲ ਨਹੀਂ ਹੋ ਸਕਦਾ ਤੇ ਅਖੀਰ ਆਪਣੀ ਅਸਫਲਤਾ ਦਾ ਦੋਸ਼ ਕਿਸਮਤ 'ਤੇ ਸੁੱਟ ਦਿੰਦਾ ਹੈ। ਇਕ ਕਹਾਣੀ ਯਾਦ ਆ ਰਹੀ ਹੈ, ਇਕ ਚੋਰ ਚੋਰੀ ਕਰਦਾ ਪਕੜਿਆ ਗਿਆ, ਰਾਜੇ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਰਾਜੇ ਨੇ ਚੋਰ ਅੱਗੇ ਤਿੰਨ ਸਜ਼ਾਵਾਂ ਵਿੱਚੋਂ ਇਕ ਸਜ਼ਾ ਚੁਣਨ ਲਈ ਕਿਹਾ। ਇਕ, ਤਿੰਨ ਮਹੀਨੇ ਦੀ ਕੈਦ ਕੱਟ ਲਵੇ ਜਾਂ 50 ਗੰਢੇ ਖਾ ਲਵੇ ਜਾਂ 50 ਛਿੱਤਰ ਖਾ ਲਵੇ। ਚੋਰ ਨੇ ਜਕੋਤਕੀ ਵਿਚ 50 ਗੰਢੇ ਖਾਣ ਨੂੰ ਤਰਜੀਹ ਦਿੱਤੀ ਜਦ ਉਹ 35 ਗੰਢੇ ਖਾ ਕੇ ਅੱਕ ਗਿਆ ਤੇ 50 ਛਿੱਤਰ ਖਾਣ ਦੀ ਸਜ਼ਾ ਮੰਨ ਲਈ, ਜਦ ਉਸਦੇ 30-35 ਛਿੱਤਰ ਪਏ, ਤਾਂ ਉਹ ਉਸ ਤੋਂ ਵੀ ਡਰ-ਅੱਕ ਗਿਆ ਅਤੇ ਉਸਨੇ ਅਖੀਰ 3 ਮਹੀਨੇ ਦੀ ਸਜ਼ਾ ਹੀ ਕੱਟਣੀ ਮੰਨ ਲਈ। ਇਸ ਤਰ੍ਹਾਂ ਪੱਕੇ ਇਰਾਦੇ ਦੀ ਘਾਟ ਕਾਰਨ ਉਹ ਤਿੰਨੋਂ ਸਜ਼ਾਵਾਂ ਵੀ ਭੁਗਤ ਗਿਆ। ਇਤਿਹਾਸ ਵਿਚ ਮੁਹੰਮਦ ਤੁਗਲਕ ਪੜ੍ਹਿਆ ਲਿਖਿਆ ਬੇਵਕੂਫ ਰਾਜਾ ਕਿਹਾ ਜਾਂਦਾ ਸੀ। ਕਾਰਨ ਮੁਹੰਮਦ ਤੁਗਲਕ ਵਿਚ ਇੱਛਾ ਸ਼ਕਤੀ ਦੀ ਘਾਟ ਸੀ, ਉਸ ਦਾ ਕੋਈ ਪੱਕਾ ਨਿਸ਼ਾਨਾ ਨਹੀਂ ਹੁੰਦਾ ਸੀ, ਜਿਸ ਕਾਰਨ ਉਹ ਫ਼ੈਸਲੇ ਪ੍ਰਤੀ ਕੋਈ ਪੱਕਾ ਇਰਾਦਾ ਨਹੀਂ ਕਰ ਸਕਿਆ। ਚਾਹੇ ਰਾਜਧਾਨੀ ਬਦਲਣ ਦਾ ਫ਼ੈਸਲਾ ਸੀ ਜਾਂ ਟੈਕਸ ਲਾਉਣ ਦਾ, ਭਾਵ ਉਹ ਹਰੇਕ ਖੇਤਰ ਵਿਚ ਅਸਫਲ ਰਿਹਾ। ਤੇਨਜ਼ਿੰਗ ਜਦ ਛੋਟਾ ਹੁੰਦਾ ਸੀ ਤਾਂ ਹਿਮਾਲਿਆ ਪਰਬਤ ਦੀ ਚੋਟੀ 'ਤੇ ਚੜ੍ਹਨ ਦੇ ਸੁਪਨੇ ਲਿਆ ਕਰਦਾ ਸੀ। ਉਹ ਆਪਣੀ ਦ੍ਰਿੜ ਸ਼ਕਤੀ ਤੇ ਹੌਸਲੇ ਸਦਕਾ ਹੀ ਉਸ ਨੇ ਸੰਸਾਰ ਦੀ ਸਭ ਤੋਂ ਉੱਚੀ ਚੋਟੀ ਐਵਰੇਸਟ ਚੋਟੀ (29028) ਫੁੱਟ ਉੱਚੀ ਜਿੱਤ ਲਈ ਸੀ। ਮਹਾਤਮਾ ਗਾਂਧੀ ਮੁਤਾਬਕ, ' ਤੁਸੀਂ ਆਪਣਾ ਇਰਾਦਾ ਪੱਕਾ ਕਰ ਕੇ ਆਪਣਾ ਕੰਮ ਸ਼ੁਰੂ ਕਰ ਦੇਵੋ, ਸਫਲਤਾ ਜ਼ਰੂਰ ਮਿਲੇਗੀ। ਆਪਣੀ ਦ੍ਰਿੜ ਸ਼ਕਤੀ ਤੇ ਪੱਕੇ ਸੰਕਲਪ ਨਾਲ ਭਾਰਤ ਵਾਸੀਆਂ ਨੂੰ ਆਪਣੇ ਮਗਰ ਲਾ ਅੰਗਰੇਜ਼ਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕਰ ਦਿੱਤਾ ਸੀ। ਊਧਮ ਸਿੰਘ ਨੇ ਜਲ੍ਹਿਆਂ ਵਾਲੇ ਬਾਗ਼ ਕਾਂਡ ਦਾ ਬਦਲਾ ਲੈਣ ਦੀ ਸਹੁੰ ਚੁੱਕ ਲਈ ਸੀ ਤੇ ਆਪਣੇ ਕਈ ਪੱਕੇ ਇਰਾਦੇ ਕਾਰਨ ਉਸਨੇ ਕਿੰਨੇ ਸਾਲਾਂ ਬਾਅਦ ਲੰਦਨ ਵਿਚ ਜਾ ਜਨਰਲ ਡਾਇਰ ਨੂੰ ਮਾਰ ਕੇ ਜਲ੍ਹਿਆਂ ਵਾਲੇ ਕਾਂਡ ਦਾ ਬਦਲਾ ਲਿਆ ਸੀ। ਪੰਜਾਬ ਦੇ ਜੰਮਪਲ ਪ੍ਰਸਿੱਧ ਮਿਲਟਰੀ ਜਰਨੈਲ ਜਨਰਲ ਜਗਜੀਤ ਸਿੰਘ ਅਰੋੜਾ ਨੇ ਆਪਣੇ ਪੱਕੇ ਇਰਾਦੇ ਤੇ ਸੂਝਬੂਝ ਨਾਲ 1971 ਦੀ ਭਾਰਤ ਪਾਕਿ ਜੰਗ ਸਮੇਂ ਪਾਕਿਸਤਾਨ ਦੀ 1 ਲੱਖ ਫ਼ੌਜ ਨੂੰ ਬੰਗਲਾ ਦੇਸ਼ ਵਿਚ ਹਾਰ ਦਿੱਤੀ ਸੀ ਤੇ ਹਥਿਆਰ ਸੁੱਟਣ ਲਈ ਮਜਬੂਰ ਕਰ ਦਿੱਤਾ ਸੀ।-ਸਿਲਾਈ ਮਸ਼ੀਨ ਦੀ ਕਾਢ ਕੱਢਣ ਵਾਲਾ ਏਲੀਆਸ ਸੀ। ਉਸ ਦਾ ਆਰਥਿਕ ਤੌਰ 'ਤੇ ਮਾੜਾ ਹਾਲ ਸੀ ਪਰ ਉਹ ਆਪਣੇ ਦ੍ਰਿੜ ਇਰਾਦੇ ਨਾਲ ਲੋਕਾਂ ਦੀ ਪਰਵਾਹ ਕੀਤੇ ਬਿਨਾਂ ਅਖੀਰ ਸਫ਼ਲ ਹੋਇਆ। ਜੇਮਜ਼ ਵਾਟ ਜਿਸ ਨੇ ਭਾਫ਼ ਦੇ ਇੰਜਣ ਦੀ ਕਾਢ ਕੱਢੀ ਸੀ, ਉਹ ਆਪਣੇ ਤਜਰਬੇ ਵਿਚ ਅਨੇਕਾਂ ਵਾਰ ਅਸਫਲ ਹੋਇਆ ਸੀ, ਪਰ ਆਪਣੇ ਇਰਾਦੇ ਦੀ ਪੱਕੀ ਧੁੰਨ ਕਾਰਨ ਭਾਫ਼ ਦਾ ਇੰਜਣ ਬਣਾਉਣ ਵਿਚ ਸਫ਼ਲ ਹੋਇਆ। ਨਾ ਕਾਮਯਾਬ ਲੋਕ ਦੁਨੀਆ ਤੋਂ ਡਰ ਕੇ, ਆਪਣੇ ਫ਼ੈਸਲੇ ਬਦਲ ਲੈਂਦੇ ਹਨ ਅਤੇ ਕਾਮਯਾਬ ਲੋਕ ਆਪਣੇ ਹਿੰਮਤੀ ਫ਼ੈਸਲੇ ਨਾਲ ਪੂਰੀ ਦੁਨੀਆਂ ਹੀ ਬਦਲ ਦਿੰਦੇ ਹਨ। ਪੰਜਾਬ ਦੇ ਲੁਧਿਆਣਾ ਵਿਖੇ ਹੈਬੋਵਾਲ ਕਲਾਂ ਦੀ ਨਾਜ਼ੀਆ ਨਾਮ ਦੀ ਲੜਕੀ ਦੀਆਂ ਅੱਖਾਂ ਦੀ ਰੋਸ਼ਨੀ ਦੋ ਸਾਲ ਦੀ ਉਮਰ 'ਚ ਹੀ ਚਲੀ ਗਈ ਸੀ। ਪਰ ਲੜਕੀ ਜ਼ਿੱਦੀ, ਹਿੰਮਤੀ ਤੇ ਜਨੂੰਨੀ ਸੀ। ਉਸਨੇ ਹਿੰਮਤ ਨਹੀਂ ਹਾਰੀ, ਬਲਾਈਂਡ ਟੀਚਿੰਗ ਸਕੂਲ਼ ਵਿਚ ਦਾਖ਼ਲਾ ਲਿਆ। ਪੜ੍ਹਾਈ ਦੇ ਨਾਲ-ਨਾਲ ਉਹ ਖੇਡਾਂ ਵਿਚ ਵੀ ਬਹੁਤ ਹੁਸ਼ਿਆਰ ਸੀ। 15 ਸਾਲ ਦੀ ਉਮਰ ਵਿਚ ਇਸ ਲੜਕੀ ਨੇ ਨੈਸ਼ਨਲ ਪੱਧਰ ਦੀਆਂ ਰਾਸ਼ਟਰੀ ਖੇਡਾਂ ਵਿਚ ਹਿੱਸਾ ਲਿਆ, ਦੌੜਾਂ ਵਿਚ ਪਹਿਲਾਂ 400 ਮੀਟਰ ਦੀ ਦੌੜ ਵਿਚ, ਫਿਰ 800 ਮੀਟਰ ਦੀ ਦੌੜ ਵਿਚ ਹਿੱਸਾ ਲੈ ਕੇ ਗੋਲਡ ਮੈਡਲ ਹਾਸਲ ਕੀਤਾ। ਅਜਿਹਾ ਹੀ ਇਕ ਮਿਸਾਲੀ ਜੁਝਾਰੂ ਲੜਕਾ ਹੈ ਗਿਰਦਰ ਸਿੰਘ ਰਾਂਡਾ ਜਿਸਨੇ ਆਪਣੀ ਹਿੰਮਤ ਹੌਸਲਾਂ ਤੇ ਦ੍ਰਿੜ ਇਰਾਦੇ ਨਾਲ ਆਪਣੇ ਮਾਂ-ਬਾਪ ਦਾ ਲਿਆ ਸੁਪਨਾ ਸਰਕਾਰੀ ਅਫਸਰ ਬਣ ਕੇ ਪੂਰਾ ਕੀਤਾ। ਇਹ ਲੜਕਾ ਰਾਜਸਥਾਨ ਦੇ ਛੋਟੇ ਜਿਹੇ ਪਿੰਡ ਉਂਰਖਾਂ ਦਾ ਰਹਿਣ ਵਾਲਾ ਹੈ। ਘਰ ਵਿਚ ਅੱਤ ਗ਼ਰੀਬੀ ਸੀ। ਲੇਕਿਨ ਇਸ ਨੂੰ ਪੜ੍ਹਨ ਦਾ ਬਹੁਤ ਸ਼ੌਂਕ ਸੀ। ਮਾਂ-ਬਾਪ ਬਿਮਾਰ ਸਨ ਤੇ ਵੱਡਾ ਭਰਾ ਅਪੰਗ ਸੀ। ਘਰ ਵਿਚ ਕਦੀ ਰੋਟੀ ਪਕਦੀ ਸੀ ਤੇ ਕਦੇ ਨਹੀਂ। ਇਹ ਲੜਕਾ ਤਪਦੀ ਰੇਤ ਵਿਚ ਜਦ 50 ਡਿਗਰੀ ਤਾਪਮਾਨ 'ਚ ਘਰ ਤੋਂ 10 ਮੀਲ ਦੂਰ ਪੜ੍ਹਨ ਜਾਂਦਾ ਸੀ। ਫਿਰ ਵਾਪਸ ਆ ਕੇ ਇਕ ਦੁਕਾਨ ਤੇ ਭਾਂਡੇ ਮਾਂਜਦਾ ਤੇ ਹੋਰ ਨਿੱਕੇ-ਮੋਟੇ ਕੰਮ ਕਰਦਾ। ਇਸ ਦੌਰਾਨ ਹੀ ਇਸਦੇ ਘਰ ਵਿਚ 4 ਪਰਿਵਾਰਕ ਮੈਂਬਰਾਂ ਨੇ ਗ਼ਰੀਬੀ ਤੇ ਬੀਮਾਰੀ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰ ਲਈ । ਪਰ ਇਹ ਬਹਾਦਰ ਲੜਕਾ ਟੁੱਟਿਆ ਨਹੀਂ। ਇਸਨੇ ਬੀ.ਏ ਤੱਕ ਪੜ੍ਹਾਈ ਕੀਤੀ। 10-12 ਕੰਪੀਟੀਸ਼ਨਾਂ ਵਿਚ ਨੌਕਰੀ ਲਈ ਹਿੱਸਾ ਲਿਆ। ਪਰ ਹਰ ਵਾਰ 1-2 ਨੰਬਰਾਂ ਪਿੱਛੇ ਫੇਲ੍ਹ ਹੋ ਜਾਂਦਾ ਸੀ। ਪਰ ਅਖੀਰ ਤੇ ਇਸਦੀ ਮਿਹਨਤ ਰੰਗ ਲਿਆਈ ਤੇ ਇਕ ਮੁਕਾਬਲੇ ਵਿਚ ਇਹ ਚੰਗਾ ਰੈਂਕ ਲੈ ਕੇ ਸਫਲ ਹੋਇਆ ਤੇ ਜ਼ਿਲ੍ਹਾ ਵਿਕਾਸ ਅਧਿਕਾਰੀ ਦੇ ਤੌਰ 'ਤੇ ਸਰਕਾਰੀ ਨੌਕਰੀ ਹਾਸਿਲ ਕੀਤੀ ਤੇ ਆਪਣੇ ਮਾਂ-ਬਾਪ ਦਾ ਸੁਪਨਾ ਸੱਚ ਕੀਤਾ। ਉਸ ਨੇ ਕਵੀ ਦੀਆਂ ਲਿਖੀਆਂ ਇਹ ਸਤਰਾਂ ਸੱਚ ਕਰ ਦਿੱਤੀਆਂ ਹਨ : ਡਰ ਮੁਝੇ ਵੀ ਲਗਾ ਥਾ ਲੰਮਾ ਫਾਸਲਾ ਦੇਖ ਕਰ, ਲੇਕਿਨ ਮੈਂ ਬੜਤਾ ਹੀ ਗਿਆ ਰਾਸਤਾ ਦੇਖ ਕਰ, ਖੁਦ-ਬ-ਖੁਦ ਮੇਰੇ ਨਜ਼ਦੀਕ ਆਤੀ ਗਈ ਮੇਰੀ ਮੰਜ਼ਿਲ ਮੇਰਾ ਹੌਸਲਾ ਦੇਖ ਕਰ। ਜੋ ਇਨਸਾਨ ਆਪਣੀ ਜ਼ਿੰਦਗੀ ਵਿਚ ਪੱਕੇ ਇਰਾਦੇ ਨਾਲ ਕੰਮ ਸ਼ੁਰੂ ਕਰਦੇ ਹਨ, ਉਹ ਲੱਖ ਮੁਸੀਬਤਾਂ ਆ ਜਾਣ ਪਰ ਕੰਮ ਪੂਰਾ ਕਰ ਕੇ ਹੀ ਸਾਹ ਲੈਂਦੇ ਹਨ, ਪਰ ਕਈ ਇਨਸਾਨ ਆਪਣਾ ਪੱਕਾ ਇਰਾਦਾ ਨਹੀਂ ਮਿੱਥ ਸਕਦੇ ਤੇ ਹਮੇਸ਼ਾ ਅਸਫਲਤਾ ਦਾ ਮੂੰਹ ਦੇਖਦੇ ਹਨ। ਮੈਂ ਕਈ ਵਿਦਿਆਰਥੀ ਦੇਖੇ ਹਨ ਜੋ ਆਪਣੀ ਪੜ੍ਹਾਈ ਕਰਨ ਉਪਰੰਤ ਪੱਕੇ ਇਰਾਦੇ ਦੀ ਘਾਟ ਹੋਣ ਕਾਰਨ ਘੁੰਮਣਘੇਰੀ ਵਿਚ ਫਸੇ ਰਹਿੰਦੇ ਹਨ, ਕਦੇ ਕੋਈ ਵਿਸ਼ਾ ਚੁਣ ਲੈਂਦੇ ਹਨ। ਇਸ ਤਰ੍ਹਾਂ ਕਿਸੇ ਵੀ ਮੰਜ਼ਿਲ 'ਤੇ ਨਹੀਂ ਪਹੁੰਚ ਸਕੇ। ਡਾਕਟਰ ਵਿਲੀਅਮ ਮੈਥਿਊ ਨੇ ਠੀਕ ਹੀ ਕਿਹਾ ਸੀ ਕਿ ਹਰੇਕ 10 ਵਿਅਕਤੀਆਂ ਵਿੱਚੋਂ 9 ਵਿਅਕਤੀ ਅਜਿਹੇ ਹੁੰਦੇ ਹਨ ਜੋ ਆਪਣੀਆਂ ਯੋਜਨਾਵਾਂ ਨੂੰ ਵੱਡੇ ਪੈਮਾਨੇ 'ਤੇ ਬਣਾਉਂਦੇ ਤਾਂ ਹਨ ਪ੍ਰੰਤੂ ਕਰਦੇ ਕਦੇ ਵੀ ਕੁਝ ਨਹੀ। ਇਸੇ ਕਾਰਨ ਉਹ ਜ਼ਿੰਦਗੀ ਵਿਚ ਫੇਲ੍ਹ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਵਿਚ ਦ੍ਰਿੜ ਇਰਾਦੇ ਦੀ ਕਮੀ ਹੁੰਦੀ ਹੈ। ਇਨਸਾਨ ਨੂੰ ਆਪਣੀ ਧੁਨ ਵਿਚ ਕੰਮ ਕਰਦੇ ਰਹਿਣਾ ਚਾਹੀਦਾ ਹੈ। ਕਦੀ ਵੀ ਕਿਸੇ ਕੰਮ ਤੋਂ ਆਲਸ ਨਹੀਂ ਕਰਨੀ ਚਾਹੀਦੀ। ਪ੍ਰਸਿੱਧ ਫ਼ਿਲਾਸਫ਼ਰ ਜਾਨਸਨ ਮੁਤਾਬਕ, ਜੇਕਰ ਤੁਸੀਂ ਆਲਸੀ ਹੋ ਤਾਂ ਇਕੱਲੇ ਨਾ ਰਹੋ ਅਤੇ ਜੇਕਰ ਇਕੱਲੇ ਹੋ ਤਾਂ ਆਲਸੀ ਨਾ ਰਹੋ। ਜੇਕਰ ਤੁਸੀਂ ਕੁਝ ਪਾਉਣਾ ਚਾਹੁੰਦੇ ਹੋ ਜਾਂ ਕੁਝ ਖ਼ਾਸ ਬਣਨਾ ਚਾਹੁੰ ਦੇ ਹੋ ਤਾਂ ਤੁਹਾਨੂੰ ਆਪਣੀਆਂ ਅੱਜ ਦੀਆਂ ਖੁਸ਼ੀਆਂ, ਇੱਛਾਵਾਂ ਦਾ ਗਲਾ ਘੁੱਟਣਾ ਪੈਣਾ ਹੈ। ਪੜ੍ਹਾਈ ਦੇ ਸਮੇਂ ਵਿਚ ਸਿਰਫ਼ ਇਕ ਹੀ ਟੇਕ ਰੱਖੋ ਕਿ ਤੁਸੀਂ ਸਫਲ ਹੋਣਾ ਹੈ, ਕੁਝ ਬਣਨਾ ਹੈ। ਆਪਣੇ ਮਾਂ-ਬਾਪ ਦੀਆਂ ਕੁਰਬਾਨੀਆਂ, ਮਜਬੂਰੀਆਂ ਵੱਲ ਨਿਗ੍ਹਾ ਮਾਰੋ ਜੋ ਮੁਸ਼ਕਲ ਹਾਲਾਤ 'ਚ ਆਪਣੇ ਖ਼ੂਨ-ਪਸੀਨੇ ਦੀ ਕਮਾਈ ਤੁਹਾਡੀਆਂ ਇੱਛਾਵਾਂ ਦੀ ਪੂਰਤੀ ਲਈ ਲਗਾ ਰਹੇ ਹਨ। ਕੀ ਤੁਹਾਡਾ ਕੋਈ ਫ਼ਰਜ਼ ਨਹੀਂ ਕਿ ਆਪਣੇ ਮਾਂ-ਬਾਪ ਦੇ ਸੁਪਨੇ ਸਾਕਾਰ ਕਰੋ। ਕਿਸੇ ਨੇ ਸੱਚ ਹੀ ਕਿਹਾ ਸੀ ਕਿ ਪਰਮਾਤਮਾ ਵੀ ਉਸ ਦੀ ਮਦਦ ਕਰਦਾ ਹੈ ਜੋ ਆਪਣੀ ਮਦਦ ਖ਼ੁਦ ਕਰਦੇ ਹਨ।

ਇਤਿਹਾਸ ਗਵਾਹ ਹੈ ਕਿ ਜ਼ਿੰਦਗੀ ਵਿਚ ਜਿਸ ਕਿਸੇ ਨੇ ਵੀ ਦ੍ਰਿੜ ਇਰਾਦੇ ਨਾਲ ਹਿੰਮਤ ਮਾਰੀ, ਉਹ ਆਪਣੇ ਕੰਮ 'ਚ ਸਫਲ ਹੋ ਕੇ ਰਿਹਾ ਹੈ। ਬਿਜਲੀ ਦੇ ਬੱਲਬ ਦੀ ਕਾਢ ਕੱਢਣ ਵਾਲਾ ਪ੍ਰਸਿੱਧ ਵਿਗਿਆਨੀ ਥਾਮਸ ਏਡੀਸਨ ਜਦ ਬਲਬ ਦੀ ਖੋਜ ਕਰ ਰਿਹਾ ਸੀ ਤਾਂ ਉਹ ਇਸ ਖੋਜ ਵਿਚ ਹਜ਼ਾਰ ਵਾਰੀ ਫੇਲ੍ਹ ਹੋਇਆ ਸੀ, ਪਰ ਆਪਣੀ ਦ੍ਰਿੜ ਸ਼ਕਤੀ ਕਾਰਨ ਉਹ ਅਖੀਰ ਇਸ ਵਿਚ ਸਫਲ ਹੋਇਆ। ਹਵਾਈ ਜਹਾਜ਼ ਬਣਾਉਣ ਦੀ ਕਾਢ ਕੱਢਣ ਵਾਲੇ ਰਾਈਟ ਭਰਾ ਜਦ ਇਸ ਖੋਜ 'ਤੇ ਕੰਮ ਕਰਦੇ ਹੁੰਦੇ ਸਨ ਤਾਂ ਉਨ੍ਹਾਂ ਨੂੰ ਕਿਤਨੇ ਹੀ ਸਾਲ ਲੱਗ ਗਏ। ਲੋਕ ਉਨ੍ਹਾਂ 'ਤੇ ਹੱਸਦੇ ਸਨ, ਪ੍ਰੰਤੂ ਆਪਣੇ ਧੁਨ ਵਿਚ ਪੱਕੇ ਰਾਈਟ ਭਰਾ ਅਖੀਰ ਵਿਚ ਸਫਲ ਹੋਏ। ਇਨਸਾਨ ਨੂੰ ਆਪਣੀ ਜ਼ਿੰਦਗੀ ਵਿਚ ਕੋਈ ਵੀ ਕੰਮ ਸ਼ੁਰੂ ਕਰਨਾ ਚਾਹੀਦਾ ਹੈ ਤਾਂ ਉਸ ਨੂੰ ਪੂਰੀ ਵਿਚਾਰ ਕਰ ਕੇ ਪੱਕੇ ਇਰਾਦੇ ਨਾਲ ਕਰਨਾ ਚਾਹੀਦਾ ਹੈ। ਰਸਤੇ ਵਿਚ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਆਉਂਦੀਆਂ ਹਨ, ਪਰ ਉਸ ਤੋਂ ਹਾਰਨਾ ਨਹੀਂ ਚਾਹੀਦਾ।

# ਖ਼ੁਸ਼ੀਆਂ ਤੇ ਖ਼ੁਸ਼ਹਾਲੀ ਦੀ ਗਿੱਦੜਸਿੰਗੀ

ਜ਼ਿੰਦਗੀ ਦੀਆਂ ਰੋਜ਼ਾਨਾ ਗਤੀਵਿਧੀਆਂ 'ਚ ਸਾਡੀ ਮੁਲਾਕਾਤ ਬਹੁਤ ਸਾਰੇ ਅਜਿਹੇ ਲੋਕਾਂ ਨਾਲ ਹੋ ਜਾਂਦੀ ਹੈ, ਜਿਨ੍ਹਾਂ ਨੂੰ ਅਕਸਰ ਹੀ ਇਹ ਸ਼ਿਕਾਇਤ ਹੁੰਦੀ ਹੈ ਕਿ ਉਹ ਕਿਸੇ ਨਾ ਕਿਸੇ ਕਾਰਨ ਕਰਕੇ ਬਹੁਤ ਪਰੇਸ਼ਾਨ ਹਨ। ਕਿਸੇ ਨੂੰ ਦੁੱਖ ਹੈ ਕਿ ਉਸ ਦੇ ਸੰਤਾਨ ਨਹੀਂ ਹੋ ਰਹੀ ਅਤੇ ਕਿਸੇ ਹੋਰ ਨੂੰ ਦੁੱਖ ਹੈ ਕਿ ਸੰਤਾਨ ਉਸ ਦਾ ਕਹਿਣਾ ਨਹੀਂ ਮੰਨਦੀ। ਕੋਈ ਦਾਰੂ ਪੀ ਕੇ ਗਾਲ੍ਹਾਂ ਕੱਢਣ ਵਾਲੇ ਆਪਣੇ ਪਤੀ ਤੋਂ ਦੁਖੀ ਹੈ ਅਤੇ ਕੋਈ ਕਿਸੇ ਹੋਰ ਮਰਦ ਵੱਲ ਝੁਕਾਅ ਰੱਖਦੀ ਆਪਣੀ ਪਤਨੀ ਤੋਂ। ਕਿਸੇ ਨੂੰ ਲੱਗਦਾ ਹੈ ਕਿ ਉਸ ਨੂੰ ਉਸ ਦਾ ਕੋਈ ਰਿਸ਼ਤੇਦਾਰ ਤੰਗ ਕਰ ਰਿਹਾ ਹੈ ਅਤੇ ਕਈ ਆਪਣੇ ਦੋਸਤਾਂ ਦੀ ਬੇਰੁਖ਼ੀ ਤੋਂ ਦੁਖੀ ਹੋਏ ਮਹਿਸੂਸ ਕਰਦੇ ਹਨ। ਲਗਪਗ ਸਾਰੇ ਹੀ ਅਜਿਹੀ ਚਰਚਾ ਕਰਦੇ ਵੀ ਨਹੀਂ ਥੱਕਦੇ ਕਿ ਜਿਹੜੇ ਲੋਕ ਉਨ੍ਹਾਂ ਨੂੰ ਦੁਖੀ ਕਰ ਰਹੇ ਹਨ, ਉਨ੍ਹਾਂ ਲਈ ਬਿਪਤਾ ਦੇ ਸਮੇਂ ਵਿਚ ਉਨ੍ਹਾਂ ਨੇ ਕੀ ਕੀ ਕੀਤਾ ਹੈ, ਜੋ ਦੁਨੀਆ ਦਾ ਕੋਈ ਹੋਰ ਵਿਅਕਤੀ ਕਰ ਹੀ ਨਹੀਂ ਸੀ ਸਕਦਾ। ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਤਾਂ ਕਦੇ ਕਿਸੇ ਦਾ ਬੁਰਾ ਕਰਨ ਬਾਰੇ ਸੋਚ ਹੀ ਨਹੀਂ ਸਕਦੇ ਪਰ ਜਿਨ੍ਹਾਂ ਦਾ ਉਹ ਹਮੇਸ਼ਾ ਹੀ ਭਲਾ ਕਰਦੇ ਹਨ, ਉਹੀ ਬਦਲੇ ਵਿਚ ਉਨ੍ਹਾਂ ਨੂੰ ਦੁਖੀ ਕਰਨਾ ਸ਼ੁਰੂ ਕਰ ਦਿੰਦੇ ਹਨ। ਸਭ ਤੋਂ ਪਹਿਲਾਂ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਅਸੀਂ ਦੁਖੀ ਹੁੰਦੇ ਕਿਉਂ ਹਾਂ। ਜਦੋਂ ਅਸੀਂ ਪਰਤ ਦਰ ਪਰਤ ਆਪਣੇ ਦੁੱਖ ਦਾ ਅਸਲੀ ਕਾਰਨ ਲੱਭਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਆਮ ਤੌਰ 'ਤੇ ਸਾਨੂੰ ਇਸ ਦਾ ਮੁੱਖ ਕਾਰਨ ਇਹੋ ਹੀ ਦਿਖਾਈ ਦਿੰਦਾ ਹੈ ਕਿ ਜ਼ਿੰਦਗੀ ਵਿਚ ਜਿਵੇਂ ਅਸੀਂ ਚਾਹੁੰਦੇ ਹਾਂ, ਉਵੇਂ ਨਹੀਂ ਹੋ ਰਿਹਾ। ਮਤਲਬ ਇਹ ਕਿ ਅਸੀਂ ਇਸ ਕਰਕੇ ਦੁਖੀ ਹੋ ਰਹੇ ਹਾਂ ਕਿ ਸਾਡੀ ਮਰਜ਼ੀ ਪੂਰੀ ਨਹੀਂ ਹੋ ਰਹੀ। ਅਸੀਂ ਚਾਹੁੰਦੇ ਹਾਂ ਕਿ ਦੁਨੀਆ ਵਿਚ ਜੋ ਕੁਝ ਵੀ ਹੋਵੇ, ਉਹ ਸਾਡੀ ਮਰਜ਼ੀ ਮੁਤਾਬਿਕ ਹੋਵੇ। ਜ਼ਿੰਦਗੀ ਜਿਊਣ ਦਾ ਸਾਡਾ ਨਜ਼ਰੀਆ ਇੱਥੇ ਹੀ ਗੜਬੜਾ ਜਾਂਦਾ ਹੈ। ਅਸੀਂ ਇਹ ਸੋਚਣਾ ਹੀ ਬੰਦ ਕਰ ਦਿੰਦੇ ਹਾਂ ਕਿ ਸਾਡੇ ਨਾਲ ਜੋ ਹੋਰ ਲੋਕ ਇਸ ਦੁਨੀਆ ਵਿਚ ਜਿਊ ਰਹੇ ਹਨ, ਉਨ੍ਹਾਂ ਦੀ ਵੀ ਤਾਂ ਕੋਈ ਆਪਣੀ ਮਰਜ਼ੀ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡਾ ਜੀਵਨ ਸਾਡੀ ਮਰਜ਼ੀ ਮੁਤਾਬਿਕ ਹੋਵੇ ਤਾਂ ਅਸੀਂ ਦੂਜਿਆਂ ਬਾਰੇ ਅਜਿਹਾ ਕਿਉਂ ਨਹੀਂ ਚਾਹੁੰਦੇ ਕਿ ਉਨ੍ਹਾਂ ਦਾ ਜੀਵਨ ਵੀ ਉਨ੍ਹਾਂ ਦੀ ਆਪਣੀ ਮਰਜ਼ੀ ਮੁਤਾਬਿਕ ਹੋਵੇ। ਜਦੋਂ ਅਸੀਂ ਅਜਿਹਾ ਸੋਚਣਾ ਸ਼ੁਰੂ ਕਰ ਦਿੰਦੇ ਹਾਂ ਕਿ ਦੁਨੀਆ ਦੇ ਹੋਰ ਲੋਕ ਵੀ ਸਾਡੀ ਮਰਜ਼ੀ ਮੁਤਾਬਿਕ ਜਿਊਣ ਤਾਂ ਸਾਡਾ ਇਹੀ ਨਜ਼ਰੀਆ ਸਾਡੇ ਦੁੱਖਾਂ ਦਾ ਕਾਰਨ ਬਣ ਜਾਂਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੁਨੀਆ ਦਾ ਕੋਈ ਵੀ ਹੋਰ ਵਿਅਕਤੀ ਸਾਨੂੰ ਦੁਖੀ ਕਰ ਸਕਦਾ ਹੈ ? ਮੇਰੇ ਖ਼ਿਆਲ ਵਿਚ ਅਸੀਂ ਆਪਣੇ ਦੁੱਖ ਦਾ ਕਾਰਨ ਕਿਸੇ ਵਿਅਕਤੀ ਜਾਂ ਵਰਤਾਰੇ ਨੂੰ ਬਣਾ ਤਾਂ ਸਕਦੇ ਹਾਂ ਪਰ ਅਸਲ ਵਿਚ ਕੋਈ ਵੀ ਵਿਅਕਤੀ ਜਾਂ ਵਰਤਾਰਾ ਸਾਨੂੰ ਦੁਖੀ ਨਹੀਂ ਕਰ ਰਿਹਾ ਹੁੰਦਾ। ਨਿਰਸੰਦੇਹ ਆਪਣੇ ਆਪ ਨੂੰ ਦੁਖੀ ਕਰਨ ਦਾ ਕਾਰਨ ਅਸੀਂ ਖ਼ੁਦ ਹੀ ਬਣਦੇ ਹਾਂ। ਮੰਨ ਲਵੋ ਕਿ ਅਸੀਂ ਕਿਸੇ ਆਪਣੇ ਮਿੱਤਰ ਦੀ ਬਿਪਤਾ ਵਿਚ ਮਦਦ ਕੀਤੀ ਪਰ ਜਦੋਂ ਸਾਨੂੰ ਲੋੜ ਪਈ ਤਾਂ ਉਹ ਮਦਦ ਕਰਨ ਤੋਂ ਕਿਨਾਰਾ ਕਰ ਗਿਆ। ਅਜਿਹੇ ਸਮੇਂ ਵਿਚ ਸਾਡੇ ਕੋਲ ਸੋਚਣ ਲਈ ਦੋ ਤਰ੍ਹਾਂ ਦਾ ਨਜ਼ਰੀਆ ਹੋ ਸਕਦਾ ਹੈ। ਪਹਿਲਾ ਇਹ ਕਿ ਜਿਹੜਾ ਮਿੱਤਰ ਸਾਡੀ ਮਦਦ ਨਹੀਂ ਕਰ ਸਕਿਆ, ਉਸ ਦੀ ਕੋਈ ਨਾ ਕੋਈ ਮਜਬੂਰੀ ਜ਼ਰੂਰ ਹੋਵੇਗੀ, ਨਹੀਂ ਤਾਂ ਉਹ ਹਰ ਹਾਲਤ ਵਿਚ ਸਾਡੀ ਮਦਦ ਜ਼ਰੂਰ ਕਰਦਾ। ਸਾਡਾ ਦੂਜਾ ਨਜ਼ਰੀਆ ਇਹ ਵੀ ਹੋ ਸਕਦਾ ਹੈ ਕਿ ਸਬੰਧਿਤ ਦੋਸਤ ਦੋਸਤੀ ਦੇ ਯੋਗ ਹੀ ਨਹੀਂ ਸੀ, ਉਸ 'ਤੇ ਭਰੋਸਾ ਹੀ ਨਹੀਂ ਕਰਨਾ ਚਾਹੀਦਾ ਸੀ, ਅੱਜ ਕੱਲ੍ਹ ਦੇ ਸਾਰੇ ਦੇ ਸਾਰੇ ਦੋਸਤ ਹੀ ਮਤਲਬੀ ਜਾਂ ਅਕ੍ਰਿਤਘਣ ਹਨ। ਪਹਿਲੀ ਤਰ੍ਹਾਂ ਦਾ ਨਜ਼ਰੀਆ ਸਾਨੂੰ ਅਜਿਹੀਆਂ ਪ੍ਰਸਥਿਤੀਆਂ ਵਿਚ ਵੀ ਸ਼ਾਂਤ ਰੱਖਣ ਵਿਚ ਸਹਾਈ ਹੁੰਦਾ ਹੈ ਅਤੇ ਦੂਜੀ ਤਰ੍ਹਾਂ ਦਾ ਨਜ਼ਰੀਆ ਸਾਨੂੰ ਦੁਖੀ ਜਾਂ ਪਰੇਸ਼ਾਨ ਕਰਨ ਦਾ ਕਾਰਨ ਬਣਦਾ ਹੈ। ਅਕਸਰ ਹੀ ਅਜਿਹਾ ਹੁੰਦਾ ਹੈ ਕਿ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਜੇਕਰ ਕਿਸੇ ਦੀ ਕਾਰ ਜਾਂ ਸਕੂਟਰ ਸਾਡੇ ਵਾਹਨ ਨਾਲ ਥੋੜ੍ਹੀ ਜਿਹੀ ਵੀ ਟਕਰਾ ਜਾਵੇ ਤਾਂ ਅਸੀਂ ਝੱਟ ਅੱਗ-ਬਬੂਲਾ ਹੋ ਜਾਂਦੇ ਹਾਂ ਅਤੇ ਸਾਹਮਣੇ ਵਾਲੇ ਦੋਸ਼ੀ ਠਹਿਰਾ ਕੇ ਉਸ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੰਦੇ ਹਾਂ। ਅਸੀਂ ਪੱਕਾ ਫ਼ੈਸਲਾ ਕਰ ਲਿਆ ਹੋਇਆ ਹੈ ਕਿ ਸਾਡੇ ਕੋਲੋਂ ਤਾਂ ਕਦੇ ਵੀ ਕਿਸੇ ਵੀ ਹਾਲਤ ਵਿਚ ਕੋਈ ਗ਼ਲਤੀ ਹੋ ਹੀ ਨਹੀਂ ਸਕਦੀ, ਇਸ ਲਈ ਹਰ ਵਰਤਾਰੇ ਲਈ ਅਸੀਂ ਦੂਜੇ ਨੂੰ ਹੀ ਜ਼ਿੰਮੇਵਾਰ ਠਹਿਰਾਉਣਾ ਹੁੰਦਾ ਹੈ। ਗੱਲ ਤਾਂ ਸਿਰਫ਼ ਇੰਨੀ ਹੀ ਹੁੰਦੀ ਹੈ ਕਿ ਜੇਕਰ ਗ਼ਲਤੀ ਸਾਡੇ ਕੋਲੋਂ ਹੋਈ ਹੋਵੇ ਤਾਂ ਸਾਹਮਣੇ ਵਾਲੇ ਵਿਅਕਤੀ ਤੋਂ ਮਾਫ਼ੀ ਮੰਗ ਕੇ ਮਸਲਾ ਹੱਲ ਹੋ ਸਕਦਾ ਹੈ ਅਤੇ ਜੇਕਰ ਗ਼ਲਤੀ ਦੂਜੇ ਵਿਅਕਤੀ ਦੀ ਹੋਵੇ ਤਾਂ ਉਸ ਨੂੰ ਮਾਫ਼ ਕਰ ਕੇ ਗੱਲ ਨਿਬੇੜੀ ਜਾ ਸਕਦੀ ਹੈ। ਅਸੀਂ ਕਦੇ ਸੋਚਣ ਦੀ ਕੋਸ਼ਿਸ਼ ਵੀ ਨਹੀਂ ਕਰਦੇ ਕਿ ਜਦੋਂ ਅਸੀਂ ਗੁੱਸੇ ਵਿਚ ਆ ਕੇ ਕਿਸੇ ਨੂੰ ਗਾਲ੍ਹ ਕੱਢਦੇ ਹਾਂ ਤਾਂ ਅਸੀਂ ਆਪਣੇ ਆਪ ਦਾ ਕਿੰਨਾ ਨੁਕਸਾਨ ਕਰ ਬਹਿੰਦੇ ਹਾਂ। ਕਿਸੇ ਨੂੰ ਗਾਲ ਕੱਢਣ ਲਈ ਪਹਿਲਾਂ ਖ਼ੁਦ ਨੂੰ ਤੰਦੂਰ ਵਾਂਗ ਤਪਣਾ ਪੈਂਦਾ ਹੈ ਕਿਉਂਕਿ ਸਹਿਜ ਸੁਭਾਅ ਵਿਚ ਤਾਂ ਗਾਲ ਕੱਢੀ ਹੀ ਨਹੀਂ ਜਾ ਸਕਦੀ ਅਤੇ ਜੇਕਰ ਕੋਈ ਕੱਢ ਵੀ ਦੇਵੇ ਤਾਂ ਉਹ ਨਿਰਾ ਮਜ਼ਾਕ ਜਿਹਾ ਹੀ ਲੱਗਦੀ ਹੈ। ਅਸੀਂ ਦੇਖਦੇ ਹਾਂ ਕਿ ਨਸ਼ੇੜੀ ਵਿਅਕਤੀ ਨਸ਼ੇ ਕਰ-ਕਰ ਕੇ ਕਿਵੇਂ ਆਪਣੇ ਆਪ ਨੂੰ ਦੁਖੀ ਕਰ ਰਹੇ ਹਨ। ਖ਼ਤਰਨਾਕ ਤੋਂ ਖ਼ਤਰਨਾਕ ਨਸ਼ਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਆਪਣੀਆਂ ਬੇਸ਼ੁਮਾਰ ਕੋਸ਼ਿਸ਼ਾਂ ਦੇ ਬਾਵਜੂਦ ਉਹ ਇਨ੍ਹਾਂ ਨਸ਼ਿਆਂ ਦੀ ਆਦਤ ਤੋਂ ਛੁਟਕਾਰਾ ਨਹੀਂ ਪਾ ਸਕਦੇ। ਹਸਪਤਾਲਾਂ ਵਿਚ ਜਾ ਕੇ ਦੇਖਿਆ ਜਾਵੇ ਤਾਂ ਅਜਿਹੇ ਨਸ਼ੇੜੀਆਂ ਨਾਲ ਬੈੱਡ ਭਰੇ ਪਏ ਹਨ। ਡਾਕਟਰਾਂ ਦੇ ਵੱਸ ਪੈਣ ਤੋਂ ਬਾਅਦ ਉਨ੍ਹਾਂ ਵੱਲੋਂ ਲਗਾਏ ਜਾ ਰਹੇ ਟੀਕਿਆਂ ਅਤੇ ਕਰਵਾਏ ਜਾ ਰਹੇ ਟੈਸਟਾਂ ਦਾ ਸੰਤਾਪ ਉਨ੍ਹਾਂ ਨੂੰ ਹੋਰ ਦੁਖੀ ਕਰਦਾ ਹੈ। ਜੇਕਰ ਅਸੀਂ ਤੁਲਨਾਤਮਿਕ ਢੰਗ ਨਾਲ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਸਾਡੇ ਵੱਲੋਂ ਪੈਦਾ ਕੀਤਾ ਹੋਇਆ ਗੁੱਸਾ, ਕਰੋਧ, ਫ਼ਿਕਰ ਅਤੇ ਤਣਾਓ ਉਨ੍ਹਾਂ ਵੱਲੋਂ ਵਰਤੇ ਜਾਣ ਵਾਲੇ ਨਸ਼ਿਆਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਜੇਕਰ ਉਨ੍ਹਾਂ ਨੇ ਆਪਣੇ ਸਰੀਰ ਨੂੰ ਤਬਾਹ ਕਰਨ ਲਈ ਬਾਹਰੋਂ ਜ਼ਹਿਰ ਸੁੱਟਣ ਦੀ ਕੋਸ਼ਿਸ਼ ਕੀਤੀ ਹੈ ਤਾਂ ਅਸੀਂ ਆਪਣੇ ਸਰੀਰ ਨੂੰ ਤਬਾਹ ਕਰਨ ਲਈ ਸਰੀਰ ਦੇ ਅੰਦਰ ਹੀ ਜ਼ਹਿਰ ਪੈਦਾ ਕਰਨਾ ਸ਼ੁਰੂ ਕਰ ਲਿਆ ਹੈ। ਆਪਣੇ ਆਪ ਦੇ ਮਿੱਤਰ ਤਾਂ ਦੋਵੇਂ ਹੀ ਨਹੀਂ ਬਣੇ ਬਲਕਿ ਦੋਵਾਂ ਨੇ ਹੀ ਆਪਣੇ ਆਪ ਨਾਲ ਰੱਜ ਕੇ ਦੁਸ਼ਮਣੀ ਨਿਭਾਈ ਹੈ।ਜਦੋਂ ਅਸੀਂ ਸੋਚਦੇ ਹਾਂ ਕਿ ਦੁਨੀਆ ਵਿਚ ਸਾਡੇ ਆਲੇ-ਦੁਆਲੇ ਜੁੜੇ ਹੋਏ ਸਾਰੇ ਹੀ ਲੋਕ ਸਾਡੇ ਦੁਸ਼ਮਣ ਹਨ ਅਤੇ ਸਾਡੇ ਦੁੱਖਾਂ ਦਾ ਕਾਰਨ ਵੀ ਇਹੋ ਹੀ ਹਨ ਤਾਂ ਕਈ ਵਾਰ ਅਸੀਂ ਅਜਿਹਾ ਫ਼ੈਸਲਾ ਵੀ ਕਰ ਲੈਂਦੇ ਹਾਂ ਕਿ ਦੁਨੀਆ ਦੇ ਸਾਰੇ ਝੰਜਟ ਵਿੱਚੋਂ ਨਿਕਲ ਕੇ ਅਤੇ ਕਿਸੇ ਧਾਰਮਿਕ ਸਥਾਨ ਵਿਚ ਜਾ ਕੇ ਬਾਕੀ ਬਚਿਆ ਜੀਵਨ ਪਰਮਾਤਮਾ ਲੇਖੇ ਲਗਾ ਦਿੱਤਾ ਜਾਵੇ ਕਿਉਂਕਿ ਅਸੀਂ ਦੁਨਿਆਵੀ ਵਰਤਾਰੇ ਨੂੰ ਭੋਗ-ਭੋਗ ਕੇ ਬੁਰੀ ਤਰ੍ਹਾਂ ਅੱਕ ਵੀ ਚੁੱਕੇ ਹੁੰਦੇ ਹਾਂ।

# ਏਅਰ ਇੰਡੀਆ ਦੇ ਸੀਈਓ ਕੈਂਪਬੈਲ ਵਿਲਸਨ ਵੱਲੋਂ ਅਸਤੀਫ਼ਾ

ਮੁੰਬਈ, 21 ਅਪ੍ਰੈਲ (ਪ.ਪ) : ਟਾਟਾ ਸਮੂਹ ਦੀ ਮਾਲਕੀ ਵਾਲੀ ਹਵਾਬਾਜ਼ੀ ਕੰਪਨੀ ਏਅਰ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਅਤੇ ਪ੍ਰਬੰਧਕੀ ਨਿਰਦੇਸ਼ਕ (ਐਮਡੀ) ਕੈਂਪਬੈਲ ਵਿਲਸਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸੂਤਰਾਂ ਮੁਤਾਬਕ ਵਿਲਸਨ ਨੇ ਆਪਣੀ ਸੇਵਾਮੁਕਤੀ ਦੀ ਇੱਛਾ ਬੋਰਡ ਕੋਲ ਜ਼ਾਹਿਰ ਕੀਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਦਾ ਅਸਤੀਫ਼ਾ ਸਾਹਮਣੇ ਆਇਆ ਹੈ।ਜ਼ਿਕਰਯੋਗ ਹੈ ਕਿ ਵਿਲਸਨ ਨੂੰ ਜੁਲਾਈ 2022 ਵਿੱਚ ਉਸ ਵੇਲੇ ਨਿਯੁਕਤ ਕੀਤਾ ਗਿਆ ਸੀ ਜਦੋਂ ਤੁਰਕੀ ਏਅਰਲਾਈਨਜ਼ ਦੇ ਸਾਬਕਾ ਚੇਅਰਮੈਨ ਇਲਕਰ ਆਇਸੀ ਨੇ ਵਿਵਾਦਾਂ ਕਾਰਨ ਇਸ ਅਹੁਦੇ ਨੂੰ ਸੰਭਾਲਣ ਤੋਂ ਇਨਕਾਰ ਕਰ ਦਿੱਤਾ ਸੀ।ਹਾਲਾਂਕਿ ਵਿਲਸਨ ਦਾ ਪੰਜ ਸਾਲਾ ਕਾਰਜਕਾਲ 2027 ਵਿੱਚ ਖ਼ਤਮ ਹੋਣਾ ਸੀ, ਪਰ ਉਹ ਪਿਛਲੇ ਸਾਲ ਅਹਿਮਦਾਬਾਦ-ਲੰਡਨ ਉਡਾਣ ਦੇ ਹਾਦਸੇ ਤੋਂ ਬਾਅਦ ਲਗਾਤਾਰ ਨਿੰਦਿਆ ਦੇ ਘੇਰੇ ਵਿੱਚ ਸਨ। ਉਸ ਦੁਖਦਾਈ ਹਾਦਸੇ ਵਿੱਚ 241 ਲੋਕਾਂ ਦੀ ਜਾਨ ਚਲੀ ਗਈ ਸੀ। ਏਅਰ ਇੰਡੀਆ ਵੱਲੋਂ ਅਜੇ ਇਸ ਸਬੰਧੀ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ, ਪਰ ਟਾਟਾ ਸਮੂਹ ਨੇ ਨਵੇਂ ਅਹੁਦੇਦਾਰ ਦੀ ਭਾਲ ਤੇਜ਼ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਏਅਰ ਇੰਡੀਆ ਐਕਸਪ੍ਰੈਸ ਦੇ ਐਮਡੀ ਆਲੋਕ ਸਿੰਘ ਵੀ ਆਪਣਾ ਕਾਰਜਕਾਲ ਪੂਰਾ ਹੋਣ ਮਗਰੋਂ ਅਸਤੀਫ਼ਾ ਦੇ ਚੁੱਕੇ ਹਨ।

# ਅਫਗਾਨਿਸਤਾਨ 'ਚ ਕੁਦਰਤ ਦਾ ਕਹਿਰ! ਹੜ੍ਹਾਂ ਤੇ ਜ਼ਮੀਨ ਖਿਸਕਣ ਕਾਰਨ 110 ਲੋਕਾਂ ਦੀ ਮੌਤ, ਸੈਂਕੜੇ ਜ਼ਖ਼ਮੀ

ਕਾਬੁਲ, 21 ਅਪ੍ਰੈਲ (ਪ.ਪ) : ਅਫਗਾਨਿਸਤਾਨ ਵਿੱਚ ਪਿਛਲੇ 12 ਦਿਨਾਂ ਤੋਂ ਜਾਰੀ ਭਾਰੀ ਬਾਰਿਸ਼, ਹੜ੍ਹਾਂ ਅਤੇ ਜ਼ਮੀਨ ਖਿਸਕਣ ਨੇ ਭਿਆਨਕ ਤਬਾਹੀ ਮਚਾਈ ਹੈ। ਸਰਕਾਰੀ ਅਧਿਕਾਰੀਆਂ ਅਨੁਸਾਰ, ਇਸ ਕੁਦਰਤੀ ਆਫ਼ਤ ਕਾਰਨ ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਵਧ ਕੇ 110 ਹੋ ਗਈ ਹੈ, ਜਦੋਂ ਕਿ 160 ਲੋਕ ਜ਼ਖਮੀ ਹੋਏ ਹਨ। ਅਜੇ ਵੀ ਸੱਤ ਲੋਕ ਲਾਪਤਾ ਹਨ, ਜਿਨ੍ਹਾਂ ਦੇ ਹੜ੍ਹ ਦੇ ਪਾਣੀ ਵਿੱਚ ਰੁੜ੍ਹ ਜਾਣ ਦਾ ਖਦਸ਼ਾ ਹੈ।ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਮੁਤਾਬਕ ਪਿਛਲੇ 24 ਘੰਟਿਆਂ ਵਿੱਚ ਹੀ 11 ਲੋਕਾਂ ਦੀ ਮੌਤ ਹੋਈ ਹੈ। ਦੇਸ਼ ਦੇ 34 ਸੂਬਿਆਂ ਵਿੱਚੋਂ ਜ਼ਿਆਦਾਤਰ ਹਿੱਸੇ ਇਸ ਦੀ ਲਪੇਟ ਵਿੱਚ ਹਨ। ਅੰਕੜਿਆਂ ਅਨੁਸਾਰ 958 ਘਰ ਪੂਰੀ ਤਰ੍ਹਾਂ ਤਬਾਹ ਹੋ ਚੁੱਕੇ ਹਨ ਅਤੇ 4,155 ਘਰਾਂ ਨੂੰ ਅੰਸ਼ਕ ਨੁਕਸਾਨ ਪਹੁੰਚਿਆ ਹੈ। ਇਸ ਤਬਾਹੀ ਕਾਰਨ ਲਗਭਗ 6,122 ਪਰਿਵਾਰ ਪ੍ਰਭਾਵਿਤ ਹੋਏ ਹਨ।

# ਸੌਰਵ ਘੋਸ਼ਾਲ ਵਰਲਡ ਪ੍ਰੀਮੀਅਰ ਸਕੁਐਸ਼ ਲੀਗ ਦੇ ਬਣੇ ਖੇਡ ਕਮਿਸ਼ਨਰ

ਨਵੀਂ ਦਿੱਲੀ , 21 ਅਪ੍ਰੈਲ (ਪ.ਪ) : ਭਾਰਤ ਦੇ ਮਹਾਨ ਸਕੁਐਸ਼ ਖਿਡਾਰੀ ਸੌਰਵ ਘੋਸ਼ਾਲ ਨੂੰ ਇਸ ਸਾਲ ਦੇ ਅਖੀਰ ਵਿੱਚ ਸ਼ੁਰੂ ਹੋਣ ਵਾਲੀ ਵਰਲਡ ਪ੍ਰੀਮੀਅਰ ਸਕੁਐਸ਼ ਲੀਗ ਦਾ ਖੇਡ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਘੋਸ਼ਾਲ, ਜਿਨ੍ਹਾਂ ਕੋਲ ਦੋ ਦਹਾਕਿਆਂ ਤੋਂ ਵੱਧ ਦਾ ਅੰਤਰਰਾਸ਼ਟਰੀ ਤਜ਼ਰਬਾ ਹੈ, ਹੁਣ ਇਸ ਨਵੀਂ ਲੀਗ ਦੇ ਪੂਰੇ ਖੇਡ ਢਾਂਚੇ ਦੀ ਕਮਾਨ ਸੰਭਾਲਣਗੇ।ਵਰਲਡ ਪ੍ਰੀਮੀਅਰ ਸਕੁਐਸ਼ ਅਨੁਸਾਰ, ਖੇਡ ਕਮਿਸ਼ਨਰ ਵਜੋਂ ਸੌਰਵ ਘੋਸ਼ਾਲ ਲੀਗ ਦੇ ਸਮੁੱਚੇ ਖੇਡ ਫਾਰਮੈਟ, ਖਿਡਾਰੀਆਂ ਦੀ ਯੋਗਤਾ ਦੇ ਮਾਪਦੰਡ ਅਤੇ ਰੈਫਰੀ ਲਈ ਮਿਆਰ ਤੈਅ ਕਰਨ ਦੀ ਅਹਿਮ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਦੀ ਨਿਯੁਕਤੀ ਖੇਡ ਦੇ ਵਿਕਾਸ ਲਈ ਇੱਕ ਮੀਲ ਪੱਥਰ ਸਾਬਤ ਹੋ ਸਕਦੀ ਹੈ ਕਿਉਂਕਿ ਉਹ ਪਹਿਲਾਂ ਵੀ ਪ੍ਰੋਫੈਸ਼ਨਲ ਸਕੁਐਸ਼ ਐਸੋਸੀਏਸ਼ਨ ਦੇ ਪੁਰਸ਼ ਪ੍ਰਧਾਨ ਅਤੇ ਵਿਸ਼ਵ ਸਕੁਐਸ਼ ਦੇ ਸਾਂਝੇ ਖਿਡਾਰੀ ਕਮਿਸ਼ਨ ਦੇ ਸਹਿ-ਪ੍ਰਧਾਨ ਵਜੋਂ ਕੰਮ ਕਰ ਚੁੱਕੇ ਹਨ।

# ਚੇਨਈ ਸੁਪਰ ਕਿੰਗਜ਼ ਨੂੰ ਝਟਕਾ,ਤੇਜ਼ ਗੇਂਦਬਾਜ਼ ਨਾਥਨ ਐਲਿਸ ਸੱਟ ਕਾਰਨ ਪੂਰੇ ਟੂਰਨਾਮੈਂਟ ਤੋਂ ਬਾਹਰ

ਨਵੀਂ ਦਿੱਲੀ , 21 ਅਪ੍ਰੈਲ (ਪ.ਪ) : ਇੰਡੀਅਨ ਪ੍ਰੀਮੀਅਰ ਲੀਗ 2026 ਦੇ ਸ਼ੁਰੂ ਹੋਣ ਤੋਂ ਸਿਰਫ਼ 9 ਦਿਨ ਪਹਿਲਾਂ ਚੇਨਈ ਸੁਪਰ ਕਿੰਗਜ਼ ਲਈ ਬੁਰੀ ਖ਼ਬਰ ਸਾਹਮਣੇ ਆਈ ਹੈ। ਟੀਮ ਦੇ ਸਟਾਰ ਆਸਟ੍ਰੇਲੀਆਈ ਤੇਜ਼ ਗੇਂਦਬਾਜ਼ ਨਾਥਨ ਐਲਿਸ ਸੱਟ ਕਾਰਨ ਪੂਰੇ ਟੂਰਨਾਮੈਂਟ ਤੋਂ ਬਾਹਰ ਹੋ ਗਏ ਹਨ। ਪਿਛਲੇ ਸੀਜ਼ਨ ਵਿੱਚ ਅੰਤਿਮ ਸਥਾਨ @ਤੇ ਰਹਿਣ ਵਾਲੀ ਚੇਨਈ ਦੀ ਟੀਮ ਲਈ ਇਹ ਇੱਕ ਵੱਡਾ ਰਣਨੀਤਕ ਝਟਕਾ ਮੰਨਿਆ ਜਾ ਰਿਹਾ ਹੈ।ਮਿਲੀ ਜਾਣਕਾਰੀ ਅਨੁਸਾਰ, ਨਾਥਨ ਐਲਿਸ ਹੈਮਸਟ੍ਰਿੰਗ ਦੀ ਸੱਟ ਨਾਲ ਜੂਝ ਰਹੇ ਹਨ, ਜਿਸ ਕਾਰਨ ਉਹ ਟੂਰਨਾਮੈਂਟ ਸ਼ੁਰੂ ਹੋਣ ਤੱਕ ਪੂਰੀ ਤਰ੍ਹਾਂ ਫਿੱਟ ਨਹੀਂ ਹੋ ਸਕਣਗੇ। CSK ਦੇ ਸੀ.ਈ.ਓ. ਕਾਸ਼ੀ ਵਿਸ਼ਵਨਾਥਨ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਐਲਿਸ ਦਾ ਬਾਹਰ ਹੋਣਾ ਟੀਮ ਲਈ ਨੁਕਸਾਨਦੇਹ ਹੈ ਅਤੇ ਹੁਣ ਫ੍ਰੈਂਚਾਈਜ਼ੀ ਉਨ੍ਹਾਂ ਦੇ ਰਿਪਲੇਸਮੈਂਟ ਦੀ ਤਲਾਸ਼ ਵਿੱਚ ਜੁਟ ਗਈ ਹੈ।

# ਆਟੋ ਪਾਰਟਸ ਫੈਕਟਰੀ 'ਚ ਲੱਗੀ ਭਿਆਨਕ ਅੱਗ,50 ਲੋਕ ਜ਼ਖ਼ਮੀ

ਸਿਓਲ, 21 ਅਪ੍ਰੈਲ (ਪ.ਪ) :ਦੱਖਣੀ ਕੋਰੀਆ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਦੱਖਣੀ ਕੋਰੀਆ ਦੇ ਕੇਂਦਰੀ ਸ਼ਹਿਰ ਡੇਜੇਓਨ ਵਿੱਚ ਇੱਕ ਆਟੋ ਪਾਰਟਸ ਫੈਕਟਰੀ ਵਿੱਚ ਅੱਗ ਲੱਗਣ ਨਾਲ ਘੱਟੋ-ਘੱਟ 50 ਲੋਕ ਜ਼ਖਮੀ ਹੋ ਗਏ ਹਨ। ਅਧਿਕਾਰੀਆਂ ਨੇ ਇਸ ਸਬੰਧੀ ਜਾਣਕਾਰੀ ਦਿੱਤੀ।ਨੈਸ਼ਨਲ ਫਾਇਰ ਏਜੰਸੀ ਨੇ ਕਿਹਾ ਕਿ 35 ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਹਨ ਪਰ ਤੁਰੰਤ ਪੁਸ਼ਟੀ ਨਹੀਂ ਕਰ ਸਕੇ ਕਿ ਕੀ ਕਿਸੇ ਦੀ ਜਾਨ ਨੂੰ ਖਤਰਾ ਹੈ।ਘਟਨਾ ਸਥਾਨ ਤੋਂ ਵੀਡੀਓ ਵਿੱਚ ਕੰਪਲੈਕਸ ਵਿੱਚੋਂ ਸੰਘਣਾ ਧੂੰਆਂ ਨਿਕਲਦਾ ਦਿਖਾਈ ਦੇ ਰਿਹਾ ਹੈ।ਏਜੰਸੀ ਨੇ ਕਿਹਾ ਕਿ ਅੱਗ ਬੁਝਾਉਣ ਲਈ 200 ਤੋਂ ਵੱਧ ਫਾਇਰਫਾਈਟਰ ਅਤੇ 70 ਵਾਹਨ ਤਾਇਨਾਤ ਕੀਤੇ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਅੱਗ ਇੰਨੀ ਭਿਆਨਕ ਹੈ ਕਿ ਇਸ ਨੇ ਫੈਕਟਰੀ ਦੇ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ।ਇਹ ਤੁਰੰਤ ਸਪੱਸ਼ਟ ਨਹੀਂ ਹੋ ਸਕਿਆ ਕਿ ਫੈਕਟਰੀ ਦੇ ਅੰਦਰ ਕਿੰਨੇ ਕਰਮਚਾਰੀ ਫਸੇ ਹੋਏ ਹਨ ਅਤੇ ਏਜੰਸੀ ਨੇ ਚੇਤਾਵਨੀ ਦਿੱਤੀ ਹੈ ਕਿ ਜ਼ਖਮੀਆਂ ਦੀ ਗਿਣਤੀ ਵੱਧ ਸਕਦੀ ਹੈ।

# ਕੈਨੇਡਾ ਦੇ ਇਤਿਹਾਸ 'ਚ ਪਹਿਲੀ ਵਾਰ ਵਾਪਰਿਆ ਅਜਿਹਾ ਭਾਣਾ

ਵੈਨਕੂਵਰ, 21 ਅਪ੍ਰੈਲ (ਪ.ਪ) : ਕੈਨੇਡਾ ਦੀ ਆਬਾਦੀ ਵਿੱਚ ਗਿਰਾਵਟ ਆਉਣੀ ਦਰਜ ਕੀਤੀ ਗਈ ਹੈ, ਜੋ ਕਿ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਵਾਪਰਿਆ ਮਾਮਲਾ ਹੈ। ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਤਾਜ਼ਾ ਅੰਕੜਿਆਂ ਅਨੁਸਾਰ ਇਹ ਪਹਿਲਾ ਮੌਕਾ ਹੈ ਜਦੋਂ ਇੱਕ ਸਾਲ ਦੇ ਅੰਦਰ ਆਬਾਦੀ ਵਿੱਚ ਨੈੱਟ ਘਟਾਓ ਦਰਜ ਕੀਤਾ ਗਿਆ ਹੈ।ਜਾਣਕਾਰੀ ਮੁਤਾਬਕ ਕੈਨੇਡਾ ਵਿੱਚ ਆਬਾਦੀ ਦੀ ਇਹ ਕਮੀ ਕਨਫੈਡਰੇਸ਼ਨ ਤੋਂ ਬਾਅਦ ਪਹਿਲੀ ਵਾਰ ਸਾਹਮਣੇ ਆਈ ਹੈ, ਜਿਸ ਨਾਲ ਮਾਹਿਰਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ। ਇਹ ਤਬਦੀਲੀ ਦੇਸ਼ ਦੀ ਆਰਥਿਕਤਾ, ਮਜ਼ਦੂਰੀ ਬਾਜ਼ਾਰ ਅਤੇ ਇਮੀਗ੍ਰੇਸ਼ਨ ਨੀਤੀਆਂ 'ਤੇ ਵੀ ਅਸਰ ਪਾ ਸਕਦੀ ਹੈ। ਸਟੈਟਿਸਟਿਕਸ ਕੈਨੇਡਾ ਦੇ ਤਿਮਾਹੀ ਅੰਦਾਜ਼ਿਆਂ ਮੁਤਾਬਕ ਆਬਾਦੀ ਵਿੱਚ ਆਈ ਇਹ ਕਮੀ ਕਈ ਕਾਰਨਾਂ ਨਾਲ ਜੁੜੀ ਹੋ ਸਕਦੀ ਹੈ, ਜਿਸ ਵਿੱਚ ਇਮੀਗ੍ਰੇਸ਼ਨ ਨੀਤੀਆਂ ਵਿੱਚ ਤਬਦੀਲੀ, ਜਨਮ ਦਰਾਂ ਵਿੱਚ ਕਮੀ ਅਤੇ ਕੁਝ ਹੱਦ ਤੱਕ ਦੇਸ਼ ਛੱਡ ਕੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਹੋਣਾ ਵੀ ਸ਼ਾਮਲ ਹੈ।

# ਕੈਂਚੀ ਧਾਮ ਜਾ ਰਹੇ ਸ਼ਰਧਾਲੂਆਂ ਦੀ ਕਾਰ ਖੱਡ 'ਚ ਡਿੱਗੀ

ਨੈਨੀਤਾਲ, 21 ਅਪ੍ਰੈਲ (ਪ.ਪ) : ਉੱਤਰਾਖੰਡ ਦੇ ਨੈਨੀਤਾਲ ਜ਼ਿਲ੍ਹੇ 'ਚ ਅਲਮੋੜਾ ਮਾਰਗ @ਤੇ ਵੀਰਵਾਰ ਨੂੰ ਇਕ ਸੜਕ ਹਾਦਸੇ 'ਚ ਤਿੰਨ ਔਰਤਾਂ ਦੀ ਮੌਤ ਹੋ ਗਈ, ਜਦੋਂਕਿ ਛੇ ਹੋਰ ਜ਼ਖ਼ਮੀ ਹੋ ਗਏ। ਇਹ ਸਾਰੇ ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲ੍ਹੇ ਦੇ ਵਸਨੀਕ ਸਨ ਅਤੇ ਕੈਂਚੀ ਧਾਮ ਦੇ ਦਰਸ਼ਨਾਂ ਲਈ ਜਾ ਰਹੇ ਸਨ। ਇਸੇ ਦੌਰਾਨ ਭਵਾਲੀ ਤੋਂ ਅੱਗੇ ਉਨ੍ਹਾਂ ਦੀ ਸਕਾਰਪੀਓ ਕਾਰ ਕ੍ਰੈਸ਼ ਬੈਰੀਅਰ ਤੋੜ ਕੇ ਖੱਡ 'ਚ ਜਾ ਡਿੱਗੀ। ਰਾਜ ਆਫ਼ਤ ਰਿਸਪਾਂਸ ਬਲ ਦੇ ਕਮਾਂਡੈਂਟ ਅਰਪਣ ਯਦੂਵੰਸ਼ੀ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਸਵੇਰੇ ਲਗਭਗ 09:46 ਵਜੇ ਮਿਲੀ। SDRF ਟੀਮ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਤੁਰੰਤ 6 ਜ਼ਖ਼ਮੀਆਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ ਅਤੇ ਤਿੰਨ ਮ੍ਰਿਤਕਾਂ ਦੇਹਾਂ ਨੂੰ ਸਥਾਨਕ ਪੁਲਸ ਦੇ ਹਵਾਲੇ ਕੀਤਾ।

# ਰਾਸ਼ਟਰਪਤੀ ਵੱਲੋਂ ਭਾਰਤੀ ਰੇਲਵੇ ਦੇ ਪ੍ਰੋਬੇਸ਼ਨਰੀ ਅਧਿਕਾਰੀਆਂ ਅਤੇ ਕੇਂਦਰੀ ਇੰਜੀਨੀਅਰਿੰਗ ਸੇਵਾ ਦੇ ਅਧਿਕਾਰੀਆਂ ਦੇ ਸੱਦੇ 'ਤੇ ਸਮਾਗਮ 'ਚ ਸ਼ਿਰਕਤ

ਨਵੀਂ ਦਿੱਲੀ, 21 ਅਪ੍ਰੈਲ (ਪ.ਪ) : ਭਾਰਤੀ ਰੇਲਵੇ ਦੇ ਪਿਆਰੇ ਪ੍ਰੋਬੇਸ਼ਨਰ ਅਤੇ ਕੇਂਦਰੀ ਇੰਜੀਨੀਅਰਿੰਗ ਸੇਵਾ (ਸੜਕਾਂ) ਦੇ ਸਹਾਇਕ ਕਾਰਜਕਾਰੀ ਇੰਜੀਨੀਅਰ, ਪ੍ਰਤੀ ਸੇਵਾਵਾਂ ਵਿੱਚ ਤੁਹਾਡੀ ਚੋਣ 'ਤੇ ਤੁਹਾਡੇ ਵਿੱਚੋਂ ਹਰੇਕ ਨੂੰ ਮੇਰੀਆਂ ਦਿਲੋਂ ਵਧਾਈਆਂ। ਇਹ ਪ੍ਰਾਪਤੀ ਤੁਹਾਡੀ ਲਗਨ, ਅਨੁਸ਼ਾਸਨ ਅਤੇ ਦ੍ਰਿੜਤਾ ਨੂੰ ਦਰਸਾਉਂਦੀ ਹੈ। ਤੁਹਾਨੂੰ ਰਾਸ਼ਟਰ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਹ ਜ਼ਿੰਮੇਵਾਰੀ ਤੁਹਾਨੂੰ ਅਣਗਿਣਤ ਨਾਗਰਿਕਾਂ ਦੇ ਜੀਵਨ ਵਿੱਚ ਇੱਕ ਅਰਥਪੂਰਨ ਫਰਕ ਲਿਆਉਣ ਦਾ ਮੌਕਾ ਦਿੰਦੀ ਹੈ। ਤੁਸੀਂ ਭਾਰਤ ਦੀ ਵਿਕਾਸ ਕਹਾਣੀ ਦੇ ਇੱਕ ਨਿਰਣਾਇਕ ਪਲ 'ਤੇ ਜਨਤਕ ਸੇਵਾ ਵਿੱਚ ਸ਼ਾਮਲ ਹੋਏ ਹੋ। ਰਾਸ਼ਟਰ ਵਿਕਾਸ ਭਾਰਤ ਬਣਾਉਣ ਦੇ ਸਮੂਹਿਕ ਸੰਕਲਪ ਨਾਲ ਅੱਗੇ ਵਧ ਰਿਹਾ ਹੈ। ਭਾਰਤੀ ਰੇਲਵੇ ਅਤੇ ਕੇਂਦਰੀ ਇੰਜੀਨੀਅਰਿੰਗ ਸੇਵਾ (ਸੜਕਾਂ) ਦੇ ਨੌਜਵਾਨ ਅਧਿਕਾਰੀਆਂ ਦੇ ਰੂਪ ਵਿੱਚ, ਤੁਸੀਂ ਅਜਿਹੀਆਂ ਭੂਮਿਕਾਵਾਂ ਵਿੱਚ ਕਦਮ ਰੱਖ ਰਹੇ ਹੋ ਜੋ ਲੱਖਾਂ ਨਾਗਰਿਕਾਂ ਦੇ ਜੀਵਨ ਨੂੰ ਸਿੱਧੇ ਤੌਰ 'ਤੇ ਪ੍ਰਭਾਵਤ ਕਰਦੀਆਂ ਹਨ। ਤੁਹਾਡੇ ਫੈਸਲਿਆਂ ਅਤੇ ਕਾਰਵਾਈਆਂ ਦਾ ਨਾਗਰਿਕਾਂ ਦੇ ਜੀਵਨ ਦੀ ਗੁਣਵੱਤਾ 'ਤੇ ਸਿੱਧਾ ਅਤੇ ਸਥਾਈ ਪ੍ਰਭਾਵ ਪਵੇਗਾ। ਬੁਨਿਆਦੀ ਢਾਂਚਾ ਉਹ ਨੀਂਹ ਹੈ ਜਿਸ 'ਤੇ ਆਧੁਨਿਕ ਰਾਸ਼ਟਰਾਂ ਦਾ ਨਿਰਮਾਣ ਹੁੰਦਾ ਹੈ। ਰੇਲਵੇ ਅਤੇ ਹਾਈਵੇਅ ਸਿਰਫ਼ ਆਵਾਜਾਈ ਦੇ ਸਿਸਟਮ ਨਹੀਂ ਹਨ; ਇਹ ਆਰਥਿਕ ਵਿਸਥਾਰ, ਸਮਾਜਿਕ ਸ਼ਮੂਲੀਅਤ ਅਤੇ ਰਾਸ਼ਟਰੀ ਏਕੀਕਰਨ ਦੇ ਸਾਧਨ ਹਨ। ਜਦੋਂ ਕੋਈ ਰੇਲਗੱਡੀ ਕਿਸੇ ਦੂਰ-ਦੁਰਾਡੇ ਪਿੰਡ



ਤੱਕ ਪਹੁੰਚਦੀ ਹੈ ਜਾਂ ਇੱਕ ਹਾਈਵੇਅ ਕਿਸੇ ਦੂਰ-ਦੁਰਾਡੇ ਖੇਤਰ ਨੂੰ ਜੋੜਦਾ ਹੈ, ਤਾਂ ਇਹ ਅਜਿਹੇ ਖੇਤਰਾਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਬਹੁਤ ਸਾਰੇ ਮੌਕੇ ਖੋਲ੍ਹਦਾ ਹੈ। ਭਾਰਤੀ ਰੇਲਵੇ ਕੋਲ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਗੁੰਝਲਦਾਰ ਨੈੱਟਵਰਕਾਂ ਵਿੱਚੋਂ ਇੱਕ ਹੈ, ਜੋ ਨਾ ਸਿਰਫ਼ ਯਾਤਰੀਆਂ ਅਤੇ ਸਾਮਾਨ ਨੂੰ ਲੈ ਕੇ ਜਾਂਦਾ ਹੈ, ਸਗੋਂ ਲੱਖਾਂ ਲੋਕਾਂ ਦੀਆਂ ਇੱਛਾਵਾਂ ਨੂੰ ਵੀ ਲੈ ਕੇ ਜਾਂਦਾ ਹੈ। ਇਸ ਪ੍ਰਣਾਲੀ ਦਾ ਪ੍ਰਬੰਧਨ ਕਰਨ ਲਈ ਤੁਹਾਨੂੰ ਸਿਰਫ਼ ਤਕਨੀਕੀ ਹੁਨਰ ਦੀ ਹੀ ਨਹੀਂ ਸਗੋਂ ਇਮਾਨਦਾਰੀ, ਹਮਦਰਦੀ ਅਤੇ ਜਵਾਬਦੇਹੀ ਦੀ ਡੂੰਘੀ ਭਾਵਨਾ ਦੀ ਲੋੜ ਹੋਵੇਗੀ। ਤੁਹਾਨੂੰ ਹਮੇਸ਼ਾ ਯਾਤਰੀਆਂ ਦੀ ਸੁਰੱਖਿਆ, ਆਰਾਮ ਅਤੇ ਸਨਮਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲੇ ਲੈਣੇ ਚਾਹੀਦੇ ਹਨ। ਜਿਵੇਂ-ਜਿਵੇਂ ਤੁਸੀਂ ਅੱਗੇ ਵਧਦੇ ਹੋ, ਮੈਂ ਤੁਹਾਨੂੰ ਜਨਤਕ ਸੇਵਾ ਦੇ ਮੁੱਲਾਂ ਜਿਵੇਂ ਕਿ ਇਮਾਨਦਾਰੀ, ਜਵਾਬਦੇਹੀ ਅਤੇ ਉੱਤਮਤਾ ਪ੍ਰਤੀ ਵਚਨਬੱਧਤਾ ਨੂੰ ਬਰਕਰਾਰ ਰੱਖਣ ਦੀ ਤਾਕੀਦ ਕਰਦਾ ਹਾਂ। ਚੁਣੌਤੀਆਂ ਅਤੇ ਮੁਸ਼ਕਲ ਫੈਸਲਿਆਂ ਦੇ ਪਲ ਆਉਣਗੇ। ਉਨ੍ਹਾਂ ਪਲਾਂ ਵਿੱਚ, ਆਪਣੇ ਮੁੱਲਾਂ ਨੂੰ ਤੁਹਾਡਾ ਮਾਰਗਦਰਸ਼ਨ ਕਰਨ ਦਿਓ। ਤੁਹਾਨੂੰ ਹਮੇਸ਼ਾ ਉਤਸੁਕ ਰਹਿਣਾ ਚਾਹੀਦਾ ਹੈ, ਸਿੱਖਦੇ ਰਹਿਣਾ ਚਾਹੀਦਾ ਹੈ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਤੁਹਾਡੇ ਦੁਆਰਾ ਕੀਤੇ ਗਏ ਵਿਕਲਪ, ਤੁਹਾਡੇ ਦੁਆਰਾ ਨਿਰਧਾਰਤ ਕੀਤੇ ਗਏ ਮਾਪਦੰਡ ਅਤੇ ਤੁਹਾਡੇ ਦੁਆਰਾ ਦਿਖਾਇਆ ਗਿਆ ਸਮਰਪਣ ਇੱਕ ਸਥਾਈ ਪ੍ਰਭਾਵ ਛੱਡੇਗਾ। ਤੁਸੀਂ ਸਿਰਫ਼ ਪ੍ਰਸ਼ਾਸਕ ਨਹੀਂ ਹੋ, ਸਗੋਂ ਤਰੱਕੀ ਦੇ ਸਮਰਥਕ ਅਤੇ ਜਨਤਕ ਵਿਸ਼ਵਾਸ ਦੇ ਰਖਵਾਲੇ ਹੋ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਰਾਸ਼ਟਰ ਦੀਆਂ ਉਮੀਦਾਂ @ਤੇ ਖਰੇ ਉਤਰੋਗੇ ਅਤੇ ਆਪਣੇ ਪਰਿਵਾਰਾਂ, ਆਪਣੀ ਸੇਵਾ ਅਤੇ ਦੇਸ਼ ਨੂੰ ਮਾਣ ਦਿਵਾਓਗੇ।

# ਤਹਿਰਾਨ ਰਣਨੀਤਕ ਹੋਰਮੁਜ਼ ਜਲਡਮਰੂ ਦਾ ਕੰਟਰੋਲ ਕਦੇ ਵੀ ਨਹੀਂ ਛੱਡੇਗਾ : ਈਰਾਨੀ ਸੰਸਦ ਮੈਂਬਰ

ਤਹਿਰਾਨ (ਈਰਾਨ), 21 ਅਪ੍ਰੈਲ (ਪ.ਪ) : ਈਰਾਨ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਰਣਨੀਤਕ



ਹੋਰਮੁਜ਼ ਜਲਡਮਰੂ ਉੱਤੇ ਆਪਣਾ ਅਧਿਕਾਰ ਕਦੇ ਨਹੀਂ ਛੱਡੇਗਾ।ਈਰਾਨ ਦੇ ਸਰਕਾਰੀ ਮੀਡੀਆ ਪ੍ਰੈਸ ਟੀਵੀ ਦੀ ਇਕ ਰਿਪੋਰਟ ਦੇ ਅਨੁਸਾਰ, ਸੰਸਦ ਦੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਕਮੇਟੀ ਦੇ ਚੇਅਰਮੈਨ ਇਬਰਾਹਿਮ ਅਜ਼ੀਜ਼ੀ ਨੇ ਕਿਹਾ ਕਿ ਮਹੱਤਵਪੂਰਨ ਗਲਿਆਰਾ ਇਸਲਾਮੀ ਗਣਰਾਜ ਦੇ ਵਿਆਪਕ ਨਿਯੰਤਰਣ ਅਧੀਨ ਰਹੇਗਾ।ਆਈਆਰਜੀਸੀ ਦੇ ਸਾਬਕਾ ਕਮਾਂਡਰ ਅਜ਼ੀਜ਼ੀ ਨੇ ਤਹਿਰਾਨ ਵਿਚ ਇਕ ਇੰਟਰਵਿਊ ਦੌਰਾਨ ਇਹ ਟਿੱਪਣੀਆਂ ਕੀਤੀਆਂ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਪ੍ਰਸ਼ਾਸਨ ਕਦੇ ਵੀ ਆਪਣੀ ਪਕੜ ਛੱਡਣ ਬਾਰੇ ਵਿਚਾਰ ਕਰੇਗਾ, ਤਾਂ ਉਨ੍ਹਾਂ ਨੇ ਜਵਾਬ ਦਿੱਤਾ, ÷ਕਦੇ ਨਹੀਂ,÷ ਅਤੇ ਕਿਹਾ ਕਿ ਅਜਿਹਾ ਅਧਿਕਾਰ ਇਕ ÷ਅਟੱਲ ਅਧਿਕਾਰ÷ ਹੈ।ਸੀਨੀਅਰ ਕਾਨੂੰਨਸਾਜ਼ ਨੇ ਅੱਗੇ ਕਿਹਾ ਕਿ ਤਹਿਰਾਨ ਰਾਹਤ ਦੇ ਅਧਿਕਾਰ ਨੂੰ ਨਿਰਧਾਰਤ ਕਰਨ ਦਾ ਇਰਾਦਾ ਰੱਖਦਾ ਹੈ, ਜਿਸ ਵਿਚ ÷ਜਹਾਜ਼ਾਂ ਨੂੰ ਜਲਡਮਰੂ ਵਿਚੋਂ ਲੰਘਣ ਦੀ ਇਜਾਜ਼ਤ÷ ਜਾਰੀ ਕਰਨਾ ਸ਼ਾਮਿਲ ਹੈ।

# ਸਿਰਫ਼ ਸਬਜ਼ੀ ਨਹੀਂ, ਸਿਹਤ ਦਾ ਖ਼ਜ਼ਾਨਾ ਹੈ ਲੌਕੀ!

ਅਸੀਂ ਅਕਸਰ ਲੌਕੀ ਦੀ ਸਬਜ਼ੀ ਦੇਖ ਕੇ ਨੱਕ-ਮੂੰਹ ਚੜ੍ਹਾ ਲੈਂਦੇ ਹਾਂ ਪਰ ਜੇਕਰ ਤੁਸੀਂ ਇਸ ਦੇ ਫਾਇਦੇ ਜਾਣ ਲਵੋਗੇ, ਤਾਂ ਇਸ ਨੂੰ ਅੱਜ ਹੀ ਆਪਣੀ



ਡਾਈਟ ਦਾ ਹਿੱਸਾ ਬਣਾ ਲਵੋਗੇ। ਆਯੁਰਵੇਦ 'ਚ ਲੌਕੀ ਨੂੰ ਇਕ ਬਹੁਤ ਹੀ ਗੁਣਕਾਰੀ ਸਬਜ਼ੀ ਮੰਨਿਆ ਗਿਆ ਹੈ। ਇਹ ਨਾ ਸਿਰਫ਼ ਪਚਣ 'ਚ ਸੌਖੀ ਹੈ, ਸਗੋਂ ਕਈ ਗੰਭੀਰ ਬੀਮਾਰੀਆਂ ਨੂੰ ਜੜ੍ਹੋਂ ਖ਼ਤਮ ਕਰਨ ਦੀ ਤਾਕਤ ਰੱਖਦੀ ਹੈ।

**ਤੇਜ਼ੀ ਨਾਲ ਘਟਾਉਂਦੀ ਹੈ ਭਾਰ :** ਜੇਕਰ ਤੁਸੀਂ ਵਧਦੇ ਭਾਰ ਤੋਂ ਪਰੇਸ਼ਾਨ ਹੋ, ਤਾਂ ਲੌਕੀ ਤੁਹਾਡੀ ਸਭ ਤੋਂ ਵਧੀਆ ਦੋਸਤ ਹੈ। ਇਸ 'ਚ ਫਾਈਬਰ ਦੀ ਮਾਤਰਾ ਜ਼ਿਆਦਾ ਅਤੇ ਕੈਲੋਰੀ ਬਹੁਤ ਘੱਟ ਹੁੰਦੀ ਹੈ। ਇਸ ਦਾ ਜੂਸ ਪੀਣ ਨਾਲ ਲੰਬੇ ਸਮੇਂ ਤੱਕ ਭੁੱਖ ਨਹੀਂ ਲੱਗਦੀ, ਜਿਸ ਨਾਲ ਚਰਬੀ ਤੇਜ਼ੀ ਨਾਲ ਘਟਦੀ ਹੈ।

**ਦਿਲ ਲਈ ਹੈ ਵਰਦਾਨ:** ਲੌਕੀ ਦਾ ਸੇਵਨ ਬਲੱਡ ਪ੍ਰੈਸ਼ਰ ਨੂੰ ਕੰਟਰੋਲ 'ਚ ਰੱਖਦਾ ਹੈ। ਇਹ ਸਰੀਰ 'ਚੋਂ ਬੁਰੇ ਕੋਲੈਸਟ੍ਰੋਲ ਨੂੰ ਘਟਾ ਕੇ ਦਿਲ ਦੀਆਂ ਨਾੜੀਆਂ ਨੂੰ ਸਾਫ਼ ਰੱਖਦੀ ਹੈ, ਜਿਸ ਨਾਲ ਹਾਰਟ ਅਟੈਕ ਵਰਗੇ ਖ਼ਤਰੇ ਘੱਟ ਜਾਂਦੇ ਹਨ।

**ਪਾਚਨ ਤੰਤਰ ਨੂੰ ਰੱਖੇ ਫਿੱਟ :** ਲੌਕੀ 'ਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜੋ ਪੇਟ ਨੂੰ ਠੰਡਾ ਰੱਖਦੀ ਹੈ। ਕਬਜ਼, ਐਸੀਡਿਟੀ ਅਤੇ ਗੈਸ ਵਰਗੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਲੌਕੀ ਦੀ ਸਬਜ਼ੀ ਜਾਂ ਜੂਸ ਰਾਮਬਾਣ ਇਲਾਜ ਹੈ।

**ਚਿਹਰੇ 'ਤੇ ਲਿਆਉਂਦੀ ਹੈ ਕੁਦਰਤੀ ਨਿਖਾਰ :** ਲੌਕੀ ਸਰੀਰ ਦੇ ਅੰਦਰੂਨੀ ਸਿਸਟਮ ਨੂੰ ਡਿਟੌਕਸ (ਸਫ਼ਾਈ) ਕਰਦੀ ਹੈ। ਇਸ ਦੇ ਨਿਯਮਤ ਸੇਵਨ ਨਾਲ ਕਿੱਲ-ਮੁਹਾਸੇ ਦੂਰ ਹੁੰਦੇ ਹਨ ਅਤੇ ਚਿਹਰੇ 'ਤੇ ਕੁਦਰਤੀ ਚਮਕ ਆਉਂਦੀ ਹੈ।

**ਤਣਾਅ ਨੂੰ ਕਰਦੀ ਹੈ ਘੱਟ :** ਲੌਕੀ 'ਚ ਅਜਿਹੇ ਤੱਤ ਹੁੰਦੇ ਹਨ ਜੋ ਦਿਮਾਗ ਨੂੰ ਸ਼ਾਂਤ ਰੱਖਣ 'ਚ ਮਦਦ ਕਰਦੇ ਹਨ। ਇਸ ਦੇ ਸੇਵਨ ਨਾਲ ਮਾਨਸਿਕ ਤਣਾਅ ਘੱਟ ਹੁੰਦਾ ਹੈ ਅਤੇ ਨੀਂਦ ਵੀ ਵਧੀਆ ਆਉਂਦੀ ਹੈ।

# ਆਸਟਰੇਲੀਆ 'ਚ ਪੰਜਾਬੀ ਨੌਜਵਾਨ ਕਰੋੜਾਂ ਰੁਪਏ ਦੀ ਚੋਰੀ ਦੇ ਇਲਜ਼ਾਮ 'ਚ ਗ੍ਰਿਫ਼ਤਾਰ

ਸਿਡਨੀ , 21 ਅਪ੍ਰੈਲ (ਪ.ਪ) : ਆਸਟ੍ਰੇਲੀਆ ਵਿੱਚ ਵੀਜ਼ਾ ਖ਼ਤਮ ਹੋਣ ਤੋਂ ਬਾਅਦ ਪੰਜਾਬੀ ਨੌਜਵਾਨ ਚੋਰੀ ਕਰਨ ਲੱਗ ਪਿਆ । ਉਸ ਨੇ ਇੱਕ-ਦੋ ਨਹੀਂ, ਬਲਕਿ 68 ਵਾਰ ਚੋਰੀ ਕਰ ਲਈ। ਹੁਣ ਆਸਟ੍ਰੇਲੀਆ ਦੀ ਵਿਕਟੋਰੀਆ ਪੁਲਿਸ ਨੇ ਉਸ ਨੂੰ ਇੱਕ ਕਰੋੜ ਰੁਪਏ ਦੇ ਸਾਮਾਨ ਚੋਰੀ ਕਰਨ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਜਾਂਚ ਵਿੱਚ ਪਤਾ ਲੱਗਾ ਕਿ ਉਸ ਉੱਤੇ 87 ਕੇਸ ਦਰਜ ਹੋ ਚੁੱਕੇ ਹਨ । ਮੁਲਜ਼ਮ ਨੌਜਵਾਨ ਪਿਛਲੇ 6 ਮਹੀਨਿਆਂ ਤੋਂ ਚੋਰੀ ਕਰ ਰਿਹਾ ਸੀ । ਉਸ ਨੇ ਸੁਪਰ ਮਾਰਕੀਟ ਸਟੋਰਾਂ ਤੋਂ ਇਲੈਕਟ੍ਰਿਕ ਟੂਥਬਰੱਸ਼ ਤੋਂ ਲੈ ਕੇ ਰੇਜ਼ਰ, ਵਿਟਾਮਿਨ ਅਤੇ ਸਕਿਨਕੇਅਰ ਦੇ ਪ੍ਰੋਡਕਟ ਚੋਰੀ ਕੀਤੇ ਅਤੇ ਫਿਰ ਉਨ੍ਹਾਂ ਨੂੰ ਬਲੈਕ ਮਾਰਕੀਟ ਵਿੱਚ ਵੇਚ ਦਿੱਤਾ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜਿਸ ਗੈਂਗ ਨਾਲ ਉਹ ਜੁੜਿਆ ਹੋਇਆ ਸੀ, ਉਸ ਦੇ 31 ਲੋਕ ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ । ਵਿਕਟੋਰੀਆ ਪੁਲਿਸ ਨੇ ਇਸ ਨੂੰ @ਆਪਰੇਸ਼ਨ ਸੁਪਰਨੋਵਾ@ ਦਾ ਨਾਮ ਦਿੱਤਾ ਹੈ। ਇਸ ਨੂੰ ਚੋਰੀ ਨਾਲ ਸਬੰਧਤ ਚਲਾਏ ਗਏ ਸਭ ਤੋਂ ਵੱਡੇ ਆਪਰੇਸ਼ਨ ਵਜੋਂ ਮੰਨਿਆ ਜਾ ਰਿਹਾ ਹੈ। ਵਿਕਟੋਰੀਆ ਪੁਲਿਸ ਅਨੁਸਾਰ ਨੌਜਵਾਨ ਦੀ ਉਮਰ 39 ਸਾਲ ਹੈ । ਉਹ ਸਟੱਡੀ ਵੀਜ਼ਾ 'ਤੇ ਵਿਦਿਆਰਥੀ ਬਣ ਕੇ ਭਾਰਤ ਤੋਂ ਆਸਟ੍ਰੇਲੀਆ ਆਇਆ ਸੀ । ਜਦੋਂ ਉਸ ਦਾ ਵੀਜ਼ਾ ਖਤਮ ਹੋ ਗਿਆ ਤਾਂ ਭਾਰਤ ਵਾਪਸ ਜਾਣ ਦੀ ਬਜਾਏ ਉਹ ਆਸਟ੍ਰੇਲੀਆ ਵਿੱਚ ਹੀ ਛੁਪ ਕੇ ਰਹਿਣ ਲੱਗ ਪਿਆ। ਉਹ ਦਿਨ ਵੇਲੇ ਲੁਕਿਆ ਰਹਿੰਦਾ ਅਤੇ ਰਾਤ ਨੂੰ ਚੋਰੀ ਕਰਨ ਲਈ ਨਿਕਲਦਾ ਸੀ। ਚੋਰੀ ਕਰਨ ਤੋਂ ਬਾਅਦ



ਉਹ ਫਿਰ ਲੁਕ ਜਾਂਦਾ ਸੀ । ਚੋਰੀ ਲਈ ਉਹ ਇੱਕ ਗੈਂਗ ਨਾਲ ਵੀ ਜੁੜ ਗਿਆ ਤਾਂ ਕਿ ਚੋਰੀ ਦਾ ਮਾਲ ਵੇਚਣ ਵਿੱਚ ਕੋਈ ਔਖ ਨਾ ਆਵੇ। ਉਥੇ ਹੀ ਜੇਕਰ ਚੋਰੀ ਕਰਦਿਆਂ ਫਸ ਜਾਵੇ ਤਾਂ ਗੈਂਗ ਉਸ ਨੂੰ ਬਚਾ ਸਕੇ।ਵਿਕਟੋਰੀਆ ਪੁਲਿਸ ਅਨੁਸਾਰ ਉਨ੍ਹਾਂ ਨੂੰ ਇੱਕ ਚੋਰ ਨੈਟਵਰਕ ਦੇ ਐਕਟਿਵ ਹੋਣ ਬਾਰੇ ਖ਼ਬਰ ਮਿਲੀ ਸੀ । ਜੋ ਲਗਾਤਾਰ ਸਾਮਾਨ ਚੋਰੀ ਕਰਕੇ ਉਸ ਨੂੰ ਅੱਗੇ ਵੇਚ ਰਿਹਾ ਸੀ। ਉਨ੍ਹਾਂ ਨੂੰ ਫੜਨ ਲਈ ਆਪਰੇਸ਼ਨ ਚਲਾਇਆ ਗਿਆ। ਜਿਸ ਵਿੱਚ 30 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਤੋਂ ਪੁੱਛਗਿੱਛ ਵਿੱਚ ਪਤਾ ਲੱਗਾ ਕਿ ਇਹ ਪੂਰਾ ਨੈਟਵਰਕ ਹੈ। ਜਿਸ ਵਿੱਚ ਕਈ ਮੁਲਜ਼ਮ ਜੁੜੇ ਹੋਏ ਹਨ । ਇਹ ਨੈਟਵਰਕ ਸਾਮਾਨ ਚੁਰਾਉਣ ਤੋਂ ਬਾਅਦ ਉਸ ਨੂੰ ਬਲੈਕ ਮਾਰਕੀਟ ਵਿੱਚ ਵੇਚ ਕੇ ਮੋਟਾ ਪੈਸਾ ਕਮਾਉਂਦਾ ਸੀ । ਪੁਲਿਸ ਇੱਕ ਸਾਲ ਤੋਂ ਇਸ ਨੈਟਵਰਕ ਦੇ ਪਿੱਛੇ ਲੱਗੀ ਹੋਈ ਸੀ।

# ਇਰਾਨ ਦਾ ਇਸਲਾਮਾਬਾਦ ਵਿੱਚ ਦੂਜੇ ਗੇੜ ਦੀ ਗੱਲਬਾਤ ਤੋਂ ਇਨਕਾਰ

ਤਹਿਰਾਨ, 21 ਅਪ੍ਰੈਲ (ਪ.ਪ) : ਅਲ ਜਜ਼ੀਰਾ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਇਰਾਨ ਨੇ ਉਨ੍ਹਾਂ ਸਾਰੇ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਉਹ ਸ਼ਾਂਤੀ ਵਾਰਤਾ ਦੇ ਦੂਜੇ ਗੇੜ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੈ, ਜਦਕਿ ਅਮਰੀਕਾ ਨੇ ਕਿਹਾ ਹੈ ਕਿ ਇਹ ਗੱਲਬਾਤ ਭਲਕੇ ਮੰਗਲਵਾਰ ਨੂੰ ਹੋਣੀ ਤੈਅ ਹੈ।ਅਲ ਜਜ਼ੀਰਾ ਨੇ ਆਈ ਆਰ ਐੱਨ ਏ ਨਿਊਜ਼ ਏਜੰਸੀ ਦੇ ਹਵਾਲੇ ਨਾਲ ਦੱਸਿਆ ਹੈ ਕਿ ਇਰਾਨ ਨੇ ਅਮਰੀਕਾ ਦੀਆਂ ਨਾਜਾਇਜ਼ ਮੰਗਾਂ, ਗੈਰ-ਵਾਜਬ ਉਮੀਦਾਂ ਅਤੇ ਵਾਰ-ਵਾਰ ਬਦਲਦੇ ਰੁਖ ਦੀ ਸਖ਼ਤ ਨਿਖੇਧੀ ਕੀਤੀ ਹੈ। ਇਰਾਨ ਨੇ ਅਮਰੀਕਾ ਵੱਲੋਂ ਜਾਰੀ ਸਮੁੰਦਰੀ ਘੇਰਾਬੰਦੀ ਦੀ ਵੀ ਆਲੋਚਨਾ ਕੀਤੀ ਹੈ। ਇਰਾਨ ਮੁਤਾਬਕ ਇਹ ਘੇਰਾਬੰਦੀ ਜੰਗਬੰਦੀ ਦੇ ਸਮਝੌਤੇ ਦੀ ਸਿੱਧੀ ਉਲੰਘਣਾ ਹੈ।ਇਰਾਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸਲਾਮਾਬਾਦ ਵਿੱਚ ਹੋਣ ਵਾਲੀ ਦੂਜੇ ਗੇੜ ਦੀ ਗੱਲਬਾਤ ਬਾਰੇ ਛਪੀਆਂ ਖ਼ਬਰਾਂ ਸੱਚੀਆਂ ਨਹੀਂ ਹਨ। ਇਸ ਦੇ ਨਾਲ ਹੀ ਇਰਾਨ ਨੇ ਦੋਸ਼ ਲਾਇਆ ਕਿ ਅਮਰੀਕਾ ਵੱਲੋਂ ਫੈਲਾਈਆਂ ਜਾ ਰਹੀਆਂ ਇਹ ਖ਼ਬਰਾਂ ਮਹਿਜ਼ ਇੱਕ ਮੀਡੀਆ ਗੇਮ ਹਨ ਅਤੇ ਉਸ ਉੱਤੇ ਦਬਾਅ ਪਾਉਣ ਲਈ @ਦੋਸ਼ ਲਗਾਉਣ ਦੀ ਖੇਡ ਦਾ ਹਿੱਸਾ ਹਨ।ਉੱਥੇ ਹੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਐਤਵਾਰ ਨੂੰ ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਨੂੰ ਲੈ ਕੇ ਇਰਾਨ ਦੇ ਰਾਸ਼ਟਰਪਤੀ ਮਸੂਦ



ਪੇਜ਼ੇਸ਼ਕੀਅਨ ਨਾਲ ਟੈਲੀਫ਼ੋਨ 'ਤੇ ਗੱਲਬਾਤ ਕੀਤੀ, ਜਿਸ ਦੀ ਜਾਣਕਾਰੀ ਸ਼ਰੀਫ਼ ਨੇ ਐਕਸ @ਤੇ ਇੱਕ ਪੋਸਟ ਰਾਹੀਂ ਦਿੱਤੀ। ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਸਾਊਦੀ ਅਰਬ, ਕਤਰ ਅਤੇ ਤੁਰਕੀ ਦੇ ਆਗੂਆਂ ਨਾਲ ਹਾਲ ਹੀ ਵਿੱਚ ਹੋਈ ਆਪਣੀ ਗੱਲਬਾਤ ਦੇ ਵੇਰਵੇ ਸਾਂਝੇ ਕੀਤੇ ਹਨ।ਦੂਜੇ ਪਾਸੇ ਅਲ ਜਜ਼ੀਰਾ ਦੀ ਰਿਪੋਰਟ ਅਨੁਸਾਰ ਅਮਰੀਕੀ ਊਰਜਾ ਸਕੱਤਰ ਕ੍ਰਿਸ ਰਾਈਟ ਨੇ ਚੱਲ ਰਹੀਆਂ ਕੂਟਨੀਤਕ ਕੋਸ਼ਿਸ਼ਾਂ @ਤੇ ਭਰੋਸਾ ਜਤਾਇਆ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਸਮਝੌਤੇ ਤੋਂ ਬਹੁਤਾ ਦੂਰ ਨਹੀਂ ਹੈ, ਯਾਨੀ ਜਲਦ ਹੀ ਕੋਈ ਸਹਿਮਤੀ ਬਣ ਸਕਦੀ ਹੈ।

# ਸਮੁੰਦਰ ਰਸਤੇ 200 ਕਿਲੋ ਕੋਕੀਨ ਦੀ ਤਸਕਰੀ! ਆਸਟ੍ਰੇਲੀਆਈ ਵਿਅਕਤੀ ਗ੍ਰਿਫ਼ਤਾਰ

ਸਿਡਨੀ , 21 ਅਪ੍ਰੈਲ (ਪ.ਪ) : ਸਮੁੰਦਰ ਰਾਹੀਂ 200 ਕਿਲੋ ਕੋਕੀਨ ਦੀ ਤਸਕਰੀ ਕਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰਦਿਆਂ ਆਸਟ੍ਰੇਲੀਆਈ ਪੁਲਿਸ ਨੇ ਇੱਕ 41 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਵੱਡੀ ਕਾਰਵਾਈ ਫੈਡਰਲ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਿਊ ਸਾਊਥ ਵੇਲਜ਼ ਅਤੇ ਕਵੀਂਸਲੈਂਡ ਪੁਲਿਸ ਦੀ ਇੱਕ ਸਾਂਝੀ ਟਾਸਕ ਫੋਰਸ ਵੱਲੋਂ ਕੀਤੀ ਗਈ ਹੈ।ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਸਾਰੀ ਯੋਜਨਾ ਇੱਕ ਅਪਰਾਧਿਕ ਸਿੰਡੀਕੇਟ ਵੱਲੋਂ ਤਿਆਰ ਕੀਤੀ ਗਈ ਸੀ, ਜਿਸ ਦੇ ਸਬੰਧ ਆਊਟਲਾਅ ਮੋਟਰਸਾਈਕਲ ਗੈਂਗ ਨਾਲ ਦੱਸੇ ਜਾ ਰਹੇ ਹਨ। ਯੋਜਨਾ ਮੁਤਾਬਕ ਕੋਕੀਨ ਨੂੰ ਪਹਿਲਾਂ ਆਸਟ੍ਰੇਲੀਆਈ ਪਾਣੀਆਂ ਵਿੱਚ ਲਿਆਂਦਾ ਜਾਣਾ ਸੀ ਅਤੇ ਫਿਰ ਉੱਥੋਂ ਸਥਾਨਕ ਕਿਸ਼ਤੀਆਂ ਰਾਹੀਂ ਕਿਨਾਰੇ ਤੱਕ ਪਹੁੰਚਾਇਆ ਜਾਣਾ ਸੀ।ਪੁਲਿਸ ਨੇ



ਦੱਸਿਆ ਕਿ ਇਹ ਨਸ਼ੀਲਾ ਪਦਾਰਥ ਇੱਕ ਕੈਟਾਮਾਰਨ ਨਾਮਕ ਕਿਸ਼ਤੀ 'ਤੇ ਲੱਦਿਆ ਹੋਇਆ ਸੀ, ਜਿਸ ਨੂੰ ਵੀਰਵਾਰ ਨੂੰ ਰੋਕਿਆ ਗਿਆ। ਇਹ ਕਿਸ਼ਤੀ ਮੰਗਲਵਾਰ ਨੂੰ ਨਿਊ ਸਾਊਥ ਵੇਲਜ਼ ਦੀ ਟਵੀਡ ਰਿਵਰ ਤੋਂ ਨਸ਼ੀਲੇ ਪਦਾਰਥ ਲੈਣ ਲਈ ਰਵਾਨਾ ਹੋਈ ਸੀ ਅਤੇ ਵਾਪਸੀ 'ਤੇ ਪੁਲਿਸ ਦੇ ਅੜਿੱਕੇ ਚੜ੍ਹ ਗਈ। ਨਸ਼ੀਲੇ ਪਦਾਰਥਾਂ ਤੋਂ ਇਲਾਵਾ ਪੁਲਿਸ ਨੇ ਕਿਸ਼ਤੀ ਵਿੱਚੋਂ 1,00,000 ਆਸਟ੍ਰੇਲੀਆਈ ਡਾਲਰ (ਲਗਭਗ 71,500 ਅਮਰੀਕੀ ਡਾਲਰ) ਦੀ ਨਕਦੀ ਵੀ ਬਰਾਮਦ ਕੀਤੀ ਹੈ।

# ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਵਾਰ ਹਥਿਆਰ ਬਰਾਮਦ ਕਰੇਗਾ ਜਾਪਾਨ ! ਚੀਨ ਨੂੰ ਪਈ ਟੈਂਸ਼ਨ

ਜਾਪਾਨ, 21 ਅਪ੍ਰੈਲ (ਪ.ਪ) : ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸ਼ਾਂਤੀਵਾਦੀ ਨੀਤੀ ਅਪਣਾਉਣ ਵਾਲਾ ਜਾਪਾਨ ਹੁਣ ਆਪਣੀ ਰੱਖਿਆ ਨੀਤੀ ਵਿਚ ਵੱਡਾ ਬਦਲਾਅ ਕਰ ਰਿਹਾ ਹੈ। ਸਰਕਾਰ ਨੇ ਹਥਿਆਰਾਂ ਦੀ ਬਰਾਮਦ ਦੇ ਨਿਯਮਾਂ ਵਿਚ ਢਿੱਲ ਦੇਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਉਹ ਵਿਸ਼ਵ ਪੱਧਰੀ ਡਿਫੈਂਸ ਮਾਰਕੀਟ ਵਿਚ ਉਤਰਨ ਦੀ ਤਿਆਰੀ ਕਰ ਰਿਹਾ ਹੈ।ਲੱਗਭਗ 80 ਸਾਲਾਂ ਤੱਕ ਜਾਪਾਨ ਹਥਿਆਰਾਂ ਦੀ ਬਰਾਮਦ ਤੋਂ ਦੂਰ ਰਿਹਾ ਪਰ ਹੁਣ ਬਦਲਦੇ ਗਲੋਬਲ ਹਾਲਾਤ ਕਾਰਨ ਉਸ ਨੇ ਆਪਣਾ ਰੁਖ਼ ਬਦਲ ਲਿਆ ਹੈ। ਰੂਸ-ਯੂਕ੍ਰੇਨ ਜੰਗ ਅਤੇ ਪੱਛਮੀ ਏਸ਼ੀਆ ਦੇ ਤਣਾਅ ਕਾਰਨ ਹਥਿਆਰਾਂ ਦੀ ਮੰਗ ਵਧੀ ਹੈ, ਜਿਸ ਕਰ ਕੇ ਕਈ ਦੇਸ਼ ਜਾਪਾਨ ਵੱਲ ਦੇਖ ਰਹੇ ਹਨ।ਜਾਪਾਨ ਦਾ ਰੱਖਿਆ ਬਜਟ ਵੀ ਤੇਜ਼ੀ ਨਾਲ ਵਧ ਕੇ 60 ਅਰਬ ਡਾਲਰ ਤੱਕ ਪਹੁੰਚ ਗਿਆ ਹੈ। ਦੇਸ਼ ਦੀਆਂ ਕੰਪਨੀਆਂ ਹੁਣ ਬਰਾਮਦ ਵਧਾਉਣ ਲਈ ਨਵੀਆਂ ਇਕਾਈਆਂ ਬਣਾ ਰਹੀਆਂ ਹਨ ਅਤੇ ਆਪਣੇ ਆਪ੍ਰੇਸ਼ਨ ਦਾ ਵਿਸਤਾਰ ਕਰ ਰਹੀਆਂ ਹਨ। ਫਿਲੀਪੀਨਜ਼ ਤੇ ਪੋਲੈਂਡ ਵਰਗੇ ਦੇਸ਼ ਜਾਪਾਨ ਨਾਲ ਰੱਖਿਆ ਸਹਿਯੋਗ ਵਧਾਉਣ ਵਿਚ ਦਿਲਚਸਪੀ ਦਿਖਾ ਰਹੇ ਹਨ। ਦੂਜੇ ਪਾਸੇ ਜਾਪਾਨ ਦੀ ਇਸ ਨਵੀਂ ਨੀਤੀ ਤੋਂ ਚੀਨ ਫਿਕਰਮੰਦ ਹੈ ਅਤੇ ਉਸ ਨੇ ਖੇਤਰੀ ਸੰਤੁਲਨ ਵਿਗੜਨ ਦਾ ਖਦਸ਼ਾ ਪ੍ਰਗਟ ਕੀਤਾ ਹੈ।

Printed & Published by Amritpal Singh Printed at I.G. Printers, Pvt Ltd 104, DSIDC, Complex Okhla Industrial Area Phase-I New Delhi-110020 Keepr Jagpal Singh Published at office Daily Educator, 104 DSIDC, Okhla Industrial Area Phase-I, New Delhi .Owner : Jagjit Singh Dardi, Editor Harpreet Singh, PRGI (RNI) Regd. N0.42998/1985

ਅੰਮ੍ਰਿਤਪਾਲ ਸਿੰਘ ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਐਜੂਕੇਟਰ, ਆਈ.ਜੀ. ਪ੍ਰਿੰਟਰਜ਼ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ. ਡੀ. ਸੀ. ਕੰਪਲੈਕਸ, ਓਖਲਾ ਇੰਡਸਟਰੀਅਲ ਏਰੀਆ ਫੇਜ਼-1 ਨਵੀਂ ਦਿੱਲੀ-110020 ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਐਜੂਕੇਟਰ 104, ਡੀ.ਐਸ.ਆਈ.ਡੀ.ਸੀ. ਓਖਲਾ ਇੰਡਸਟਰੀਅਲ ਏਰੀਆ, ਫੇਜ਼-1 ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ। (ਮਾਲਕ ਜਗਜੀਤ ਸਿੰਘ ਦਰਦੀ), ਐਡੀਟਰ ਹਰਪ੍ਰੀਤ ਸਿੰਘ, PRGI (RNI) Regd. N0.42998/1985

# ਈਸ਼ਾ ਗੁਪਤਾ ਨੇ ਆਪਣਾ ਕੈਰੀਅਰ ਦੀ ਸ਼ੁਰੂਆਤ ਫ਼ੇਮਿਨਾ ਮਿਸ ਇੰਡੀਆ ਦੇ ਮੁਕਾਬਲੇ ਨਾਲ ਕੀਤੀ

ਈਸ਼ਾ ਗੁਪਤਾ (ਜਨਮ 28 ਨਵੰਬਰ 1985) ਇੱਕ ਭਾਰਤੀ ਫ਼ਿਲਮ ਅਭਿਨੇਤਰੀ, ਮਾਡਲ ਹੈ ਅਤੇ 2007 ਵਿੱਚ ਇਸਨੇ ਮਿਸ ਇੰਡੀਆ ਇੰਟਰਨੈਸ਼ਨਲ ਦਾ ਖ਼ਿਤਾਬ ਜਿੱਤਿਆ। ਇਸਨੇ ਆਪਣਾ ਕੈਰੀਅਰ ਬਾਲੀਵੁੱਡ ਫ਼ਿਲਮਾਂ ਵਿੱਚ ਬਤੌਰ ਅਦਾਕਾਰਾ ਬਣਾਇਆ ਗੁਪਤਾ ਨੇ 2007 ਵਿੱਚ ਫ਼ੇਮਿਨਾ ਮਿਸ ਇੰਡੀਆ ਦੇ ਮੁਕਾਬਲੇ ਵਿੱਚ ਹਿੱਸਾ ਲਿਆ, ਜਿੱਥੇ ਇਸਨੇ ਤੀਜਾ ਸਥਾਨ ਹਾਸਿਲ ਕੀਤਾ ਅਤੇ ਮਿਸ ਇੰਡੀਆ ਇੰਟਰਨੈਸ਼ਨਲ ਦਾ ਖ਼ਿਤਾਬ ਜਿੱਤਿਆ, ਅਤੇ ਬਾਅਦ ਵਿੱਚ ਭਾਰਤ ਦੀ ਨੁਮਾਇੰਦਗੀ ਮਿਸ ਇੰਟਰਨੈਸ਼ਨਲ ਮੁਕਾਬਲੇ ਵਿੱਚ ਕੀਤੀ। ਇਸਨੂੰ ਛੇਤੀ ਬਾਅਦ ਹੀ ਫ਼ਿਲਮਾਂ ਦੇ ਪ੍ਰਸਤਾਵ ਆਉਣ ਲੱਗੇ ਅਤੇ 2012 ਵਿੱਚ ਆਪਣਾ ਫ਼ਿਲਮੀ ਕੈਰੀਅਰ ਵਿੱਚ ਫ਼ਿਲਮ ਜੰਨਤ 2 ਤੋਂ ਸ਼ੁਰੂ ਕੀਤਾ ਅਤੇ ਫਿਲਮਫੇਅਰ ਸਭ ਤੋਂ ਵਧੀਆ ਨਵੀਂ ਅਦਾਕਾਰਾ ਦੇ ਇਨਾਮ ਲਈ ਨਾਮਜ਼ਦ ਕੀਤਾ। ਈਸ਼ਾ ਗੁਪਤਾ ਨੇ ਇਸ ਤੋਂ ਬਾਅਦ 2012 ਦੀ ਸਿਆਸੀ ਡਰਾਮਾ ਫ਼ਿਲਮ ਚੱਕਰਵਯੂ ਵਿੱਚ ਆਪਣੀ ਭੂਮਿਕਾ ਲਈ ਸ਼ਲਾਘਾ ਪ੍ਰਾਪਤ ਕੀਤੀ ਪਰ ਕਾਮੇਡੀ ਫ਼ਿਲਮ ਹਮਸ਼ਕਲਸ (2014) ਲਈ ਇਸਨੂੰ ਬਹੁਤ ਨਕਾਰਾਤਮਕ ਰੀਵਿਊ ਮਿਲੇ। ਇਸਨੂੰ ਵੱਡੀ ਵਪਾਰਕ ਸਫਲਤਾ ਭੂਤਿਆ ਫ਼ਿਲਮ ਰਾਜ਼ 3ਡੀ (2012) ਅਤੇ ਰੁਸਤਮ (2016) ਵਿੱਚ ਕੰਮ ਕਰਨ ਤੋਂ ਬਾਅਦ ਮਿਲੀ। ਗੁਪਤਾ ਦਾ ਜਨਮ 28 ਨਵੰਬਰ 1985 ਨੂੰ, ਦਿੱਲੀ ਵਿੱਚ ਹੋਇਆ। ਇਸਦਾ ਪਿਤਾ ਨੂੰ ਇੱਕ ਸੇਵਾਮੁਕਤ ਏਅਰ ਫੋਰਸ ਅਫ਼ਸਰ ਅਤੇ ਇਸਦੀ ਮਾਤਾ ਇੱਕ ਘਰੇਲੂ ਪਤਨੀ ਹੈ। ਇਸਦੀ ਇੱਕ ਭੈਣ ਹੈ ਜਿਸਦਾ ਨਾਂ ਨੇਹਾ ਹੈ। ਇਸਨੇ ਮਾਸ ਕੰਮਯੂਕੇਸ਼ਨ ਵਿੱਚ ਪੜ੍ਹਾਈ, ਮਣੀਪਾਲ ਇੰਸਟੀਚਿਊਟ ਆਫ਼ ਕੰਮਯੂਕੇਸ਼ਨ ਮਣੀਪਾਲ ਯੂਨੀਵਰਸਿਟੀ, ਕਰਨਾਟਕ ਤੋਂ ਪੂਰੀ ਕੀਤੀ ਅਤੇ ਬਾਅਦ ਵਿੱਚ ਇਸਨੇ ਫੇਮਿਨਾ ਮਿਸ ਇੰਡੀਆ ਲਈ ਔਡੀਸ਼ਨ ਦਿੱਤਾ ਅਤੇ ਇਸਨੂੰ ਨ$ਯੂਕੈਸਲ ਯੂਨੀਵਰਸਿਟੀ ਵਲੋਂ ਇੱਕ ਸਕਾਲਰਸ਼ਿਪ ਵੀ ਮਿਲੀ ਪਰ ਇਸਨੇ ਬਾਲੀਵੁੱਡ ਵਿੱਚ ਆਪਣਾ ਕੈਰੀਅਰ ਬਣਾਇਆ ਗੁਪਤਾ ਨੇ 2007 ਵਿੱਚ ਫੇਮਿਨਾ ਮਿਸ ਇੰਡੀਆ ਵਿੱਚ ਹਿੱਸਾ ਲਿਆ, ਜਿੱਥੇ ਇਸਨੇ ਮਿਸ ਫੋਟੋਜੈਨਿਕ ਦਾ ਖ਼ਿਤਾਬ ਹਾਸਿਲ ਕੀਤਾ ਅਤੇ ਮਿਸ ਇੰਡੀਆ ਇੰਟਰਨੈਸ਼ਨਲ ਮੁਕਾਬਲਾ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਇਸਨੂੰ 2010 ਵਿੱਚ ਕਿੰਗਫਿਸ਼ਰ ਕੈਲੰਡਰ ਦਾ ਮੁਹਾਂਦਰਾ ਦਿੱਤਾ ਗਿਆ। ਗੁਪਤਾ ਨੇ ਆਪਣੇ



ਬਾਲੀਵੁੱਡ ਦੀ ਸ਼ੁਰੂਆਤ ਮਹੇਸ਼ ਭੱਟ ਦੀ ਫ਼ਿਲਮ ਜੰਨਤ 2 ਤੋਂ ਇਮਰਾਨ ਹਾਸ਼ਮੀ ਦੇ ਨਾਲ ਮੁੱਖ ਕਿਰਦਾਰ ਨਿਭਾ ਕੇ ਕੀਤੀ। ਗੁਪਤਾ ਨੇ ਤਾਤੀਨੇਨੀ ਸੱਤਿਆ ਦੀ ਤਾਮਿਲ/ ਤੇਲਗੂ ਭਾਸ਼ੀ ਫ਼ਿਲਮ ਵਿੱਚ ਸਚਿਨ ਜੇ ਜੋਸ਼ੀ ਨਾਲ ਵੀ ਕੰਮ ਕੀਤਾ। ਉਸ ਦੇ ਪਹਿਲੇ ਪ੍ਰਦਰਸ਼ਨ ਲਈ, ਬਾਲੀਵੁੱਡ ਹੰਗਾਮਾ ਦੇ ਤਰਨ ਆਦਰਸ਼ ਨੇ ਕਿਹਾ, ਨਿਰਦੇਸ਼ਕ ਈਸ਼ਾ ਗੁਪਤਾ ਤੁਹਾਨੂੰ ਆਪਣੇ ਮਨਮੋਹਕ ਸੁਹਜ ਨਾਲ ਲੁਭਾਉਂਦੀ ਹੈ। ਉਹ ਸਥਾਨਾਂ ਤੇ ਇੱਕ ਛੋਟੀ ਜਿਹੀ ਅਪਵਿੱਤਰ ਦਿਖਾਈ ਦਿੰਦੀ ਹੈ, ਫਿਰ ਵੀ ਉਹ ਆਪਣੇ ਹਿੱਸੇ ਨੂੰ ਦ੍ਰਿੜਤਾ ਨਾਲ ਸੰਭਾਲਦੀ ਹੈ।' ਗਲੈਮ ਸ਼ਾਮ ਦੇ ਮਾਰਟਿਨ ਡਿਸੂਜ਼ਾ ਨੇ ਲਿਖਿਆ। , ਜਿਵੇਂ ਕਿ ਡੈਬਿਊ ਕਰਨ ਵਾਲੀ, ਈਸ਼ਾ ਗੁਪਤਾ ਲਈ, ਮੇਰਾ ਅੰਦਾਜ਼ਾ ਹੈ ਕਿ ਉਸਨੂੰ ਆਪਣੇ ਆਪ ਨੂੰ ਇੱਕ ਐਕਟਿੰਗ ਸਕੂਲ ਵਿੱਚ ਦਾਖਲ ਕਰਵਾਉਣਾ ਪੈ ਸਕਦਾ ਹੈ।' ਗੌਰਵ ਮਲਾਨੀ ਨੇ ਕਿਹਾ, ਈਸ਼ਾ ਗੁਪਤਾ, ਜੋ ਕਿ ਲਾਰਾ ਦੱਤਾ ਅਤੇ ਈਸ਼ਾ ਕੋਪੀਕਰ ਦੇ ਵਿਚਕਾਰ ਇੱਕ ਮਿਸ਼ਰਣ ਦਿਖਾਈ ਦਿੰਦੀ ਹੈ, ਸਿਰਫ਼ ਇਸ ਲਈ ਹੈ। ਬੌਲੀਵੁੱਡਲਾਈਫ ਦੀ ਆਸ਼ਾ ਮਹਾਦੇਵਨ ਨੇ ਕਿਹਾ, ਇੱਥੋਂ ਤੱਕ ਕਿ ਈਸ਼ਾ ਗੁਪਤਾ ਕੁਝ ਹੱਦ ਤੱਕ ਯਕੀਨ ਨਾਲ ਰੋਣ ਦਾ ਪ੍ਰਬੰਧ ਕਰਦੀ ਹੈ ਪਰ ਫਿਰ ਉਸਦੇ ਲਈ ਸ਼ਾਇਦ ਹੀ ਕੁਝ ਹੋਵੇ। ਉਸਦੀ ਭੂਮਿਕਾ ਸਿਰਫ ਸੈਕਸੀ ਦਿਖਣ ਤੱਕ ਸੀਮਿਤ ਹੈ ਅਤੇ ਉਹ ਇਸਨੂੰ ਚੰਗੀ ਤਰ੍ਹਾਂ ਨਿਭਾਉਂਦੀ ਹੈ।' ਫਿਲਮ ਬਾਕਸ ਆਫਿਸ 'ਤੇ ਸਫਲ ਰਹੀ, ਜਿਸ ਨੇ ਘਰੇਲੂ ਤੌਰ 'ਤੇ_ 430 ਮਿਲੀਅਨ ਮਿਲੀਅਨ) ਦੀ ਕਮਾਈ ਕੀਤੀ ਅਤੇ ਇਸ ਤਰ੍ਹਾਂ ਗੁਪਤਾ ਲਈ ਹੋਰ ਮਾਨਤਾ ਪ੍ਰਾਪਤ ਕੀਤੀ। ਬਾਅਦ ਵਿੱਚ, ਗੁਪਤਾ ਨੇ ਆਪਣੇ ਜੰਨਤ 2 ਸਹਿ-ਸਟਾਰ ਇਮਰਾਨ ਹਾਸ਼ਮੀ ਅਤੇ ਬਿਪਾਸ਼ਾ ਬਾਸੂ ਦੇ ਨਾਲ ਵਿਕਰਮ ਭੱਟ ਦੀ ਰਾਜ਼ 34 ਸਾਈਨ ਕੀਤੀ, ਗੁਪਤਾ ਨੂੰ ਉਸਦੀ ਅਦਾਕਾਰੀ ਦੇ ਹੁਨਰ ਲਈ ਆਲੋਚਕਾਂ ਤੋਂ ਮਿਸ਼ਰਤ ਸਮੀਖਿਆਵਾਂ ਪ੍ਰਾਪਤ ਹੋਈਆਂ, ਫਿਲਮ ਆਲੋਚਕ ਕੋਮਲ ਨਾਹਟਾ ਨੇ ਨੋਟ ਕੀਤਾ, 'ਈਸ਼ਾ ਗੁਪਤਾ ਸੰਜਨਾ ਵਾਂਗ ਸਖਤ ਹੈ ਪਰ ਬਹੁਤ ਵਧੀਆ ਕਰਦੀ ਹੈ। ਅੰਤ ਵੱਲ (ਜਦੋਂ ਉਹ ਲਗਭਗ ਨਿਡਰ ਹੋ ਜਾਂਦੀ ਹੈ)' ਇੰਡੀਆ ਟੂਡੇ ਨੇ ਲਿਖਿਆ, 'ਬਿਪਾਸ਼ਾ ਅਤੇ ਈਸ਼ਾ ਦੋਵਾਂ ਨੂੰ ਲੁੱਟ-ਖਸੁੱਟ ਦਾ ਪ੍ਰਦਰਸ਼ਨ ਕਰਨ ਲਈ ਖੁੱਲ੍ਹੀ ਗੁੰਜਾਇਸ਼ ਮਿਲਦੀ ਹੈ। ਭੱਟ ਦੀ ਇੱਕ ਫਿਲਮ ਜਿੱਥੇ ਹੀਰੋਇਨਾਂ ਦਾ ਪ੍ਰਦਰਸ਼ਨ ਨਹੀਂ ਹੁੰਦਾ, ਇਹ ਕਲਪਨਾਯੋਗ ਨਹੀਂ ਹੈ, ਆਖ਼ਰਕਾਰ, ਬਿਪਾਸ਼ਾ ਆਪਣੀ ਅਭਿਨੇਤਰੀ ਭੂਮਿਕਾ ਵਿੱਚ ਹੌਟ ਦਿਖਾਈ ਦਿੰਦੀ ਹੈ ਪਰ ਈਸ਼ਾ ਕੁਝ ਕੱਚੇ ਕਿਨਾਰਿਆਂ ਨੂੰ ਪ੍ਰਗਟ ਕਰਦੀ ਹੈ। ਰਾਜ਼ 3' ਨੇ ਆਪਣੀ ਰਿਲੀਜ਼ ਦੇ ਪਹਿਲੇ ਤਿੰਨ ਦਿਨਾਂ ਦੇ ਅੰਦਰ 360 ਮਿਲੀਅਨ ਦੇ ਨੇੜੇ ਕਲੈਕਸ਼ਨ ਦੇ ਨਾਲ ਬਾਕਸ ਆਫਿਸ 'ਤੇ ਵਧੀਆ ਪ੍ਰਦਰਸ਼ਨ ਕੀਤਾ। 2014 ਵਿੱਚ, ਈਸ਼ਾ ਨੂੰ ਸਾਜਿਦ ਖਾਨ ਦੀ ਕਾਮਿਕ ਕੇਪਰ ਹਮਸ਼ਕਲਸ ਵਿੱਚ ਸੈਫ ਅਲੀ ਖਾਨ, ਰਿਤੇਸ਼ ਦੇਸ਼ਮੁਖ, ਰਾਮ ਕਪੂਰ, ਬਿਪਾਸ਼ਾ ਬਾਸੂ ਅਤੇ ਤਮੰਨਾ ਦੇ ਨਾਲ ਦੇਖਿਆ ਗਿਆ ਸੀ। ਬਾਕਸ ਆਫਿਸ ਇੰਡੀਆ ਨੇ ਇਸਨੂੰ ਆਫਤ ਘੋਸ਼ਿਤ ਕੀਤਾ। 2013 ਦੀਆਂ ਟਾਈਮਜ਼ '50 ਸਭ ਤੋਂ ਮਨਭਾਉਂਦੀਆਂ ਔਰਤਾਂ ਲਈ ਉਸ ਨੂੰ 8ਵੇਂ ਸਥਾਨ 'ਤੇ ਰੱਖਿਆ ਗਿਆ ਸੀ। 2017 ਵਿੱਚ, ਉਸਨੇ ਐਕਸ਼ਨ ਫਿਲਮ ਕਮਾਂਡੋ 2 ਵਿੱਚ ਮੁੱਖ ਵਿਰੋਧੀ ਦੀ ਭੂਮਿਕਾ ਨਿਭਾਈ, ਜੋ ਇੱਕ ਮੱਧਮ ਬਾਕਸ-ਆਫਿਸ ਸਫਲਤਾ ਸੀ। 2019 ਵਿੱਚ, ਉਸਨੇ ਕਾਮੇਡੀ ਫਿਲਮ ਟੋਟਲ ਧਮਾਲ ਵਿੱਚ ਇੱਕ ਸਹਾਇਕ ਕਿਰਦਾਰ ਨਿਭਾਇਆ। ਫਿਲਮ ਨੇ ਰਿਲੀਜ਼ ਦੇ ਬਾਰਾਂ ਦਿਨਾਂ ਵਿੱਚ ਦੁਨੀਆ ਭਰ ਵਿੱਚ_ 200 ਕਰੋੜ ਦੀ ਕਮਾਈ ਕੀਤੀ, ਅਤੇ ਇਹ 2019 ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਬਾਲੀਵੁੱਡ ਫਿਲਮਾਂ ਵਿੱਚੋਂ ਇੱਕ ਸੀ। ਉਹ ਵਰਤਮਾਨ ਵਿੱਚ TO128 ਐਂਟਰਟੇਨਮੈਂਟ ਦੁਆਰਾ ਪ੍ਰਬੰਧਿਤ ਹੈ।